I N T E R N A T I O N A L

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI

EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.30 / No.38
4 October, 2024
੧੯ ਅੱਸੂ ਨਾਨਕਸ਼ਾਹੀ ਸੰਮਤ ੫੫੬

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W


ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928
128St. Surrey BC V3W 4E8

## 10 ਅਕਤੂਬਰ - ਕੌਮਾਂਤਰੀ ਮਾਨਸਿਕ ਸਿਹਤ ਦਿਵਸ




ਸਰੀ, (ਏਕਜੋਤ ਸਿੰਘ): ਹਰ ਸਾਲ 10 ਅਕਤੂਬਰ ਨੂੰ ਲੋਕਾਂ ਨੂੰ ਮਾਨਸਿਕ ਬੀਮਾਰੀਆਂ ਅਤੇ ਇਨ੍ਹਾਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਹਿਤ ਸੰਸਾਰ ਭਰ ਵਿੱਚ ਕੌਮਾਂਤਰੀ ਮਾਨਸਿਕ ਸਿਹਤ ਦਿਵਸ ਮਨਾਇਆ ਜਾਂਦਾ ਹੈ। ਸਾਲ 1992 ਵਿੱਚ ਪਹਿਲੀ ਵਾਰ ਇਹ ਦਿਹਾੜਾ ਸੰਸਾਰ ਪੱਧਰ 'ਤੇ 'ਵਰਲਡ ਫੈਡਰੇਸ਼ਨ ਫਾਰ ਮੈਂਟਲ ਹੈਲਥ'' ਮਨਾਇਆ ਗਿਆ ਸੀ। ਦੁਨੀਆ ਭਰ ਦੇ ਦੇਸ਼ਾਂ ਵਿਚ ਰਹਿਣ-ਸਹਿਣ ਦੀਆਂ ਵੱਧ ਰਹੀਆਂ ਲਾਗਤਾਂ ਦੇ ਚਲਦੇ ਮਾਨਸਿਕ ਤਣਾਓ ਸਬੰਧੀ ਬਿਮਾਰੀਆਂ 'ਚ ਵਾਧਾ ਹੋ ਰਿਹਾ ਹੈ। ਕੈਨੇਡਾ ਦੀ ਗੱਲ ਕਰੀਏ ਤਾਂ ਇਥੇ ਨੌਜਵਾਨਾਂ 'ਤੇ ਕੰਮ ਦਾ ਦਬਾਅ, ਮਹਿੰਗਾਈ ਅਤੇ ਹੋਰ ਰਹਿਣ-ਸਹਿਣ ਦੀਆਂ ਉੱਚ ਕੀਮਤਾਂ ਦੇ ਕਾਰਨ ਮਾਨਸਿਕ ਤਣਾਓ ਬਹੁਤ ਜ਼ਿਆਦਾ ਤੇਜ਼ੀ ਨਾਲ ਵਧ ਰਿਹਾ ਹੈ। ਇੱਕ ਰਿਪੋਰਟ ਅਨੁਸਾਰ ਹਰ 5 ਵਿਚੋਂ 1 ਕੈਨੇਡੀਅਨ ਮਾਨਸਿਕ ਤਣਾਓ ਸਬੰਧੀ ਬਿਮਾਰੀ ਦੇ ਦੌਰ 'ਚੋਂ ਲੰਘ ਰਿਹਾ ਹੈ ਅਤੇ ਇਹ ਅੰਕੜੇ 40 ਸਾਲ ਦੀ ਉਮਰ ਦੇ ਨੌਜਵਾਨਾਂ 'ਤੇ ਵੇਖੇ ਜਾਣ ਤਾਂ ਹਰ 2 ਵਿਚੋਂ 1 ਕੈਨੇਡੀਅਨ ਮਾਨਸਿਕ ਤਣਾਓ ਮਹਿਸੂਸ ਕਰ ਰਿਹਾ ਹੈ। ਜਾਣਕਾਰੀ ਅਨੁਸਾਰ ਮਾਨਸਿਕ ਰੋਗ ਸਿਹਤ

☛ ਬਾਕੀ ਸਫ਼ਾ 14 'ਤੇ

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ਼ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਉਟ ਹਾਲ ਦੇ ਹੇਠਾਂ

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ਼ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ - ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ - ਘਰਾਂ ਦੀ ਖਰੀਦੋ-ਫਰੋਖਤ
#102-9278, 120th Street
Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |

**ਸਮਾਪਤੀ**

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |

ਸਮਾਪਤੀ

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ
ਤੱਕ ਕੀਤਾ ਜਾਂਦਾ ਹੈ।

- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਤਿੰਨ ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ :
  1. ਭਾਈ ਨਛੱਤਰ ਸਿੰਘ ਪਰਿਵਾਰ ਵੱਲੋਂ  2. ਨਗਰ ਛਾਪਾ ਜ਼ਿਲ੍ਹਾ ਬਰਨਾਲਾ ਦੀ ਸੰਗਤ ਵੱਲੋਂ
  3. ਭਾਈ ਬਲਵਿੰਦਰ ਸਿੰਘ ਪਰਿਵਾਰ ਵੱਲੋਂ
- ਇਹਨਾਂ ਅਖੰਡ ਪਾਠਾਂ ਦੇ ਆਰੰਭਤਾ ਦਿਨ ਸ਼ੁੱਕਰਵਾਰ ਅਕਤੂਬਰ 4 ਨੂੰ ਸਵੇਰੇ 9:30 ਵਜੇ ਹੋਵੇਗੀ ਅਤੇ ਭੋਗ ਦਿਨ ਐਤਵਾਰ ਅਕਤੂਬਰ 6 ਨੂੰ ਸਵੇਰੇ 9:30 ਵਜੇ ਪਾਏ ਜਾਣਗੇ। ਉਪਰੰਤ ਖੁੱਲੇ ਦੀਵਾਨ ਸਜਾਏ ਜਾਣਗੇ ਅਤੇ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਅੰਤਿਮ ਸੰਸਕਾਰ ਸਵ: ਬੀਬੀ ਬਲਵਿੰਦਰ ਕੌਰ ਖੋਸਾ ਦਾ 2:00 ਵਜੇ ਵੈਲੀ ਵਿਊ ਸਰੀ ਵਿਖੇ ਹੋਵੇਗਾ ਉਪਰੰਤ ਭੋਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ 30:30 ਵਜੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਅੰਤਿਮ ਸੰਸਕਾਰ ਸਵ: ਭਾਈ ਅਜਮੇਰ ਸਿੰਘ ਦਾ 2:30 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 4:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਸਨਿਚਰਵਾਰ 5 ਅਕਤੂਬਰ ਨੂੰ ਸ਼ਾਮ ਦੇ ਕੀਰਤਨ ਤੇ ਲੰਗਰਾਂ ਦੀ ਸੇਵਾ ਭਾਈ ਮਨਜਿੰਦਰ ਸਿੰਘ ਕੰਦੋਲਾ ਪਰਿਵਾਰ ਵੱਲੋਂ ਹੋਵੇਗੀ।
- ਐਤਵਾਰ 6 ਅਕਤੂਬਰ ਨੂੰ ਸਵ: ਬੀਬੀ ਗੁਰਮੀਤ ਕੌਰ ਸੰਘਾ ਦਾ ਅੰਤਿਮ ਸੰਸਕਾਰ 3:00 ਵਜੇ ਰਿਵਰਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ 4:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਸੋਮਵਾਰ 7 ਅਕਤੂਬਰ ਨੂੰ ਅਨੰਦ ਕਾਰਜ ਕਾਕਾ ਸੁਖਰਾਜ ਸਿੰਘ ਦਾ ਹੋਵੇਗਾ।
- ਅਕਤੂਬਰ 8 ਨੂੰ ਅੰਤਿਮ ਸੰਸਕਾਰ 2:30 ਵਜੇ ਸਵ: ਬੀਬੀ ਗੁਰਚਰਨ ਕੌਰ ਸੈਣੀ ਦਾ ਰੀਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ ਸ੍ਰੀ ਗੁਰੂ ਸਿੰਘ ਸਭਾ ਵਿਖੇ 4:00 ਵਜੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਅਕਤੂਬਰ 9:00 ਨੂੰ ਅਨੰਦ ਕਾਰਜ ਕਾਕਾ ਹਰਪ੍ਰੀਤ ਸਿੰਘ ਦਾ ਹੋਵੇਗਾ।
- ਅਕਤੂਬਰ 10 ਵੀਰਵਾਰ ਨੂੰ ਆਨੰਦ ਕਾਰਜ ਬੱਚੀ ਕਮਲਜੀਤ ਕੌਰ ਅਤੇ ਕਾਕਾ ਜਸਕਰਨ ਸਿੰਘ ਦਾ ਹੋਵੇਗਾ।

ਰਾਗੀ ਜੱਥਾ : ਰਾਗੀ ਜਥੇ ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
ਭਾਈ ਸੁਰਿੰਦਰ ਸਿੰਘ ਦਿੱਲੀ ਵਾਲੇ
ਕਥਾਵਾਚਕ : ਭਾਈ ਨਿਸ਼ਾਨ ਸਿੰਘ
ਢਾਡੀ ਜਥਾ : ਭਾਈ ਗੁਰਭੇਜ ਸਿੰਘ ਜੌਹਲ

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਕੰਜ਼ਰਵੇਟਿਵਜ਼ ਪਾਰਟੀ ਵੱਲੋਂ ਲਿਬਰਲ ਸਰਕਾਰ ਵਿਰੁੱਧ ਲਿਆਂਦਾ ਗਿਆ ਦੂਜਾ ਮਤਾ ਵੀ ਰਿਹਾ ਅਸਫ਼ਲ





ਸਰੀ, (ਏਕਜੋਤ ਸਿੰਘ): ਕੈਨੇਡਾ ਵਿੱਚ ਕੰਜ਼ਰਵੇਟਿਵਜ਼ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਸਰਕਾਰ ਨੂੰ ਡੇਗਣ ਲਈ ਕੀਤੀ ਦੂਜੀ ਕੋਸ਼ਿਸ਼ ਵੀ ਅਸਫਲ ਹੋ ਗਈ ਹੈ। ਐਨ.ਡੀ.ਪੀ. ਅਤੇ ਬਲੌਕ ਕਿਊਬਵਾ ਵੱਲੋਂ ਇਸ ਮਤੇ ਦੇ ਵਿਰੋਧ 'ਚ ਵੋਟ ਪਾਈ ਗਈ। 207 ਸੰਸਦ ਮੈਂਬਰਾਂ ਨੇ ਇਸ ਪ੍ਰਸਤਾਵ ਵਿਰੁੱਧ ਵੋਟ ਪਾਈ ਜਦਕਿ 120 ਨੇ ਇਸਨੂੰ ਸਮਰਥਨ ਦਿੱਤਾ।

ਇਸ ਵਾਰ ਦੀ ਮੋਸ਼ਨ 'ਚ ਕੰਜ਼ਰਵੇਟਿਵਜ਼ ਨੇ ਟਰੂਡੋ ਸਰਕਾਰ ਦੇ ਆਰਥਿਕ ਅਤੇ ਸਮਾਜਕ ਨੀਤੀਆਂ ਦੀ ਤਿੱਖੀ ਆਲੋਚਨਾ ਕੀਤੀ ਸੀ, ਖ਼ਾਸ ਕਰਕੇ ਉੱਚ ਮੰਹਗਾਈ, ਘਰਾਂ ਦੀ ਕੀਮਤਾਂ ਅਤੇ ਸਥਿਤੀ ਨੂੰ ਨਿਯੰਤਰਿਤ ਕਰਨ ਵਿੱਚ ਸਰਕਾਰ ਦੀ ਅਸਫਲਤਾ ਤੇ ਚਰਚਾ ਕੀਤੀ ਗਈ ਸੀ। ਉਹਨਾਂ ਦਾ ਦਲੀਲ ਸੀ ਕਿ ਕੈਨੇਡਾ ਦੇ ਆਮ ਲੋਕ, ਖ਼ਾਸ ਕਰਕੇ ਮੱਧ ਵਰਗ ਅਤੇ ਨੌਜਵਾਨ, ਇਸ ਸਮੇਂ ਆਰਥਿਕ ਤੰਗੀ ਦਾ ਸਾਮਨਾ ਕਰ ਰਹੇ ਹਨ ਅਤੇ ਸਰਕਾਰ ਇਸ ਮੁੱਦੇ ਨੂੰ ਸਹੀ ਢੰਗ ਨਾਲ ਹਲ ਕਰਨ ਵਿੱਚ ਅਸਫਲ ਰਹੀ ਹੈ।

ਇਸ ਮੋਸ਼ਨ 'ਤੇ ਵੋਟਿੰਗ ਦੌਰਾਨ ਲਿਬਰਲ ਪਾਰਟੀ ਨੂੰ ਨਿਜੀ ਪਾਰਟੀਆਂ ਦਾ ਸਮਰਥਨ ਮਿਲਿਆ, ਜਿਸ ਵਿੱਚ ਐਨਡੀਪੀ ਨੇ ਲਿਬਰਲਾਂ ਨੂੰ ਸਹਿਯੋਗ ਦਿੱਤਾ। ਇਸ ਦੇ ਨਤੀਜੇ ਵਜੋਂ, ਮੋਸ਼ਨ ਪਾਸ ਹੋਣ ਵਿੱਚ ਅਸਫਲ ਰਹੀ ਅਤੇ ਟਰੂਡੋ ਸਰਕਾਰ ਆਪਣੀ ਜਗ੍ਹਾ 'ਤੇ ਕਾਇਮ ਰਹੀ। ਐਨਡੀਪੀ ਨੇ ਕਿਹਾ ਕਿ ਹਾਲਾਂਕਿ ਉਹ ਕਈ ਨੀਤੀਆਂ 'ਤੇ ਲਿਬਰਲਾਂ ਨਾਲ ਅਸਹਿਮਤ ਹਨ, ਪਰ ਇਸ ਸਮੇਂ ਸਰਕਾਰ ਨੂੰ ਡੇਗਣਾ ਕੈਨੇਡਾ ਦੇ ਹਿੱਤਾਂ ਵਿੱਚ ਨਹੀਂ ਹੈ। ਐਨਡੀਪੀ ਦੇ ਆਗੂ ਜਗਮੀਤ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਕੁਝ ਮੁੱਦਿਆਂ 'ਤੇ ਸਹਿਯੋਗ ਦਿੱਤਾ ਜਾ ਰਿਹਾ ਹੈ, ਤਾਂ ਜੋ ਲੋਕਾਂ ਲਈ ਨੀਤੀਆਂ ਅਮਲ ਵਿੱਚ ਲਿਆਈਆਂ ਜਾ ਸਕਣ। ਇਸ ਮੋਸ਼ਨ ਦੇ ਫੇਲ ਹੋਣ ਨਾਲ ਲਿਬਰਲ ਸਰਕਾਰ ਨੂੰ ਕੁਝ ਸਮਾਂ ਮਿਲਿਆ ਹੈ, ਪਰ ਸਿਆਸੀ ਮਾਹੌਲ ਕਾਫ਼ੀ ਤਨਾਅਪੂਰਨ ਬਣਿਆ ਹੋਇਆ ਹੈ।

ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵ ਲੀਡਰ ਪੀਅਰ ਪੌਲੀਐਵ ਲਿਬਰਲ ਸਰਕਾਰ ਨੂੰ ਡੇਗਣ ਵਿਚ ਜਗਮੀਤ ਸਿੰਘ ਦੇ ਇਨਕਾਰੀ ਹੋਣ ਕਰਕੇ ਉਨ੍ਹਾਂ ਦੀ ਆਲੋਚਨਾ ਕਰ ਰਹੇ ਸਨ। ਪਾਰਲੀਮੈਂਟ ਦੀਆਂ 338 ਸੀਟਾਂ ਵਿੱਚੋਂ 154 ਸੀਟਾਂ ਲਿਬਰਲਾਂ ਕੋਲ ਹਨ। ਐਨਡੀਪੀ ਕੋਲ 25 ਅਤੇ ਬਲਾਕ ਕਿਊਬੈਕ ਕੋਲ 33 ਸੀਟਾਂ ਹਨ ਜਦੋਂ ਕਿ ਗ੍ਰੀਨ ਪਾਰਟੀ ਕੋਲ ਸਿਰਫ਼ ਦੋ ਸੀਟਾਂ ਹਨ। This report was written by Ekjot Singh as part of the Local Journalism Initiative.

# ਕਿਲੋਨਾ ਵਿੱਚ ਨੌਜਵਾਨ ਕੁੜੀ 'ਤੇ ਹਮਲੇ ਦੇ ਮਾਮਲੇ 'ਚ 3 ਨੌਜਵਾਨ ਗ੍ਰਿਫ਼ਤਾਰ

ਕਿਲੋਨਾ, (ਏਕਜੋਤ ਸਿੰਘ): ਬੀ.ਸੀ. ਵਿੱਚ ਇੱਕ ਨੌਜਵਾਨ ਕੁੜੀ ਦੇ ਉੱਤੇ ਹੋਏ ਸਵਾਰਮਿੰਗ ਹਮਲੇ ਦੇ ਮਾਮਲੇ ਵਿੱਚ 3 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਹਮਲਾ 28 ਸਤੰਬਰ ਨੂੰ ਹੋਇਆ, ਜਦੋਂ ਕੁੜੀ ਦੇ ਉੱਤੇ ਕਈ ਨੌਜਵਾਨਾਂ ਨੇ ਹਮਲਾ ਕੀਤਾ । ਸਥਾਨਕ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਹਮਲਾ ਮਾਮੂਲੀ ਤਕਰਾਰ ਤੋਂ ਸ਼ੁਰੂ ਹੋਇਆ ਜਿਸ ਤੋਂ ਬਾਅਦ ਮੌਕੇ 'ਤੇ ਮੌਜੂਦ ਕਈ ਨੌਜਵਾਨਾਂ ਨੇ ਕੁੜੀ ਨਾਲ ਕੁੱਟਮਾਰ ਕੀਤੀ ਜਿਸ ਦੀ ਇੱਕ ਵੀਡੀਓ ਵੀ ਸ਼ੋਸ਼ਲ ਮੀਡੀਆ 'ਤੇ ਵਾਇਲ ਹੋਈ ਹੈ। ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੂੰ ਤੁਰੰਤ ਇਸ ਮਾਮਲੇ 'ਤੇ ਕਰਵਾਈ ਕਰਨੀ ਪਈ।




ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਹਮਲਾਵਰ ਨੌਜਵਾਨ ਬੇਹੱਦ ਹਿੰਸਕ ਹੋ ਗਏ ਸਨ, ਅਤੇ ਇਸ ਦੌਰਾਨ ਪੀੜ੍ਹਤ ਕੁੜੀ ਨੂੰ ਬੁਰੀ ਤਰ੍ਹਾਂ ਕੁਟਿਆ ਗਿਆ। ਪੁਲਿਸ ਨੇ ਇਸ ਹਮਲੇ ਦੀ ਜਾਂਚ ਸ਼ੁਰੂ ਕੀਤੀ ਹੈ ਅਤੇ 3 ਨੌਜਵਾਨਾਂ ਨੂੰ ਹਿਰਾਸਤ 'ਚ ਲਿਆ ਹੈ, ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਦੀ ਉਮਰ 15 ਤੋਂ 17 ਸਾਲ ਦਰਮਿਆਨ ਹੈ। ਪੁਲਿਸ ਨੇ ਕਿਹਾ ਕਿ ਸਥਾਨਕ ਕਾਨੂੰਨ ਅਨੁਸਾਰ ਇਹ ਮਾਮਲਾ ਗੰਭੀਰ ਹੈ ਅਤੇ ਗ੍ਰਿਫ਼ਤਾਰੀ ਦੇ ਬਾਅਦ ਨੌਜਵਾਨਾਂ ਨੂੰ ਅਗਲੀ ਸੁਣਵਾਈ ਲਈ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। This report was written by Ekjot Singh as part of the Local Journalism Initiative.

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼

AKASH SABLOK & TARLOK SABLOK
ਸਬਲੋਕ ਐਂਡ ਸਬਲੋਕ 604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਬਾਧ ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ

ਜਸਬੀਰ-ਸਿੰਘ-ਬਾਧ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...

Now Accepting The New Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
with new patient hygiene
Complete New Patient Exam with Xrays (4BW, 3PA and Panorex) and complete hygiene.
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack




# ਕੀ ਤੁਸੀਂ ਜੌਨ ਰਸਟੈਡ ਦੇ ਖ਼ਤਰਨਾਕ ਵਿਚਾਰਾਂ ਬਾਰੇ ਸੁਣਿਆ ਹੈ?

**ਰਸਟੈਡ ਦੇ ਵਿਚਾਰ ਅਤੇ ਨੀਤੀਆਂ:**

- ਉਹ ਕਹਿੰਦਾ ਹੈ ਕਿ ਉਹ ਹੈਲਥਕੇਅਰ ਬਜਟ ਵਿੱਚ $4 ਬਿਲੀਅਨ ਦੀ ਕਟੌਤੀ ਕਰੇਗਾ - ਇਹ ਉਸਦੀ ਯੋਜਨਾ ਦੇ 12ਵੇਂ ਪੰਨੇ ' ਤੇ ਲਿਖਿਆ ਹੈ
- ਉਹ ਕਹਿੰਦਾ ਹੈ ਕਿ ਉਹ ਬੰਦੂਕਾਂ ਤੇ ਲੱਗੀਆਂ ਉਹਨਾਂ ਪਾਬੰਦੀਆਂ ਨੂੰ ਲਾਗੂ ਨਹੀਂ ਕਰੇਗਾ, ਜੋ ਇਨ੍ਹਾਂ ਹਥਿਆਰਾਂ ਨੂੰ ਗੈਂਗਸਟਰਜ਼ ਦੇ ਹੱਥਾਂ ਤੋਂ ਦੂਰ ਰੱਖਦੇ ਹਨ।
- ਉਸਦਾ ਮੰਨਣਾ ਹੈ ਕਿ ਜੀਵਨ ਬਚਾਉਣ ਵਾਲੇ ਕੋਵਿਡ ਟੀਕੇ ਇੱਕ ਸਾਜ਼ਿਸ਼ ਦਾ ਹਿੱਸਾ ਹਨ
- ਉਹ ਨਵੇਂ ਸਕੂਲ ਨਹੀਂ ਬਣਾਉਣਾ ਚਾਹੁੰਦਾ। ਉਹ ਸਾਡੇ ਬੱਚਿਆਂ ਨੂੰ ਵਧੇਰੇ ਭੀੜ-ਭੜੱਕੇ ਵਾਲੇ ਕਲਾਸਰੂਮਾਂ ਵਿੱਚ ਭਰਨਾ ਚਾਹੁੰਦਾ ਹੈ, ਜਿਸ ਨਾਲ ਪੜ੍ਹਾਈ-ਲਿਖਾਈ ਪ੍ਰਭਾਵਿਤ ਹੁੰਦੀ ਹੈ।
- ਉਹ ਕਹਿੰਦਾ ਹੈ ਕਿ ਕਲਾਇਮੇਟ ਚੇਂਜ ਸਰਾਸਰ ਝੂਠ ਹੈ!

**ਕੀ ਇਹ ਲੀਡਰਸ਼ਿਪ ਹੈ? ਕੀ ਤੁਸੀਂ ਉਸ 'ਤੇ ਭਰੋਸਾ ਕਰ ਸਕਦੇ ਹੋ?**

**ਜੌਨ ਰਸਟੈਡ: ਬਹੁਤ ਖਤਰਨਾਕ ਹੈ। ਇਹ ਬੀਸੀ ਨੂੰ ਸੰਭਾਲਣ ਦੇ ਕਾਬਲ ਨਹੀਂ।**

BC NDP

**In this BC election, re-elect David Eby and the BC NDP.**

Authorized by Karen Cooling, Financial Agent, 604-430-8600

# ਨਨਾਈਮੋ ਤੋਂ ਲਾਪਤਾ ਨੌਜਵਾਨ ਔਰਤ ਦੀ ਭਾਲ ਲਈ ਪੁਲਿਸ ਨੇ ਮੰਗੀ ਜਨਤਕ ਮਦਦ

ਨਨਾਈਮੋ, (ਏਕਜੋਤ ਸਿੰਘ) ਨਨਾਈਮੋ RCMP ਨੇ 30 ਸਾਲਾ ਬ੍ਰਿਟਨੀ ਹੈਂਡਰਸਨ ਨੂੰ ਲੱਭਣ ਲਈ ਜਨਤਾ ਤੋਂ ਮਦਦ ਦੀ ਅਪੀਲ ਕੀਤੀ ਹੈ। ਮਿਸ ਹੈਂਡਰਸਨ ਦੀ ਆਖਰੀ ਵਾਰ 28 ਅਗਸਤ 2024 ਨੂੰ ਨਾਨਾਈਮੋ ਵਿੱਚ ਦੇਖੀ ਗਈ ਸੀ। ਉਸਦੀ ਗੁਮਸ਼ੁਦਗੀ ਦੇ ਕਾਰਨ ਉਸਦੇ ਪਰਿਵਾਰਕ ਮੈਂਬਰ ਅਤੇ ਦੋਸਤ ਚਿੰਤਾ ਵਿੱਚ ਹਨ।



ਬ੍ਰਿਟਨੀ ਹੈਂਡਰਸਨ ਦਾ ਕੱਦ 158 ਸੈਂਟੀਮੀਟਰ (5 ਫੁੱਟ 2 ਇੰਚ) ਅਤੇ ਵਜ਼ਨ ਲਗਭਗ 50 ਕਿਲੋਗ੍ਰਾਮ (111 ਪੌਂਡ) ਹੈ। ਉਹ ਇੱਕ ਕਾਕੇਸ਼ੀਅਨ ਮਹਿਲਾ ਹੈ ਜਿਸਦੀ ਅੱਖਾਂ ਨੀਲੀਆਂ ਹਨ ਅਤੇ ਲੰਬੇ ਸੋਨੇ ਰੰਗ ਦੇ ਵਾਲ ਹਨ। ਉਸਦੇ ਖੱਬੇ ਮੋਢੇ, ਖੱਬੇ ਬਾਂਹ ਅਤੇ ਕਲਾਈ 'ਤੇ ਟੈਟੂ ਵੀ ਹਨ।

ਪੁਲਿਸ ਨੇ ਹੈਂਡਰਸਨ ਨੂੰ ਲੱਭਣ ਲਈ ਜਨਤਾ ਦੀ ਮਦਦ ਲਈ ਅਪੀਲ ਕੀਤੀ ਹੈ। ਆਰ.ਸੀ.ਐਮ.ਪੀ. ਨੇ ਕਿਹਾ ਕਿ ਜੇ ਕਿਸੇ ਨੇ ਵੀ ਮਿਸ ਹੈਂਡਰਸਨ ਨੂੰ ਆਖਰੀ ਵਾਰ ਦੇਖਿਆ ਹੈ ਜਾਂ ਉਹਦੇ ਬਾਰੇ ਕੋਈ ਜਾਣਕਾਰੀ ਪ੍ਰਾਪਤ ਕੀਤੀ ਹੈ, ਤਾਂ ਉਹ ਤੁਰੰਤ ਨਾਨਾਈਮੋ ਆਰ.ਸੀ.ਐਮ.ਪੀ. ਨਾਲ ਸੰਪਰਕ ਕਰਨ।

ਇਸ ਸਬੰਧੀ ਸੂਚਨਾ ਆਰ.ਸੀ.ਐਮ.ਪੀ. ਦੇ ਫਾਇਲ ਨੰਬਰ 2024-31324 ਦਾ ਹਵਾਲਾ ਦੇ ਕੇ ਦਿੱਤੀ ਜਾ ਸਕਦੀ ਹੈ ਜਾਂ ਪੁਲਿਸ ਨਾਲ (250) 754-2345 'ਤੇ ਸੰਪਰਕ ਕੀਤਾ ਜਾ ਸਕਦਾ ਹੈ। This report was written by Ekjot Singh as part of the Local Journalism Initiative.

# ਸਿਰਫ ਸਤੰਬਰ ਮਹੀਨੇ ਕੈਨੇਡਾ ਵਿੱਚ 11 ਪੰਜਾਬੀ ਨੌਜਵਾਨਾਂ ਦੀ ਹੋਈ ਮੌਤ

ਸਰੀ: ਇਹ ਬਹੁਤ ਦੁਖਦਾਈ ਅਤੇ ਚਿੰਤਾਜਨਕ ਹੈ ਕਿ ਕੈਨੇਡਾ 'ਚ ਸਿਰਫ ਸਤੰਬਰ ਮਹੀਨੇ ਵਿੱਚ 11 ਪੰਜਾਬੀਆਂ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ। ਇਸ ਤਰ੍ਹਾਂ ਦੇ ਮਾਮਲੇ ਬਹੁਤ ਹੀ ਦੁਖਦਾਈ ਹਨ ਅਤੇ ਇਹ ਸਵਾਲ ਖੜ੍ਹਾ ਕਰਦੇ ਹਨ ਕਿ ਇਸ ਪਿੱਛੇ ਕਾਰਨ ਕੀ ਹਨ। ਕਈ ਬਾਰ ਇਹ ਮੌਤਾਂ ਸੜਕ ਹਾਦਸਿਆਂ ਕਾਰਨ ਹੁੰਦੀਆਂ ਹਨ, ਜਿਵੇਂ ਕਿ ਵੱਡੇ ਟਰੱਕ ਹਾਦਸੇ ਜਾਂ ਸੜਕ ਦੁਰਘਟਨਾਵਾਂ। ਇਸ ਤੋਂ ਇਲਾਵਾ, ਕਈ ਨੌਜਵਾਨਾਂ ਨੂੰ ਹਾਰਟ ਅਟੈਕ ਹੋਣ ਦੀਆਂ ਵੀ ਖਬਰਾਂ ਆਮ ਸੁਣਨ ਨੂੰ ਮਿਲਦੀਆਂ ਹਨ, ਜੋ ਇਹ ਦਰਸਾਉਂਦਾ ਹੈ ਕਿ ਸਿਹਤ ਨਾਲ ਸੰਬੰਧਿਤ ਮੁੱਦੇ ਵੀ ਇੱਕ ਵੱਡੀ ਚਿੰਤਾ ਬਣੇ ਹੋਏ ਹਨ। ਇਸ ਤੋਂ ਇਲਾਵਾ ਲਾਪਤਾ ਹੋਣ ਦੇ ਮਾਮਲੇ ਵੀ ਬਹੁਤ ਹਨ, ਜਿਥੇ ਕਈ ਨੌਜਵਾਨ ਲਾਪਤਾ ਹੋ ਜਾਂਦੇ ਹਨ ਅਤੇ ਕੁਝ ਸਮੇਂ ਬਾਅਦ ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣਨ ਨੂੰ ਮਿਲਦੀ ਹੈ। ਇਹ ਸਭ ਮਾਮਲੇ ਸਮਾਜਿਕ ਅਤੇ ਸਿਹਤ ਸੰਬੰਧੀ ਮੁੱਦਿਆਂ ਦੀ ਬਾਰੇ ਵੱਡੀ ਚਿੰਤਾ ਖੜ੍ਹੀ ਕਰ ਰਹੇ ਹਨ। ਇਸ ਸਥਿਤੀ ਦੇ ਹੱਲ ਲਈ ਜ਼ਰੂਰੀ ਹੈ ਕਿ ਸੜਕ ਸੁਰੱਖਿਆ, ਸਿਹਤ ਅਤੇ ਸਮਾਜਕ ਸਮਰੱਥਾ ਵਧਾਉਣ ਲਈ ਹੱਲਾਂ ਖੋਜੇ ਜਾਣ। ਇਹ ਵੀ ਮਹੱਤਵਪੂਰਨ ਹੈ ਕਿ ਪੰਜਾਬੀ ਕਮਿਊਨਿਟੀ ਵਿੱਚ ਸਿਹਤ ਸੰਬੰਧੀ ਜਾਗਰੂਕਤਾ ਵਧੇ ਅਤੇ ਨੌਜਵਾਨਾਂ ਨੂੰ ਸਹੀ ਸਲਾਹ-ਮਸ਼ਵਰਾ ਮਿਲੇ।

# ਨਿਰਧਾਰਿਤ ਸਮੇਂ ਤੋਂ ਵੱਧ ਕੰਮ ਕਰਨ ਵਾਲੇ 950 ਵਿਦਿਆਰਥੀਆਂ 'ਤੇ ਹੋਈ ਕਾਨੂੰਨੀ ਕਾਰਵਾਈ

ਸਰੀ :ਬ੍ਰਿਟਿਸ਼ ਕੋਲੰਬੀਆ ਤੋਂ 950 ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈਣ ਦੀ ਖ਼ਬਰ ਸਾਹਮਣੇ ਆਈ ਹੈ, ਜਿਸ ਵਿੱਚ ਜ਼ਿਆਦਾਤਰ ਵਿਦਿਆਰਥੀ ਭਾਰਤੀ ਮੂਲ ਦੇ ਹਨ ਅਤੇ ਉਹਨਾਂ ਵਿੱਚੋਂ ਕਈਆਂ ਦਾ ਸਬੰਧ ਪੰਜਾਬ ਨਾਲ ਹੀ ਹੈ। ਕੈਨੇਡਾ ਦੀ ਬਾਰਡਰ ਸੁਰੱਖਿਆ ਏਜੰਸੀ ਨੇ ਇਹ ਕਾਰਵਾਈ ਕੀਤੀ ਹੈ ਅਤੇ ਗ੍ਰਿਫਤਾਰ ਕੀਤੇ ਵਿਦਿਆਰਥੀਆਂ 'ਤੇ ਕਾਨੂੰਨ ਦੇ ਉਲੰਘਣ ਦੇ ਦੋਸ਼ ਲਗਾਏ ਗਏ ਹਨ। ਇਹ ਵਿਦਿਆਰਥੀ ਟਰੂਡੋ ਸਰਕਾਰ ਦੁਆਰਾ ਨਿਰਧਾਰਿਤ ਕੀਤੇ ਕੰਮ ਦੇ ਘੰਟਿਆਂ ਤੋਂ ਵੱਧ ਕੰਮ ਕਰ ਰਹੇ ਸਨ। ਵਿਦਿਆਰਥੀ ਵੀਜ਼ਾ 'ਤੇ ਕੈਨੇਡਾ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਹਫਤੇ ਵਿੱਚ 20 ਘੰਟੇ ਕੰਮ ਕਰਨ ਦੀ ਇਜਾਜ਼ਤ ਹੈ, ਪਰ ਇਹ ਸਾਰੇ ਵਿਦਿਆਰਥੀ ਇਸ ਸੀਮਾ ਦਾ ਉਲੰਘਣ ਕਰਦੇ ਹੋਏ ਹਫਤੇ ਵਿੱਚ 40 ਘੰਟੇ ਜਾਂ ਇਸ ਤੋਂ ਵੱਧ ਕੰਮ ਕਰ ਰਹੇ ਸਨ। ਇਸ ਕਾਰਨ, ਉਹਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਨਾਲ ਕੰਮ ਵਾਲੀਆਂ ਸੰਸਥਾਵਾਂ 'ਤੇ ਵੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।



ਬਾਰਡਰ ਸੁਰੱਖਿਆ ਏਜੰਸੀ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਕੰਮ 'ਤੇ ਰੱਖਣ ਵਾਲੀਆਂ ਕੰਪਨੀਆਂ 'ਤੇ ਵੀ ਵੱਡੇ ਜੁਰਮਾਨੇ ਲਗਾਏ ਹਨ। ਇਹ ਕੰਪਨੀਆਂ ਵਿਦਿਆਰਥੀਆਂ ਨੂੰ ਘੱਟ ਮਜ਼ਦੂਰੀ 'ਤੇ ਕੰਮ ਕਰਵਾਉਂਦੀਆਂ ਸਨ ਅਤੇ ਉਹਨਾਂ ਦੀ ਮਜ਼ਦੂਰੀ ਵੀ ਕਾਨੂੰਨੀ ਤਰੀਕੇ ਨਾਲ ਨਿਰਧਾਰਿਤ ਕੀਤੇ ਗਏ ਮਿਆਰਾਂ ਤੋਂ ਘੱਟ ਸੀ। ਮਜ਼ਦੂਰੀ ਅਤੇ ਘੰਟਿਆਂ ਦੇ ਨਿਯਮਾਂ ਦੀ ਉਲੰਘਣਾ ਕਰਨ ਕਰਕੇ ਇਨ੍ਹਾਂ ਸੰਸਥਾਵਾਂ ਨੂੰ ਵੀ ਸਜ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਕਾਰਵਾਈ ਦਾ ਸਿੱਧਾ ਪ੍ਰਭਾਵ ਵਿਦਿਆਰਥੀਆਂ ਦੀ ਭਵਿੱਖ ਦੀ ਯੋਜਨਾ 'ਤੇ ਪਵੇਗਾ, ਕਿਉਂਕਿ ਹੁਣ ਉਹਨਾਂ ਲਈ ਕੈਨੇਡਾ ਵਿੱਚ ਸਥਾਈ ਨਿਵਾਸ ਹਾਸਲ ਕਰਨਾ ਮੁਸ਼ਕਲ ਹੋ ਸਕਦਾ ਹੈ। ਇਹ ਵਿਦਿਆਰਥੀ, ਜੋ ਕੈਨੇਡਾ ਵਿੱਚ ਪੜ੍ਹਾਈ ਦੇ ਨਾਲ-ਨਾਲ ਕੰਮ ਕਰਕੇ ਆਪਣਾ ਭਰੋਸਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਹੁਣ ਉਹਨਾਂ ਨੂੰ ਵੱਡੀ ਆਰਥਿਕ ਅਤੇ ਕਾਨੂੰਨੀ ਮੁਸ਼ਕਲ ਦਾ ਸਾਮਣਾ ਕਰਨਾ ਪੈ ਰਿਹਾ ਹੈ।

ਇਸ ਸਥਿਤੀ ਨੇ ਕੈਨੇਡਾ ਵਿੱਚ ਰਹਿਣ ਵਾਲੇ ਹੋਰ ਵਿਦਿਆਰਥੀਆਂ ਲਈ ਵੀ ਚਿੰਤਾ ਪੈਦਾ ਕਰ ਦਿੱਤੀ ਹੈ, ਕਿਉਂਕਿ ਇਹ ਸਪੱਸ਼ਟ ਹੋ ਗਿਆ ਹੈ ਕਿ ਟਰੂਡੋ ਸਰਕਾਰ ਕਾਨੂੰਨ ਦੀ ਪਾਲਣਾ ਕਰਨ 'ਤੇ ਸਖਤੀ ਨਾਲ ਕੰਮ ਕਰ ਰਹੀ ਹੈ। ਵਿਦਿਆਰਥੀਆਂ ਨੂੰ ਹੁਣ ਕਾਨੂੰਨੀ ਨਿਯਮਾਂ ਦਾ ਸਹੀ ਧਿਆਨ ਰੱਖਣਾ ਪਵੇਗਾ ਤਾਂ ਕਿ ਉਹ ਇਸ ਤਰ੍ਹਾਂ ਦੀ ਸਥਿਤੀ ਤੋਂ ਬਚ ਸਕਣ।


HOMELAND MORTGAGE CORP.

ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।

- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ




Kuldip Panesar
Mortgage Consultant
Cell :604-308-6839

PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com



YOUR NEIGHBOURHOOD LAYER

RISHI LAW CORPORATION



NARINDER RISHI
Barrister, Solicitor & Notary Public

Criminal Law
» Assault Charges
» Drug Charges
» Theft/Fraud
» Uttering Threats
» Driving Offences

Real Estate
» Purchase/ Sale of Property
» Mortgage / Line of Credit

Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa

Divorces Probate
All kind of Notary Services

Services offered in Punjabi, Hindi & English

Vancouver
6625, Fraser Street
604-322-5515
Email : nkrishi@yahoo.com

Two Locations to serve you

Surrey
604-505-6454
(By appointments only)





NEWTON DENTURE CLINIC INC.
Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। | ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ

ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)




# ਸਸਕੈਚਵਨ ਵਿੱਚ ਵੱਖ ਵੱਖ ਸਿਆਸੀ ਪਾਰਟੀਆਂ ਵਲੋਂ ਚੋਣ ਮੁਹਿੰਮ ਦਾ ਆਗਾਜ਼




ਸਰੀ, (ਏਕਜੋਤ ਸਿੰਘ): ਸਸਕੈਚਵਨ ਵਿੱਚ ਸਿਆਸੀ ਪਾਰਟੀਆਂ ਨੇ ਆਗਾਮੀ ਚੋਣਾਂ ਲਈ ਅਧਿਕਾਰਿਤ ਤੌਰ 'ਤੇ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਹ ਚੋਣਾਂ, 28 ਅਕਤੂਬਰ 2024 ਵਿੱਚ ਹੋਣ ਜਾ ਰਹੀਆਂ ਹਨ । ਸਸਕੈਚਵਨ ਇਸ ਸਮੇਂ ਬਿਜਲੀ, ਸਿਹਤ, ਸਿੱਖਿਆ ਅਤੇ ਆਰਥਿਕਤਾ ਨਾਲ ਸਬੰਧਿਤ ਮੁੱਦੇ ਚੋਣਾਂ 'ਚ ਸਰਗਰਮ ਹਨ।

ਸਿਆਸੀ ਪਾਰਟੀਆਂ, ਜਿਸ ਵਿੱਚ ਰੀਜ਼ਨਲ ਪਾਰਟੀ, ਨਿਊ ਡੈਮੋਕ੍ਰੇਟਿਕ ਪਾਰਟੀ ਅਤੇ ਲਿਬਰਲ ਪਾਰਟੀ ਸ਼ਾਮਲ ਹਨ, ਆਪਣੀਆਂ ਮੁਹਿੰਮਾਂ ਨੂੰ ਲੈ ਕੇ ਕਈ ਸਰਗਰਮੀ ਚੱਲ ਰਹੀਆਂ ਹਨ। ਲੀਡਰਾਂ ਨੇ ਆਪਣੇ ਵੋਟਰਾਂ, ਸਮਾਜਿਕ ਸੰਗਠਨਾਂ ਅਤੇ ਸਥਾਨਕ ਮੁੱਖ ਮਸਲਿਆਂ 'ਤੇ ਗੱਲਬਾਤ ਕਰਨ ਲਈ ਵੱਖ-ਵੱਖ ਆਯੋਜਨਾਵਾਂ ਕੀਤੀਆਂ ਹਨ, ਤਾਂ ਜੋ ਉਹ ਸਮਾਜ ਦੇ ਹਾਲਾਤ ਅਤੇ ਜਰੂਰਤਾਂ ਨੂੰ ਸਮਝ ਸਕਣ।

ਮੰਗਲਵਾਰ ਨੂੰ ਸਸਕੈਟੂਨ ਵਿੱਚ ਸਸਕੈਚਵਨ ਪਾਰਟੀ ਲੀਡਰ ਸਕੌਟ ਮੋ ਵੱਲੋਂ ਸਮਰਥਕਾਂ ਦੀ ਭੀੜ ਨਾਲ ਅਧਿਕਾਰਤ ਤੌਰ 'ਤੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਮੌ ਵੱਲੋਂ ਆਰਥਿਕਤਾ 'ਤੇ ਕੇਂਦ੍ਰਿਤ ਆਪਣੇ ਭਾਸ਼ਣ ਵਿੱਚ ਇਕ ਵਾਰ ਹੋਰ ਬਹੁਮਤ ਵਾਲੀ ਸਰਕਾਰ ਬਣਾਉਣ ਦੀ ਅਪੀਲ ਕੀਤੀ ਗਈ।

ਐਨ.ਡੀ.ਪੀ. ਨੇ ਵੀ ਆਪਣੀ ਚੋਣ ਮੁਹਿੰਮ ਵਿੱਚ ਸ਼ੁਰੂਆਤ ਕੀਤੀ ਹੈ, ਜਿਸਦਾ ਮਕਸਦ ਬਜ਼ੁਰਗਾਂ, ਨੌਜਵਾਨਾਂ ਅਤੇ ਕਮਜ਼ੋਰ ਸਮਾਜ ਦੇ ਗਰੁੱਪਾਂ ਦੀਆਂ ਜਰੂਰਤਾਂ ਤੇ ਧਿਆਨ ਦੇਣਾ ਹੈ। ਐਨਡੀਪੀ ਲੀਡਰ ਕਾਰਲਾ ਬੈਕ ਨੇ ਨੇ ਕਿਹਾ ਕਿ ਉਹ ਬਿਜਲੀ, ਸਿਹਤ ਅਤੇ ਸਿੱਖਿਆ ਵਿੱਚ ਵਾਧੇ ਦੀ ਗੱਲ ਕਰ ਰਹੇ ਹਨ, ਤਾਂ ਜੋ ਸਸਕੈਚਵਨ ਦੇ ਲੋਕਾਂ ਲਈ ਇੱਕ ਵਧੀਆ ਜੀਵਨ ਯੁਗ ਯਕੀਨੀ ਬਣਾਇਆ ਜਾ ਸਕੇ। ਉਹਨਾਂ ਕਿਹਾ ਸਸਕੈਚਵਨ ਸਿੱਖਿਆ ਅਤੇ ਸਿਹਤ ਦੇਖਭਾਲ ਵਿੱਚ ਆਖਰੀ ਸਥਾਨ 'ਤੇ ਹੈ, ਅਤੇ ਜਦੋਂ ਆਰਥਿਕਤਾ ਦੀ ਗੱਲ ਆਉਂਦੀ ਹੈ ਤਾਂ ਦੂਜੇ ਨੰਬਰ' ਤੇ ਹੈ। This report was written by Ekjot Singh as part of the Local Journalism Initiative.

# ਇੰਡੋ ਕੈਨੇਡੀਅਨ ਸੀਨੀਅਰਜ਼ ਸੈਂਟਰ ਸਰੀ-ਡੈਲਟਾ ਵੱਲੋਂ ਮਹੀਨਾਵਾਰ ਕਵੀ ਦਰਬਾਰ



ਸਰੀ, (ਹਰਦਮ ਮਾਨ)-ਇੰਡੋ ਕੈਨੇਡੀਅਨ ਸੀਨੀਅਰਜ਼ ਸੈਂਟਰ ਸਰੀ-ਡੈਲਟਾ ਵੱਲੋਂ ਬੀਤੇ ਐਤਵਾਰ ਮਹੀਨਾਵਾਰ ਕਵੀ ਦਰਬਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਹਰਪਾਲ ਸਿੰਘ ਬਰਾੜ ਨੇ ਕੀਤੀ। ਕਵੀ ਦਰਬਾਰ ਵਿੱਚ ਦਰਸ਼ਨ ਸਿੰਘ ਅਟਵਾਲ, ਗੁਰਮੀਤ ਸਿੰਘ ਕਾਲਕਟ, ਗੁਰਚਰਨ ਸਿੰਘ ਬਰਾੜ, ਅਵਤਾਰ ਸਿੰਘ ਬਰਾੜ, ਮਨਜੀਤ ਸਿੰਘ ਮੱਲ੍ਹਾ, ਦਵਿੰਦਰ ਕੌਰ ਜੌਹਲ, ਜੀਤ ਮਹਿਰਾ, ਮਲੂਕ ਚੰਦ ਕਲੇਰ, ਗੁਰਬਚਨ ਸਿੰਘ ਬਰਾੜ, ਗੁਰਦਿਆਲ ਸਿੰਘ ਜੌਹਲ, ਗੁਰਮੀਤ ਸਿੰਘ ਸੇਖੋਂ, ਸੁਰਜੀਤ ਸਿੰਘ ਗਿੱਲ, ਗੁਰਸ਼ਰਨਜੀਤ ਸਿੰਘ ਮਾਨ, ਗੁਰਬਖਸ਼ ਸਿੰਘ ਸਿੱਧੂ (ਪ੍ਰਧਾਨ ਸੀਨੀਅਰ ਸੈਂਟਰ ਵੈਨਕੂਵਰ), ਗੁਰਦਿਆਲ ਸਿੰਘ ਢੀਂਡਸਾ, ਇੰਦਰਜੀਤ ਕੌਰ ਸੰਧੂ, ਤਜਿੰਦਰ ਕੌਰ ਬੈਂਸ, ਗੁਰਦਰਸ਼ਨ ਸਿੰਘ ਬਾਦਲ ਨੇ ਆਪਣੀਆਂ ਕਾਵਿ-ਰਚਨਾਵਾਂ ਨਾ਼ਲ ਖ਼ੂਬ ਰੰਗ ਬੰਨ੍ਹਿਆਂ।

ਇਸ ਮੌਕੇ ਸੀਨੀਅਰਜ਼ ਸਪੋਰਟਸ ਵਿੱਚ ਦੰਡ ਬੈਠਕ ਅਤੇ ਦੋ ਦੌੜਾਂ ਵਿਚ ਤਿੰਨ ਮੈਡਲ ਹਾਸਲ ਕਰਨ ਵਾਲੇ ਸੁਰਿੰਦਰ ਸਿੰਘ ਬਡਵਾਲ ਅਤੇ ਇਕ ਮੈਡਲ ਜਿੱਤਣ ਵਾਲੇ ਅਮਰਜੀਤ ਸਿੰਘ ਗਿੱਲ ਨੂੰ ਸੀਨੀਅਰਜ਼ ਸੈਂਟਰ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਸਾਹਿਬ ਅਤੇ ਪ੍ਰਬੰਧਕਾਂ ਵੱਲੋਂ ਮੈਡਲ ਪਹਿਨਾ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਨਿਭਾਈ। ਅੰਤ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਸਤਿਕਾਰ ਕਮੇਟੀ ਐਬਸਫੋਰਡ ਵੱਲੋਂ ਲਿਖਿਆ ਪੱਤਰ ਮੋਗੇ ਦੀ ਸੰਗਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੌਂਪਿਆ

ਸਰੀ, (ਹਰਦਮ ਮਾਨ): ਸਤਿਕਾਰ ਕਮੇਟੀ ਐਬਸਫੋਰਡ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਰਘਬੀਰ ਸਿੰਘ ਜੀ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਗਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਾਰੇ ਫੈਸਲਾ ਲੈਂਦਿਆਂ ਸਿੱਖ ਮਰਿਆਦਾ ਅਨੁਸਾਰ ਪੰਥ ਦੇ ਹਿੱਤ ਅਤੇ ਅਕਾਲੀ ਦਲ ਨੂੰ ਬਚਾਉਣ ਲਈ ਆਪਣਾ ਫੈਸਲਾ ਦਿੱਤਾ ਜਾਵੇ। ਇਹ ਜਾਣਕਾਰੀ ਦਿੰਦਿਆਂ ਸਤਿਕਾਰ ਕਮੇਟੀ ਐਬਸਫੋਰਡ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਸੇਖੋਂ ਨੇ ਦੱਸਿਆ ਹੈ ਕਿ ਉਹਨਾਂ ਵੱਲੋਂ ਭੇਜਿਆ ਇਹ ਪੱਤਰ ਬੀਤੇ ਦਿਨੀਂ ਮੋਗਾ ਇਲਾਕੇ ਦੇ ਸਿੱਖ ਸੇਵਾਦਾਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸੌਂਪਿਆ। ਇਸ ਪੱਤਰ ਵਿੱਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਬੇਨਤੀ ਕੀਤੀ ਗਈ ਹੈ ਕਿ ਕਿ ਉਹ ਫੈਸਲਾ ਲੈਣ ਵੇਲੇ ਅਕਾਲੀ ਫੂਲਾ ਸਿੰਘ ਜੀ ਦੇ ਫੈਸਲਿਆਂ ਨੂੰ ਮੱਦੇਨਜ਼ਰ ਰੱਖਣ। ਉਹਨਾਂ ਕਿਹਾ ਕਿ ਅੱਜ ਤੋਂ ਪਹਿਲਾਂ ਅਸਤੀਫੇ ਵਾਲਾ ਫੈਸਲਾ ਆਇਆ ਹੈ ਉਸ ਦੀ ਸਤਿਕਾਰ ਕਮੇਟੀ ਵੱਲੋਂ ਸ਼ਲਾਘਾ ਕੀਤੀ ਜਾਂਦੀ ਹੈ ਅਤੇ ਪੂਰਨ ਉਮੀਦ ਕੀਤੀ ਜਾਂਦੀ ਹੈ ਕਿ ਸਿੰਘ ਸਾਹਿਬ ਭਾਈ ਰਘਬੀਰ ਸਿੰਘ ਜੀ ਅਤੇ ਭਾਈ ਹਰਪ੍ਰੀਤ ਸਿੰਘ ਜੀ (ਜਥੇਦਾਰ ਸ੍ਰੀ ਦਮਦਮਾ ਸਾਹਿਬ) ਅਗਲਾ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਨੂੰ ਕਾਇਮ ਰੱਖਦੇ ਹੋਏ ਲੈਣਗੇ। ਸਤਿਕਾਰ ਕਮੇਟੀ ਦਾ ਇਹ ਪੱਤਰ ਭਾਈ ਚਰਨ ਸਿੰਘ, ਭਾਈ ਦਰਸ਼ਨ ਸਿੰਘ ਚੀਮਾ, ਭਾਈ ਹਰਨੇਕ ਸਿੰਘ ਧਰਮਕੋਟ, ਭਾਈ ਹਰਜਿੰਦਰ ਸਿੰਘ ਕੋਟਲਾ, ਭਾਈ ਪ੍ਰੀਤਮ ਸਿੰਘ ਮੋਗਾ, ਭਾਈ ਸੁਖਦੇਵ ਸਿੰਘ, ਭਾਈ ਦਾਰਾ ਸਿੰਘ, ਭਾਈ ਜਸਵੰਤ ਸਿੰਘ, ਭਾਈ ਸੂਬਾ ਸਿੰਘ, ਭਾਈ ਬਲਵੀਰ ਸਿੰਘ ਕੜਿਆਲ, ਭਾਈ ਬਲਵਿੰਦਰ ਸਿੰਘ, ਭਾਈ ਪਿੱਪਲ ਸਿੰਘ ਬੱਗੇ, ਭਾਈ ਜਗਦੀਸ਼ ਸਿੰਘ ਜੋਧਪੁਰੀਆ, ਭਾਈ ਕਰਤਾਰ ਸਿੰਘ ਧਰਮਕੋਟ, ਭਾਈ ਸਤਵੰਤ ਸਿੰਘ ਮਾਣਕ (ਮੈਂਬਰ ਖਾਲੜਾ ਕਮੇਟੀ) ਅਤੇ ਮੋਗਾ ਦੇ ਵੱਖ ਵੱਖ ਪਿੰਡਾਂ ਦੇ ਸਰਪੰਚਾਂ, ਪੰਚਾਂ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਸਤਿਕਾਰ ਸਹਿਤ ਸੌਂਪਿਆ। ਜਥੇਦਾਰ ਭਾਈ ਰਘਬੀਰ ਸਿੰਘ ਜੀ ਨੇ ਪੱਤਰ ਵਿਚਲੇ ਸਾਰੇ ਮਤੇ ਪੜ੍ਹ ਕੇ ਸੰਗਤਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਹਨਾਂ ਉੱਪਰ ਪੂਰਨ ਗ਼ੌਰ ਕੀਤੀ ਜਾਵੇਗੀ।



# ਬ੍ਰਿਟਿਸ਼ ਕੋਲੰਬੀਆ ਦੇ ਹਾਈਵੇਜ਼ 'ਤੇ ਸਰਦੀਆਂ ਦੇ ਟਾਇਰਾਂ ਸਬੰਧੀ ਨਿਯਮ ਲਾਗੂ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਵਿੱਚ ਸਰਦੀਆਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ, ਬਹੁਤ ਸਾਰੇ ਹਾਈਵੇਜ਼ 'ਤੇ ਸਰਦੀਆਂ ਦੇ ਟਾਇਰਾਂ ਦੀ ਲੋੜ ਸਬੰਧੀ ਨੀਤੀ ਲਾਗੂ ਕੀਤੀ ਜਾ ਚੁੱਕੀ ਹੈ। ਇਹ ਨਿਯਮ 1 ਅਕਤੂਬਰ ਤੋਂ ਲਾਗੂ ਹੋਏ ਹਨ ਅਤੇ ਇਹ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹਨ, ਖਾਸ ਕਰਕੇ ਉਹਨਾਂ ਖੇਤਰਾਂ ਵਿੱਚ ਜਿੱਥੇ ਬਰਫ਼ਬਾਰੀ ਅਤੇ ਸਲਿੱਪਰੀ ਸਥਿਤੀਆਂ ਦੀ ਸੰਭਾਵਨਾ ਵੱਧਦੀ ਹੈ। ਸਰਦੀਆਂ ਦੇ ਟਾਇਰਾਂ ਦੇ ਲੋੜ ਹੋਣ ਦੇ ਨਿਯਮਾਂ ਅਨੁਸਾਰ, ਯਾਤਰੀਆਂ ਨੂੰ ਆਪਣੀ ਵਾਹਨਾਂ 'ਤੇ ਐਨਕਰਸ, ਮਸਾਲੀ ਜਾਂ ਐਲੋਈ ਫਲਾਂ ਵਾਲੇ ਟਾਇਰ ਲਗਾਉਣ ਦੀ ਲੋੜ ਹੈ। ਸਰਕਾਰੀ ਅਧਿਕਾਰੀਆਂ ਨੇ ਸੜਕਾਂ 'ਤੇ ਸੁਰੱਖਿਆ ਦੇ ਮਿਆਰਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਉਨ੍ਹਾਂ ਨੇ ਯਾਤਰੀਆਂ ਨੂੰ ਸੁਝਾਅ ਦਿੱਤਾ ਹੈ ਕਿ ਉਹ ਆਪਣੇ ਵਾਹਨਾਂ ਨੂੰ ਮੌਸਮ ਦੇ ਲਾਇਕ ਬਣਾਉਣ ਅਤੇ ਸੰਭਾਲ ਕਰਨ 'ਤੇ ਧਿਆਨ ਦੇਣ। ਇਸ ਦਾ ਮਕਸਦ ਕਿਸੇ ਵੀ ਤਰ੍ਹਾਂ ਦੀ ਸੜਕਾਂ 'ਤੇ ਘਟਨਾ ਤੋਂ ਬਚਣਾ ਅਤੇ ਯਾਤਰੀਆਂ ਨੂੰ ਸੁਰੱਖਿਅਤ ਰੱਖਣਾ ਹੈ। This report was written by Ekjot Singh as part of the Local Journalism Initiative.




# ਨਵੇਂ ਸੁਰੱਖਿਆ ਨਿਯਮ ਲਾਗੂ ਹੋਣ ਤੋਂ ਇੱਕ ਦਿਨ ਬਾਅਦ ਡਿੱਗੀ ਓਵਰਲੋਡ ਕਰੇਨ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੇ ਓਕਰਿਜ਼ ਇਲਾਕੇ ਵਿੱਚ ਇੱਕ ਨਿਰਮਾਣ ਸਾਈਟ 'ਤੇ ਓਵਰਲੋਗ ਕਰੇਨ ਡਿੱਗਣ ਕਾਰਨ ਵਾਦਸਾ ਵਾਪਰ ਗਿਆ ਜਦੋਂ ਕਿ ਨਵੇਂ ਸੁਰੱਖਿਆ ਨਿਯਮਾਂ ਲਾਗੂ ਹੋਇਆਂ ਨੂੰ ਅਜੇ ਸਿਰਫ਼ ਇੱਕ ਦਿਨ ਹੋਇਆ ਸੀ।ਇਸ ਘਟਨਾ ਨੇ ਸਥਾਨਕ ਬੁਨਿਆਦੀ ਢਾਂਚੇ 'ਤੇ ਸਵਾਲ ਖੜੇ ਕੀਤੇ ਹਨ। ਘਟਨਾ ਦੌਰਾਨ, ਕਰੇਨ ਨੂੰ ਸਥਾਨਕ ਸੁਰੱਖਿਆ ਨਿਯਮਾਂ ਦੇ ਅਨੁਸਾਰ ਉਚਿਤ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਸੀ, ਪਰ ਫਿਰ ਵੀ ਲੋਡ ਜ਼ਿਆਦਾ ਪਾ ਕੇ ਸਥਾਨਕ ਵਰਕਰਾਂ ਨੂੰ ਜੋਖਮ 'ਚ ਪਾਉਣਾ ਚਿੰਤਾ ਦਾ ਕਾਰਨ ਬਣ ਗਿਆ। ਸਥਾਨਕ ਅਧਿਕਾਰੀਆਂ ਨੇ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਕੀ ਨਵੇਂ ਸੁਰੱਖਿਆ ਨਿਯਮਾਂ ਦੀ ਪਾਲਨਾ ਹੋ ਰਹੀ ਸੀ ਜਾਂ ਨਹੀਂ। ਸੁਰੱਖਿਆ ਏਜੰਸੀਆਂ ਨੇ ਜ਼ੋਰ ਦਿੱਤਾ ਹੈ ਕਿ ਨਿਰਮਾਣ ਸਾਈਟਾਂ 'ਤੇ ਸੁਰੱਖਿਆ ਦੇ ਮਿਆਰਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ, ਅਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਗੰਭੀਰਤਾ ਨੂੰ ਸਮਝਣਾ ਮਹੱਤਵਪੂਰਨ ਹੈ। ਇਸ ਸਬੰਧੀ ਅਧਿਕਾਰੀਆਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਸੁਰੱਖਿਆ ਪਾਬੰਦੀਆਂ ਦੀ ਬੇਹਤਰੀ ਦੀ ਲੋੜ ਨੂੰ ਦਰਸਾਉਂਦੀਆਂ ਹਨ। ਉਸਨੇ ਵੀ ਕਿਹਾ ਕਿ ਮਜ਼ਦੂਰਾਂ ਅਤੇ ਨਿਵਾਸੀਆਂ ਦੀ ਸੁਰੱਖਿਆ ਸਭ ਤੋਂ ਪਹਿਲਾਂ ਆਉਂਦੀ ਹੈ ਅਤੇ ਨਿਰਮਾਣ ਕੰਪਨੀਆਂ ਨੂੰ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਨਵੇਂ ਸੁਰੱਖਿਆ ਨਿਯਮਾਂ ਦੀ ਵਰਤੋਂ ਦੇ ਪਹਿਲੇ ਦਿਨ 'ਤੇ ਇਸ ਤਰ੍ਹਾਂ ਦੀ ਘਟਨਾ ਹੋਣ ਨਾਲ, ਪ੍ਰਸ਼ਾਸਨਿਕ ਅਧਿਕਾਰੀਆਂ ਨੇ ਇਸ ਮਾਮਲੇ ਦੀ ਸੰਭਾਵਨਾਵਾਂ ਨੂੰ ਜਲਦੀ ਹੱਲ ਕਰਨ ਅਤੇ ਅੱਗੇ ਦੀਆਂ ਗਤੀਵਿਧੀਆਂ ਨੂੰ ਯਕੀਨੀ ਬਣਾਉਣ ਲਈ ਵੀ ਕਦਮ ਚੁੱਕਣ ਦੀ ਜ਼ਰੂਰਤ ਨੂੰ ਜ਼ੋਰ ਦਿੱਤਾ ਹੈ। This report was written by Ekjot Singh as part of the Local Journalism Initiative.

Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SANJHA PUNJAB SINCE 1997

ਸਾਂਝਾ ਪੰਜਾਬ ਸਵੀਟਸ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤ੍ਰਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



CONTACT : SATJINDER SAMRA

604-930-9099

E-mail : sanjhapunjabsweets@gmail.com | Website : www.sanjhapunjabsweets.com

1-B 12830 96 Ave, Surrey, BC V3V 6A8

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International
Punjabi Tribune

• Rachhpal Singh Gill
Editor
604-616-2171

Funded by the Government of Canada | Financé par le gouvernement du Canada | Canada

ADVISORY BOARD

• Gurvinder Singh Dhaliwal
Vancouver,
604-825-1550

• Sukhmander Singh Brar
Bhagta Bhai Ka
Abbotsford | 604-751-1113

• Hardam Singh Maan
Surrey
604-308-6663

• Virpal Singh Bhagta
News Reporter | Punjab
+91 96532 00226

• Ekjot Singh
News Reporter

Ekjot Singh as part of the
Local Journalism Initiative.

Printed & Published in
Canada by :
International Punjabi Tribune Inc.

604-584-5577 (Office)
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

Publisher is not responsible in any mishappening between the customer and Advertiser.

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨੇਡਾ ਵਿੱਚ ਔਖਾ ਹੋਇਆ ਪੰਜਾਬੀਆਂ ਦਾ ਜੀਵਨ ਬਸਰ

*"ਵਿਜ਼ਿਟਰ ਵੀਜ਼ੇ 'ਤੇ ਆ ਰਹੇ ਪਰਵਾਸੀ ਇੱਥੇ ਪੱਕੇ ਤੌਰ 'ਤੇ ਟਿਕ ਜਾਣਾ ਚਾਹੁੰਦੇ ਹਨ। ਇਸ ਲਈ ਉਹ ਏਜੰਟਾਂ ਤੇ ਵਕੀਲਾਂ ਦੀ ਸ਼ਰਨ ਵਿੱਚ ਜਾਂਦੇ ਹਨ। ਇਹ ਲੋਕ ਚਾਹਵਾਨਾਂ ਕੋਲੋਂ ਮੋਟੀ ਰਕਮ ਵਸੂਲ ਕੇ ਉਨ੍ਹਾਂ ਦੀ ਫਾਈਲ ਸ਼ਰਨ ਲੈਣ ਲਈ ਲਾ ਦਿੰਦੇ ਹਨ। ਫਾਈਲ ਨਾਲ ਝੂਠੇ ਸੱਚੇ ਦਸਤਾਵੇਜ਼ ਵਕੀਲ ਖ਼ੁਦ ਹੀ ਤਿਆਰ ਕਰ ਲੈਂਦੇ ਹਨ। ਸ਼ਰਨ ਮਿਲਣ 'ਤੇ ਬੰਦੇ ਨੂੰ ਰਫਿਊਜੀ ਦਾ ਸਟੇਟਸ ਮਿਲ ਜਾਂਦਾ ਹੈ ਜਿਸ ਦਾ ਭਾਵ ਹੈ ਕਿ ਤੁਹਾਨੂੰ ਆਪਣੇ ਹੀ ਦੇਸ਼ ਵਿੱਚ ਖ਼ਤਰਾ ਹੈ। ਇੱਥੇ ਪੱਕੇ ਹੋਣ ਲਈ ਆਪਣੇ ਦੇਸ਼ ਵਿੱਚ ਖ਼ਤਰੇ ਦਾ ਖ਼ਤਰਾ ਵੀ ਮੁੱਲ ਲੈਣਾ ਪੈਂਦਾ ਹੈ। ਇੰਝ ਹੀ ਲੋਕ ਮੋਟੀਆਂ ਰਕਮਾਂ ਲੈ ਕੇ ਵਰਕ ਪਰਮਿਟ ਦਿੰਦੇ ਹਨ। ਵਿਦੇਸ਼ੀ ਕਾਮੇ ਦੱਸਦੇ ਹਨ ਕਿ ਉਸ ਕੋਲ ਵਰਕ ਪਰਮਿਟ ਹੈ, ਪਰ ਵਰਕ ਨਹੀਂ। ਕੈਨੇਡਾ ਦੇ ਚਾਹਵਾਨਾਂ ਨਾਲ ਇਹ ਧਾਂਦਲੀਆਂ ਵੀ ਹੋ ਰਹੀਆਂ ਹਨ।"*

ਲਿਖਤ : ਮਲਵਿੰਦਰ
ਸੰਪਰਕ: 365 994 6744




ਪਿੱਛੇ ਜਿਹੇ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਅਖ਼ਬਾਰਾਂ ਵਿੱਚ ਖ਼ਬਰਾਂ ਛਪੀਆਂ ਕਿ ਪੁਲੀਸ ਨੇ ਤਿੰਨ ਪੰਜਾਬੀ ਮੁੰਡਿਆਂ ਨੂੰ ਸਟੋਰ ਲੁੱਟਣ ਦੇ ਮਾਮਲੇ ਵਿੱਚ ਕਾਬੂ ਕੀਤਾ ਹੈ। ਇਹ ਖ਼ਬਰ ਪੜ੍ਹ ਕੇ ਸਾਨੂੰ ਕੋਈ ਹੈਰਾਨੀ ਨਹੀਂ ਹੁੰਦੀ। ਇਹ ਖ਼ਤਰਨਾਕ ਵਰਤਾਰਾ ਹੈ। ਜਦ ਅਜਿਹੀਆਂ ਘਟਨਾਵਾਂ ਸਾਨੂੰ ਹੈਰਾਨ ਨਾ ਕਰਨ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਜੀਵਨ ਦੀਆਂ ਬੇਤਰਤੀਬੀਆਂ ਨਾਲ ਸਮਝੌਤਾ ਕਰ ਲਿਆ ਹੈ। ਸਮਾਜ ਵਿੱਚ ਹੋ ਰਹੇ ਗ਼ਲਤ ਦੇ ਨਤੀਜਿਆਂ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ ਅਤੇ ਅਸੀਂ ਕਿਸੇ ਵੱਡੇ ਹਾਦਸੇ ਦੇ ਵਾਪਰਨ ਦੀ ਉਡੀਕ ਕਰ ਰਹੇ ਹਾਂ। ਅਜਿਹਾ ਓਦੋਂ ਵੀ ਵਾਪਰਦਾ ਹੈ ਜਦੋਂ ਸਾਡੇ ਆਸਪਾਸ ਗ਼ੈਰ ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਹੋ ਰਿਹਾ ਹੁੰਦਾ ਹੈ, ਪਰਿਵਾਰ ਬਿਖਰ ਰਹੇ ਹੁੰਦੇ ਹਨ, ਜਵਾਨ ਲੜਕੇ ਮਰ ਰਹੇ ਹੁੰਦੇ ਹਨ ਤੇ ਅਸੀਂ ਚੁੱਪ ਰਹਿੰਦੇ ਹਾਂ।

ਪਰਵਾਸ ਕਰਕੇ ਬਿਹਤਰ ਜੀਵਨ ਹਾਲਤਾਂ ਲਈ ਦੂਜੇ ਦੇਸ਼ ਵਿੱਚ ਅਜਿਹੀਆਂ ਕਰਤੂਤਾਂ ਡੂੰਘੀ ਸੋਚ ਵਿਚਾਰ ਮੰਗਦੀਆਂ ਹਨ। ਕੈਨੇਡਾ ਵਿੱਚ ਅਜਿਹਾ ਕੀ ਹੈ ਕਿ ਅਸੀਂ ਆਪਣੀਆਂ ਚੰਗੀਆਂ ਨੌਕਰੀਆਂ ਛੱਡ ਕੇ, ਕਾਰੋਬਾਰ ਤਿਆਗ ਕੇ, ਚੰਗੀ ਭਲੀ ਖੇਤੀ ਛੱਡ ਕੇ, ਦੋ-ਮੰਜ਼ਲੀ ਕੋਠੀਆਂ ਨੂੰ ਜਿੰਦਰੇ ਮਾਰ ਕੇ ਇੱਧਰ ਆ ਗਏ ਹਾਂ ਜਾਂ ਆਉਣ ਲਈ ਤਰਲੋਮੱਛੀ ਹੋ ਰਹੇ ਹਾਂ। ਅਸੀਂ ਆਪਣੀਆਂ ਅਠਾਰਾਂ ਅਠਾਰਾਂ ਸਾਲਾਂ ਦੀਆਂ ਮਾਸੂਮ ਧੀਆਂ ਤੇ ਪੁੱਤਰਾਂ ਨੂੰ ਵੱਡੀ ਰਕਮ ਖ਼ਰਚ ਕਰਕੇ ਜਹਾਜ਼ ਚਾੜ੍ਹ ਰਹੇ ਹਾਂ? ਸ਼ਾਇਦ ਕੈਨੇਡਾ ਵਿੱਚ ਬਹੁਤ ਕੁਝ ਸੀ ਤੇ ਹੈ ਵੀ, ਪਰ ਸਾਡਾ ਵਿਹਾਰ ਤੇ ਚਾਲ-ਚੱਲਣ ਇਸ ਦੇ ਸਿਫ਼ਤੀ ਮੁਹਾਂਦਰੇ ਨੂੰ ਵਲੂੰਧਰ ਰਿਹਾ ਹੈ। ਕਾਰਾਂ ਚੋਰੀ ਕਰਨ, ਡਰੱਗਜ਼ ਦਾ ਕਾਰੋਬਾਰ, ਸਟੋਰਾਂ ਦੀਆਂ ਕੰਧਾਂ ਪਾੜ ਕੇ ਸਾਮਾਨ ਲੁੱਟਣ, ਸਟੋਰਾਂ ਦੀਆਂ ਟਰਾਲੀਆਂ ਵਿੱਚ ਗਰੋਸਰੀ ਦਾ ਸਾਮਾਨ ਲੱਦ ਕੇ ਆਪਣੇ ਘਰ ਤੱਕ ਲਿਜਾ ਕੇ ਟਰਾਲੀ ਕਿਸੇ ਗਲੀ ਸੜਕ ਕਿਨਾਰੇ ਲਾਵਾਰਸ ਛੱਡਣ, ਕਾਰਾਂ ਵਿੱਚ ਉੱਚੀ ਆਵਾਜ਼ ਵਿੱਚ ਗੀਤ ਲਾਉਣੇ ਤੇ ਪਲਾਜ਼ਿਆਂ, ਸਿਟੀ ਸੈਂਟਰਾਂ ਦੀਆਂ ਪਾਰਕਾਂ ਵਿੱਚ ਗੇੜੇ ਲਾਉਣੇ, ਕੁੜੀਆਂ ਨੂੰ ਘਟੀਆ ਨਜ਼ਰਾਂ ਨਾਲ ਘੂਰਨਾ ਆਦਿ ਕਈ ਨਿੱਕੀਆਂ ਨਿੱਕੀਆਂ ਗੱਲਾਂ ਹਨ ਜਿਨ੍ਹਾਂ ਦੇ ਨਤੀਜੇ ਵੱਡੇ ਨਿਕਲਣ ਵਾਲੇ ਹਨ। ਅਜਿਹੇ ਕਾਰਜਾਂ 'ਚ ਲੁਪਤ ਭਾਵੇਂ ਥੋੜ੍ਹੇ ਜਿਹੇ ਹਨ, ਪਰ ਸਮੁੱਚੇ ਪੰਜਾਬੀ ਭਾਈਚਾਰੇ ਦੇ ਮੱਥੇ 'ਤੇ ਕਲੰਕ ਦਾ ਦਾਗ ਲਾਉਣ ਲਈ ਇਹ ਬਹੁਤ ਹੈ।

ਇਹ ਕੋਈ ਨਵੀਂ ਗੱਲ ਨਹੀਂ ਕਿ ਕੈਨੇਡਾ ਵਿੱਚ ਪਰਵਾਸੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇੱਥੇ ਪੱਕੇ ਹੋਣ ਲਈ ਸ਼ਰਨ ਮੰਗਣ ਵਾਲਿਆਂ ਦੀ ਗਿਣਤੀ ਦੋ ਲੱਖ ਦੇ ਨੇੜੇ ਪੁੱਜ ਗਈ ਹੈ ਜਿਨ੍ਹਾਂ ਵਿੱਚ 10,000 ਪੰਜਾਬੀ ਹਨ। ਸ਼ਰਨ ਕੈਨੇਡਾ ਵਿੱਚ ਪੱਕੇ ਹੋਣ ਦਾ ਇੱਕ ਰਾਹ ਹੈ। ਇਸ ਦੀ ਇਜਾਜ਼ਤ ਤਾਂ ਮਿਲਦੀ ਹੈ ਜੇਕਰ ਤੁਹਾਡੀ ਨਸਲ, ਧਰਮ, ਕੌਮੀਅਤ ਜਾਂ ਰਾਜਨੀਤਕ ਵਿਚਾਰਾਂ ਕਾਰਨ ਤੁਹਾਨੂੰ ਤੁਹਾਡੇ ਆਪਣੇ ਦੇਸ਼ ਵਿੱਚ ਸਤਾਇਆ ਜਾ ਰਿਹਾ ਹੈ। ਤੁਹਾਡੇ ਉੱਪਰ ਅੱਤਿਆਚਾਰ ਹੋ ਰਿਹਾ ਹੈ ਜਾਂ ਹੋਣ ਦਾ ਡਰ ਹੈ। ਇਸ ਤੋਂ ਇਲਾਵਾ ਵਰਕ ਪਰਮਿਟ ਵੀ ਇੱਕ ਤਰੀਕਾ ਹੈ ਜਿਸ ਨਾਲ ਅਸੀਂ ਕੈਨੇਡਾ ਵਿੱਚ ਪੱਕੇ ਹੋਣ ਦੀ ਆਸ ਕਰ ਸਕਦੇ ਹਾਂ।

ਵਿਦਿਆਰਥੀ ਵੀਜ਼ੇ ਉੱਪਰ ਕੈਨੇਡਾ ਆਏ ਜਾਂ ਆ ਰਹੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਲਗਾਤਾਰ ਵਧ ਰਹੀਆਂ ਹਨ। ਰਾਹ ਗਲੀ ਮਿਲਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਜਦੋਂ ਜੌਬ ਬਾਰੇ ਪੁੱਛੀ ਦਾ ਤਾਂ ਬਹੁਤਿਆਂ ਦਾ ਜਵਾਬ ਹੁੰਦਾ ਕਿ ਕੋਸ਼ਿਸ਼ ਕਰ ਰਹੇ ਹਾਂ। ਗਰੋਸਰੀ ਮਹਿੰਗੀ ਹੋ ਗਈ ਹੈ। ਰਹਿਣ ਲਈ ਬੇਸਮੈਂਟਾਂ ਦੇ ਕਿਰਾਏ ਵਧ ਗਏ ਹਨ। ਜੇਕਰ ਇਨ੍ਹਾਂ ਦੇ ਭਵਿੱਖ ਦੀ ਗੱਲ ਕਰੀਏ ਤਾਂ ਹਾਲਾਤ ਹੱਕ ਵਿੱਚ ਭੁਗਤਦੇ ਨਹੀਂ ਲੱਗਦੇ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਪੱਕੇ ਤੌਰ 'ਤੇ ਕੈਨੇਡਾ ਵਿੱਚ ਨਹੀਂ ਰਹਿ ਸਕਦੇ। ਉਸ ਨੇ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਮੁਕੰਮਲ ਕਰਕੇ ਆਪਣੇ ਘਰ ਪਰਤ ਜਾਣ ਦੀ ਸਲਾਹ ਦਿੱਤੀ ਹੈ।

ਉਂਝ ਜਦੋਂ ਇਸ ਦਾ ਦੂਜਾ ਪਾਸਾ ਵੇਖਦੇ ਹਾਂ ਤਾਂ ਸਥਿਤੀ ਵੱਖਰੀ ਲੱਗਦੀ ਹੈ। ਵਿਦਿਆਰਥੀ ਵੀਜ਼ੇ 'ਤੇ ਆਏ ਵਿਦਿਆਰਥੀਆਂ ਦੀ ਫੀਸ ਦੇ ਰੂਪ ਵਿੱਚ ਆਉਂਦੀ ਰਕਮ ਅਰਬਾਂ ਡਾਲਰ ਹੈ। ਇਸ ਦੇਸ਼ ਦੀ ਆਰਥਿਕਤਾ ਪਰਵਾਸੀਆਂ ਦੁਆਰਾ ਫੀਸ ਅਤੇ ਟੈਕਸ ਦੇ ਰੂਪ ਵਿੱਚ ਆਉਂਦੀ ਰਾਸ਼ੀ ਉੱਪਰ ਨਿਰਭਰ ਹੈ। ਕੁਝ ਵੀ ਹੋਵੇ ਮੌਜੂਦਾ ਸਮੇਂ ਇੱਥੇ ਹਰ ਹੈਸੀਅਤ ਦਾ ਪਰਵਾਸੀ ਸੰਕਟ ਵਿੱਚ ਹੈ। ਪਰਵਾਸ ਲਈ ਘਰੋਂ ਤੁਰਨਾ ਕਠਿਨ ਫ਼ੈਸਲਾ ਹੁੰਦਾ ਹੈ। ਰਿਵਰਸ ਪਰਵਾਸ ਹੋਰ ਵੀ ਕਠਿਨ ਤੇ ਨਿਰਾਸ਼ਾਜਨਕ ਹੁੰਦਾ ਹੈ। ਕੁਝ ਇਹ ਕਠਿਨ ਫ਼ੈਸਲਾ ਕਰ ਕੇ ਵਾਪਸ ਪੰਜਾਬ ਪਰਤ ਵੀ ਰਹੇ ਹਨ। ਇਹ ਰੁਝਾਨ ਅਜੇ ਮੁੱਢਲੇ ਪੜਾਅ 'ਤੇ ਹੈ। ਫਿਰ ਵੀ ਸਥਿਤੀ ਦਾ ਮੁਲਾਂਕਣ ਕਰਨ ਲਈ ਬਹੁਤ ਹੈ।

ਵਿਜ਼ਿਟਰ ਵੀਜ਼ੇ 'ਤੇ ਆ ਰਹੇ ਪਰਵਾਸੀ ਇੱਥੇ ਪੱਕੇ ਤੌਰ 'ਤੇ ਟਿਕ ਜਾਣਾ ਚਾਹੁੰਦੇ ਹਨ। ਇਸ ਲਈ ਉਹ ਏਜੰਟਾਂ ਤੇ ਵਕੀਲਾਂ ਦੀ ਸ਼ਰਨ ਵਿੱਚ ਜਾਂਦੇ ਹਨ। ਇਹ ਲੋਕ ਚਾਹਵਾਨਾਂ ਕੋਲੋਂ ਮੋਟੀ ਰਕਮ ਵਸੂਲ ਕੇ ਉਨ੍ਹਾਂ ਦੀ ਫਾਈਲ ਸ਼ਰਨ ਲੈਣ ਲਈ ਲਾ ਦਿੰਦੇ ਹਨ। ਫਾਈਲ ਨਾਲ ਝੂਠੇ ਸੱਚੇ ਦਸਤਾਵੇਜ਼ ਵਕੀਲ ਖ਼ੁਦ ਹੀ ਤਿਆਰ ਕਰ ਲੈਂਦੇ ਹਨ। ਸ਼ਰਨ ਮਿਲਣ 'ਤੇ ਬੰਦੇ ਨੂੰ ਰਫਿਊਜੀ ਦਾ ਸਟੇਟਸ ਮਿਲ ਜਾਂਦਾ ਹੈ ਜਿਸ ਦਾ ਭਾਵ ਹੈ ਕਿ ਤੁਹਾਨੂੰ ਆਪਣੇ ਹੀ ਦੇਸ਼ ਵਿੱਚ ਖ਼ਤਰਾ ਹੈ। ਇੱਥੇ ਪੱਕੇ ਹੋਣ ਲਈ ਆਪਣੇ ਦੇਸ਼ ਵਿੱਚ ਖ਼ਤਰੇ ਦਾ ਖ਼ਤਰਾ ਵੀ ਮੁੱਲ ਲੈਣਾ ਪੈਂਦਾ ਹੈ। ਇੰਝ ਹੀ ਲੋਕ ਮੋਟੀਆਂ ਰਕਮਾਂ ਲੈ ਕੇ ਵਰਕ ਪਰਮਿਟ ਦਿੰਦੇ ਹਨ। ਬੱਸ ਸਟਾਪ 'ਤੇ ਮਿਲੀ ਇੱਕ ਲੜਕੀ ਦੱਸਦੀ ਹੈ ਕਿ ਉਸ ਕੋਲ ਵਰਕ ਪਰਮਿਟ ਹੈ, ਪਰ ਵਰਕ ਨਹੀਂ। ਕੈਨੇਡਾ ਦੇ ਚਾਹਵਾਨਾਂ ਨਾਲ ਇਹ ਧਾਂਦਲੀਆਂ ਵੀ ਹੋ ਰਹੀਆਂ ਹਨ। ਇੱਕ ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਖੁੱਲ੍ਹ ਕੇ ਗੱਲ ਕਰਨ ਦਾ ਮੌਕਾ ਦਿੱਤਾ ਤਾਂ ਬਹੁਤ ਸਾਰੀਆਂ ਗੱਲਾਂ ਦਾ ਓਹਲਾ ਰੱਖ ਕੇ ਲੜਕੀਆਂ ਨੇ ਦੱਸਿਆ ਕਿ ਜੌਬ ਦੇਣ ਬਦਲੇ ਉਨ੍ਹਾਂ ਨੂੰ ਉਹ ਕੰਮ ਵੀ ਕਰਨ ਨੂੰ ਕਿਹਾ ਜਾਂਦਾ ਹੈ ਜਿਸ ਦਾ ਜ਼ਿਕਰ ਉਹ ਇੱਥੇ ਨਹੀਂ ਕਰ ਸਕਦੀਆਂ।

ਇੱਕ ਲੜਕੀ ਨੂੰ ਮਸਾਜ ਕਰਨ ਦੀ ਨੌਕਰੀ ਦੀ ਪੇਸ਼ਕਸ਼ ਕੀਤੀ ਗਈ। ਉਹ ਮਸਾਜ ਦੇ ਅਰਥ ਸਮਝਦੀ ਸੀ ਤਾਂ ਉਸ ਨੇ ਪੇਸ਼ਕਸ਼ ਠੁਕਰਾ ਦਿੱਤੀ। ਇੱਕ ਹੋਰ ਨੂੰ ਸ਼ਰਾਬ ਵਰਤਾਉਣ ਦੀ ਜੌਬ ਦੇਣ ਵੇਲੇ ਸ਼ਰਤ ਸੀ ਕਿ ਕੱਪੜੇ ਛੋਟੇ ਪਹਿਨਣੇ ਹਨ ਅਤੇ ਖ਼ੁਦ ਸ਼ਰਾਬ ਦਾ ਸੇਵਨ ਕਰਨਾ ਹੈ ਤਾਂ ਜੋ ਗਾਹਕ ਨੂੰ ਉਸ ਦੇ ਸਵਾਦ ਬਾਰੇ ਦੱਸਿਆ ਜਾਵੇ। ਉਸ ਨੂੰ ਵੀ ਜੌਬ ਠੁਕਰਾਉਣੀ ਠੀਕ ਲੱਗੀ, ਪਰ ਇਹ ਸਮਝ ਤੇ ਇਰਾਦਾ ਹਰ ਲੜਕੀ ਕੋਲ ਨਹੀਂ ਹੁੰਦਾ। ਇਸ ਤਰ੍ਹਾਂ ਕੁਝ ਹੋਰ ਵਿਦਿਆਰਥੀਆਂ ਨੇ ਆਪਣੇ ਮੁੱਢਲੇ ਦਿਨਾਂ ਦੇ ਸੰਘਰਸ਼ ਦੀਆਂ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਸੈਸ਼ਨ ਦੌਰਾਨ ਮੈਨੂੰ ਇਹ ਸਮਝ ਆਈ ਕਿ ਸਾਨੂੰ ਵੱਧ ਤੋਂ ਵੱਧ ਅਜਿਹੇ ਮੰਚ ਮੁਹੱਈਆ ਕਰਵਾਉਣੇ ਚਾਹੀਦੇ ਹਨ ਜਿੱਥੇ ਉਹ ਆਪਣੇ ਸੰਘਰਸ਼ ਦੀ ਗੱਲ ਕਰਦਿਆਂ ਆਉਂਦੀਆਂ ਮੁਸ਼ਕਿਲਾਂ ਬਾਰੇ ਗੱਲ ਕਰ ਸਕਣ। ਇੰਝ ਹੋਰਾਂ ਅਤੇ ਨਵਿਆਂ ਨੂੰ ਲੋੜੀਂਦਾ ਗਿਆਨ ਮਿਲ ਸਕਦਾ ਹੈ ਜਿਸ ਨਾਲ ਉਹ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਸਕਦੇ ਹਨ।

ਕੁਲ ਮਿਲਾ ਕੇ ਕੈਨੇਡਾ ਚੰਗਾ ਮੁਲਕ ਹੈ। ਪੌਣ, ਪਾਣੀ ਤੇ ਭੋਇੰ ਨੂੰ ਸੰਭਾਲਿਆ ਹੋਇਆ ਹੈ। ਲੋਕ ਨਿਯਮਾਂ ਦਾ ਪਾਲਣ ਕਰਦੇ ਹਨ। ਲੋਕਾਂ ਨੂੰ ਆਪਣੇ ਕਿਸੇ ਕੰਮ ਲਈ ਦਫ਼ਤਰਾਂ ਵਿੱਚ ਖੱਜਲ ਖ਼ੁਆਰ ਨਹੀਂ ਹੋਣਾ ਪੈਂਦਾ, ਪਰ ਮੰਦੀ ਦਾ ਦੌਰ ਚੱਲ ਰਿਹਾ ਹੈ। ਨਵੇਂ ਆਏ ਵਿਦਿਆਰਥੀਆਂ ਨੂੰ ਤੇ ਕਈ ਪੁਰਾਣਿਆਂ ਨੂੰ ਵੀ ਜੌਬ ਨਹੀਂ ਮਿਲ ਰਹੀ। ਵਿਆਜ ਦਰਾਂ ਵਧਣ ਕਾਰਨ ਘਰ ਖ਼ਰੀਦਣੇ ਔਖੇ ਹੋ ਗਏ ਹਨ। ਜੀਵਨ ਬਸਰ ਮਹਿੰਗਾ ਹੋ ਗਿਆ ਹੈ। ਅਜਿਹੇ ਵਿੱਚ ਤਹੱਮਲ ਰੱਖਣ ਦੀ ਲੋੜ ਹੈ। ਜਿਹੜੇ ਪਰਵਾਸੀ ਸਿਸਟਮ ਦੇ ਮੇਚ ਨਹੀਂ ਆਉਂਦੇ, ਉਹ ਸਰਕਾਰ ਦੀ ਅੱਖ 'ਚ ਰੜਕਦੇ ਹਨ। ਸਟੱਡੀ ਵੀਜ਼ੇ 'ਤੇ ਆਇਆਂ ਨੂੰ ਪੀ.ਆਰ. ਨਾ ਦੇਣ ਦੇ ਫ਼ੈਸਲੇ ਵਰਗੇ ਹੋਰ ਕਠਿਨ ਫ਼ੈਸਲੇ ਵੀ ਆ ਸਕਦੇ ਹਨ। ਪਰਵਾਸੀਆਂ ਤੇ ਖ਼ਾਸ ਕਰਕੇ ਪੰਜਾਬੀ ਪਰਵਾਸੀਆਂ ਨੂੰ ਸੋਚਣ ਦੀ ਲੋੜ ਹੈ। ਨਹੀਂ ਤਾਂ ਕੈਨੇਡਾ ਹੱਥਾਂ 'ਚੋਂ ਤਿਲ੍ਹਕ ਜਾਵੇਗਾ।

# ਇਲੋਨ ਮਸਕ X 'ਤੇ 200 ਮਿਲੀਅਨ ਫਾਲੋਅਰਜ਼ ਦੇ ਅੰਕੜੇ ਤੱਕ ਪਹੁੰਚਣ ਵਾਲੇ ਪਹਿਲੇ ਵਿਅਕਤੀ ਬਣੇ



ਸਰੀ (ਏਕਜੋਤ ਸਿੰਘ): ਟੈਸਲਾ ਅਤੇ ਸਪੇਸਐਕਸ ਦੇ ਮਾਲਕ ਇਲੋਨ ਮਸਕ ਨੇ ਇੱਕ ਨਵਾਂ ਇਤਿਹਾਸ ਰਚਿਆ ਹੈ। ਉਹ ਮਾਈਕਰੋਬਲੌਗਿੰਗ ਪਲੇਟਫਾਰਮ X (ਜਿਸ ਨੂੰ ਪਹਿਲਾਂ ਟਵਿੱਟਰ ਕਿਹਾ ਜਾਂਦਾ ਸੀ) 'ਤੇ 200 ਮਿਲੀਅਨ ਫਾਲੋਅਰਜ਼ ਦਾ ਮੰਜ਼ਿਲੀ ਅੰਕੜਾ ਛੂਹਣ ਵਾਲੇ ਪਹਿਲੇ ਵਿਅਕਤੀ ਬਣ ਗਏ ਹਨ। ਇਹ ਉਪਲੱਬਧੀ ਮਸਕ ਦੀ ਵੱਡੀ ਲੋਕਪ੍ਰਿਯਤਾ ਅਤੇ ਜਨਤਾ ਵਿੱਚ ਉਨ੍ਹਾਂ ਦੇ ਅਸਰਦਾਰ ਹੋਣ ਦਾ ਸਪੱਸ਼ਟ ਸੰਕੇਤ ਹੈ।

ਐਲੋਨ ਮਸਕ ਦੀ ਇਹ ਪ੍ਰਾਪਤੀ ਟੈਕਨੋਲੋਜੀ, ਕਾਰੋਬਾਰ, ਅਤੇ ਸਮਾਜਿਕ ਮਾਧਿਮ ਵਿੱਚ ਉਨ੍ਹਾਂ ਦੇ ਭੂਮਿਕਾ ਦੇ ਨਾਲ ਆਈ ਹੈ। ਮਸਕ ਸਿਰਫ਼ ਟੈਕਨੋਲੋਜੀ ਦੇ ਮੈਦਾਨ ਵਿੱਚ ਹੀ ਨਹੀਂ, ਬਲਕਿ ਉਹ ਅਕਸਰ ਵਿਵਾਦਾਂ ਅਤੇ ਨਵੀਆਂ ਖੋਜਾਂ ਨਾਲ ਵੀ ਚਰਚਾ 'ਚ ਰਹਿੰਦੇ ਹਨ, ਜੋ ਕਿ ਉਹਨਾਂ ਦੇ ਪਲੇਟਫਾਰਮ 'ਤੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਖਿੱਚਦਾ ਹੈ।

ਇਸ ਤੋਂ ਪਹਿਲਾਂ, ਮਸਕ ਨੇ ਟਵਿੱਟਰ ਨੂੰ ਖਰੀਦ ਕੇ ਇਸਦਾ ਨਾਮ ਬਦਲ ਕੇ X ਰੱਖਿਆ ਅਤੇ ਇਸ ਪਲੇਟਫਾਰਮ 'ਤੇ ਕਈ ਮਹੱਤਵਪੂਰਨ ਬਦਲਾਅ ਕੀਤੇ। ਮਸਕ ਦੀ ਟਵਿੱਟਰ 'ਤੇ ਗਿਣਤੀ ਦੇ ਇਤਿਹਾਸਕ ਅੰਕੜੇ ਤੱਕ ਪਹੁੰਚ ਉਸ ਦੀ ਪ੍ਰਬੰਧਕੀ ਸਮਰੱਥਾ ਅਤੇ ਲੋਕਾਂ ਦੇ ਸਾਥ ਨੂੰ ਦਰਸਾਉਂਦੀ ਹੈ।

ਐਲੋਨ ਮਸਕ ਦੀ ਪ੍ਰਾਪਤੀ ਉਸ ਸਮੇਂ ਹੋਈ ਹੈ ਜਦੋਂ ਉਨ੍ਹਾਂ ਦੇ ਮੁਕਾਬਲੇ ਵਿੱਚ ਕਈ ਹੋਰ ਮਸ਼ਹੂਰ ਹਸਤੀਆਂ ਵੀ ਮੌਜੂਦ ਹਨ। ਇਸਦੇ ਰਾਹੀ, ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ, ਜਿਨ੍ਹਾਂ ਦੇ X 'ਤੇ 131.9 ਮਿਲੀਅਨ ਫਾਲੋਅਰਜ਼ ਹਨ, ਅਤੇ ਮਸ਼ਹੂਰ ਫੁੱਟਬਾਲ ਖਿਡਾਰੀ ਕ੍ਰਿਸਟੀਆਨੋ ਰੋਨਾਲਡੋ, ਜਿਨ੍ਹਾਂ ਦੇ 113.2 ਮਿਲੀਅਨ ਫਾਲੋਅਰਜ਼ ਹਨ, ਉਨ੍ਹਾਂ ਦੇ ਤੋਂ ਕਾਫੀ ਪਿੱਛੇ ਹਨ।

ਜ਼ਿਕਰਯੋਗ ਹੈ ਕਿ ਟੈਸਲਾ ਨੇ ਆਪਣੀ ਪ੍ਰਸਿੱਧ ਮਾਡਲ ਐਕਸ ਅਤੇ ਮਾਡਲ 3 ਦੇ ਨਵੇਂ ਸੰਸਕਰਣਾਂ ਦਾ ਪ੍ਰਕਾਸ਼ਨ ਕੀਤਾ ਹੈ। ਇਹ ਨਵੇਂ ਮਾਡਲ, ਜਿਹੜੇ ਵਧੇਰੇ ਸੁਰੱਖਿਆ ਮਿਆਰਾਂ ਅਤੇ ਇੰਟੇਲੀਜੈਂਟ ਫੀਚਰਾਂ ਨਾਲ ਲੈਸ ਹਨ, ਵਿਦੇਸ਼ੀ ਮਾਰਕੀਟਾਂ ਵਿੱਚ ਵੱਡੀ ਸੰਖਿਆ ਵਿੱਚ ਵੇਚੇ ਜਾਣ ਦੀ ਉਮੀਦ ਕੀਤੀ ਜਾ ਰਹੀ ਹੈ। ਮਸਕ ਦਾ ਉਦੇਸ਼ ਆਉਣ ਵਾਲੇ ਸਾਲਾਂ ਵਿੱਚ ਕਾਰਬਨ ਨਿਕਾਸ ਨੂੰ ਘਟਾਉਣਾ ਹੈ। This report was written by Ekjot Singh as part of the Local Journalism Initiative.

# ਸੰਯੁਕਤ ਰਾਸ਼ਟਰ ਦੇ ਮੁਖੀ ਗੁਟੇਰੇਜ਼ ਦੇ ਇਜ਼ਰਾਈਲ ਵਿੱਚ ਦਾਖ਼ਲੇ 'ਤੇ ਲੱਗੀ ਪਾਬੰਦੀ



ਵਾਸ਼ਿੰਗਟਨ : ਇਜ਼ਰਾਈਲ ਦੇ ਪ੍ਰਧਾਨਮੰਤਰੀ ਬੇਨਯਾਮਿਨ ਨੇਤਨਯਾਹੂ ਦੀ ਸਰਕਾਰ ਨੇ ਸੰਯੁਕਤ ਰਾਸ਼ਟਰ ਦੇ ਮੁਖੀ ਅੰਟੋਨੀਓ ਗੁਟੇਰੇਜ਼ ਦੇ ਇਜ਼ਰਾਈਲ ਦਾਖ਼ਲੇ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫੈਸਲਾ ਇੱਕ ਨਾਜ਼ੁਕ ਸਮੇਂ 'ਤੇ ਆਇਆ ਹੈ ਜਦੋਂ ਇਜ਼ਰਾਈਲ-ਫਿਲਸਤੀਨ ਤਣਾਅ ਆਪਣੇ ਸਿੱਖਰ 'ਤੇ ਹੈ। ਇਸ ਘਟਨਾ ਨੇ ਅੰਤਰਰਾਸ਼ਟਰੀ ਰਾਜਨੀਤਿਕ ਪੱਧਰ 'ਤੇ ਨਵੀਆਂ ਚਰਚਾਵਾਂ ਨੂੰ ਜਨਮ ਦਿੱਤਾ ਹੈ ਅਤੇ ਇਸ ਨੂੰ ਮਿਡਲ ਈਸਟ ਵਿੱਚ ਸ਼ਾਂਤੀ ਪ੍ਰਕਿਰਿਆ ਲਈ ਇੱਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਇਸ ਪਾਬੰਦੀ ਦਾ ਮੁੱਖ ਕਾਰਨ ਗੁਟੇਰੇਜ਼ ਦੇ ਹਾਲ ਹੀ ਦੇ ਕਈ ਬਿਆਨਾਂ ਅਤੇ ਕਾਰਵਾਈਆਂ ਮੰਨੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਉਨ੍ਹਾਂ ਨੇ ਇਜ਼ਰਾਈਲ ਅਤੇ ਫਿਲਸਤੀਨ ਵਿੱਚ ਹਿੰਸਾ ਬਾਰੇ ਆਪਣੀ ਚਿੰਤਾ ਜ਼ਾਹਰ ਕੀਤੀ ਸੀ। ਇਸ ਨਾਲ ਇਜ਼ਰਾਈਲ ਦੀ ਸਰਕਾਰ ਨੂੰ ਇਹ ਮਹਿਸੂਸ ਹੋਇਆ ਕਿ ਗੁਟੇਰੇਜ਼ ਨੇ ਇਸ ਮੁੱਦੇ 'ਤੇ ਇਜ਼ਰਾਈਲ ਦੀ ਸੂਚਨਾ ਅਤੇ ਸੁਰੱਖਿਆ ਦੀ ਚਿੰਤਾ ਨੂੰ ਨਜ਼ਰਅੰਦਾਜ਼ ਕੀਤਾ ਹੈ।

ਇਜ਼ਰਾਈਲੀ ਸਰਕਾਰ ਦਾ ਕਹਿਣਾ ਹੈ ਕਿ ਗੁਟੇਰੇਜ਼ ਨੇ ਹਮਾਸ ਦੇ ਹਮਲਿਆਂ ਅਤੇ ਹਿੰਸਕ ਕਾਰਵਾਈਆਂ ਨੂੰ ਓਨੀ ਗੰਭੀਰਤਾ ਨਾਲ ਨਹੀਂ ਲਿਆ ਜਿੰਨੀ ਲੋੜ ਸੀ, ਜਿਸ ਕਾਰਨ ਉਨ੍ਹਾਂ ਦੇ ਸਟੈਂਡ 'ਤੇ ਸਵਾਲ ਉਠੇ ਹਨ।

ਗੁਟੇਰੇਜ਼ ਨੇ ਇਸ ਪਾਬੰਦੀ ਬਾਰੇ ਸਾਫ਼ ਕੀਤਾ ਹੈ ਕਿ ਉਹ ਸੰਯੁਕਤ ਰਾਸ਼ਟਰ ਦੇ ਅਧਿਕਾਰ ਦੇ ਤਹਿਤ ਸਾਰੇ ਮੈਂਬਰ ਦੇਸ਼ਾਂ ਨਾਲ ਸੰਵਾਦ ਰੱਖਣ ਦੇ ਵਚਨਬੱਧ ਹਨ, ਅਤੇ ਉਹ ਅਹਿੰਸਾ, ਨਿਆਂ ਅਤੇ ਸ਼ਾਂਤੀ ਦੇ ਮੌਲਕ ਸਿਧਾਂਤਾਂ 'ਤੇ ਅਡਿੱਠ ਰਹਿਣਗੇ। ਉਨ੍ਹਾਂ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਹਮੇਸ਼ਾ ਦੁਨੀਆਂ ਭਰ ਵਿੱਚ ਇਨਸਾਫ਼ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਲਈ ਕੰਮ ਕਰਦਾ ਰਿਹਾ ਹੈ।

ਇਜ਼ਰਾਈਲ ਵੱਲੋਂ ਗੁਟੇਰੇਜ਼ ਦੇ ਦਾਖ਼ਲੇ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਨਿੱਕਟ ਭਵਿੱਖ ਵਿੱਚ ਅੰਤਰਰਾਸ਼ਟਰੀ ਰਾਜਨੀਤਿਕ ਸੰਬੰਧਾਂ 'ਤੇ ਡੂੰਘੇ ਪ੍ਰਭਾਵ ਪਾ ਸਕਦਾ ਹੈ। ਇਸ ਨਾਲ ਸੰਯੁਕਤ ਰਾਸ਼ਟਰ ਅਤੇ ਇਜ਼ਰਾਈਲ ਦੇ ਦਰਮਿਆਨ ਸੰਬੰਧਾਂ ਵਿੱਚ ਤਣਾਅ ਵਧਣ ਦੀ ਸੰਭਾਵਨਾ ਹੈ ਅਤੇ ਇਹ ਮਿਡਲ ਈਸਟ ਵਿੱਚ ਸ਼ਾਂਤੀ ਦੀ ਕਿਸੇ ਵੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਜ਼ਰਾਈਲ ਦੀ ਸਰਕਾਰ ਅਤੇ ਸੰਯੁਕਤ ਰਾਸ਼ਟਰ ਵਿੱਚ ਇਸ ਮਾਮਲਾ ਅੱਗੇ ਕੀ ਮੋੜ ਲੈਂਦਾ ਹੈ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕਈ ਰਾਜਨੀਤਿਕ ਵਿਸ਼ਲੇਸ਼ਕ ਇਸ ਪਾਬੰਦੀ ਨੂੰ ਗੰਭੀਰ ਮੰਨ ਰਹੇ ਹਨ ਅਤੇ ਇਸ ਨਾਲ ਇਜ਼ਰਾਈਲ ਦੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸ਼ਨ ਉਠਾਏ ਜਾ ਰਹੇ ਹਨ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861



Keep Smiling Denture Clinic
Complete Denture | Implant Denture | Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
13117-67A Ave, Surrey, BC | 2644 Cyril St Abbotsford BC

ਲਿਖਤ : ਡਾ. ਹਰਸ਼ਿੰਦਰ ਕੌਰ, ਐੱਮ.ਡੀ.
ਫੋਨ: +91-0175-2216783




ਭਾਰਤ ਵਿਚ ਖੇਡੀਆਂ ਜਾ ਰਹੀਆਂ ਖੇਡਾਂ ਵਿਚ ਇਕ ਨਵੀਂ ਖੇਡ ਸ਼ਾਮਲ ਕਰ ਦਿੱਤੀ ਗਈ ਹੈ, ਜਿਸ ਦੀ ਚਰਚਾ ਰਾਸ਼ਟਰੀ ਨਹੀਂ ਬਲਕਿ ਅੰਤਰਰਾਸ਼ਟਰੀ ਪੱਧਰ ਉੱਤੇ ਹੋ ਰਹੀ ਹੈ। ਇਸ ਖੇਡ ਦਾ ਨਾਂ ਹੈ ਜਬਰ-ਜਨਾਹ! ਖੇਡ ਇਸ ਲਈ ਕਿਹਾ ਹੈ ਕਿਉਂਕਿ ਇਸ ਖੇਡ ਨੂੰ ਹੁਣ ਟੀਮਾਂ ਬਣਾ ਕੇ ਖੇਡਿਆ ਜਾਣ ਲੱਗ ਪਿਆ ਹੈ! ਇਸ ਖੇਡ ਦੇ ਰੂਲ ਵੀ ਅਜੀਬ ਹਨ। ਇਕ ਪਾਸੇ ਕਮਜ਼ੋਰ ਨਿਹੱਥੀ ਬਾਲੜੀ ਤੇ ਦੂਜੇ ਪਾਸੇ ਛੇ ਤੋਂ ਵੀਹ ਜਣੇ ਪੂਰੇ ਹਥਿਆਰਾਂ ਨਾਲ ਲੈਸ !!! ਜਿੰਨੀ ਵੱਧ ਦਰਿੰਦਗੀ, ਓਨੀ ਹੀ ਉਹ ਖੇਡ ਵਧੀਆ ਮੰਨੀ ਜਾਂਦੀ ਹੈ। ਜਿਸ ਖੇਡ ਦੇ ਫਾਈਨਲ ਮੈਚ ਵਿਚ ਪੂਰੀ ਵੀਡੀਓਗ੍ਰਾਫੀ ਨਾਲ ਬਾਲੜੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ, ਉਹ ਅੰਤਰਰਾਸ਼ਟਰੀ ਚਰਚਾ ਦਾ ਵਿਸ਼ਾ ਬਣ ਜਾਂਦਾ ਹੈ ਤੇ ਭਾਰੀ ਜਿੱਤ ਦਾ ਐਲਾਨ ਕੀਤਾ ਜਾਂਦਾ ਹੈ। ਇਸ ਖੇਡ ਦੇ ਮੂਕ ਦਰਸ਼ਕਾਂ ਵਿਚ ਚੋਟੀ ਦੇ ਸਿਆਸਤਦਾਨ, ਪੁਲਿਸਕਰਮੀ, ਮੀਡੀਆ-ਕਰਮੀ, ਡਾਕਟਰ, ਇੰਜੀਨੀਅਰ, ਵਕੀਲ, ਜੱਜ, ਪ੍ਰਿੰਸੀਪਲ, ਅਧਿਆਪਕ, ਬਸ ਤੇ ਟਰੱਕ ਡਰਾਈਵਰ, ਟੈਕਸੀ-ਚਾਲਕ ਤੇ ਹੋਰ ਵੀ ਅਣਗਿਣਤ ਲੋਕ ਸ਼ਾਮਲ ਹਨ। ਗੱਲ ਕੀ ਹਰ ਪੇਸ਼ੇ ਦੇ ਲੋਕਾਂ ਨੂੰ ਇਹ ਖੇਡ ਖੇਡਣ ਦੀ ਖੁੱਲ੍ਹ ਦਿੱਤੀ ਗਈ ਹੈ। ਜਿਹੜੇ ਇਹ ਖੇਡ ਨਹੀਂ ਖੇਡਦੇ, ਕੀ ਉਨ੍ਹਾਂ ਨੂੰ ਕਦੇ ਅਖ਼ਬਾਰਾਂ ਦੀ ਸੁਰਖੀ ਮਿਲਦੀ ਵੇਖੀ ਹੈ? ਸ਼ਿਕਾਰ ਖੇਡੀ ਜਾਣ ਵਾਲੀ ਬਾਲੜੀ ਦੋ ਮਹੀਨਿਆਂ ਦੀ ਵੀ ਹੋ ਸਕਦੀ ਹੈ ਤੇ 90 ਵਰ੍ਹਿਆਂ ਦੀ ਔਰਤ ਵੀ! ਪੁੱਤਰ ਹੋਵੇ ਤੇ ਭਾਵੇਂ ਪਿਓ, ਚਾਚਾ, ਤਾਇਆ, ਕੋਈ ਵੀ ਇਸ ਖੇਡ ਨੂੰ ਖੇਡਣ ਤੋਂ ਪਰ੍ਹਾਂ ਰਹਿ ਨਹੀਂ ਸਕਿਆ। ਇਸ ਨੂੰ ਖੇਡ ਦਾ ਨਾਂ ਇਸ ਲਈ ਵੀ ਦਿੱਤਾ ਗਿਆ ਹੈ ਕਿ ਮਾਰੇ ਜਾਣ ਬਾਅਦ ਵੀ ਕਿਸੇ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ। ਅਜਿਹੇ ਖਿਡਾਰੀ ਧੌਣ ਅਕੜਾ ਕੇ ਸਮਾਜ ਵਿਚ ਆਪਣੀ ਛਾਤੀ ਉੱਤੇ ਜਿੱਤ ਦਾ ਬਿੱਲਾ ਲਾ ਕੇ ਘੁੰਮਦੇ ਹਨ। ਵਿਕੇ ਹੋਏ ਮੀਡੀਆ ਦੇ ਅੰਸ਼ ਇਸ ਨੂੰ ਹੋਰ ਉਘਾੜਦੇ ਹਨ ਤੇ ਵਿਰੋਧ ਕਰਨ ਵਾਲਿਆਂ ਨੂੰ ਮਾਰ ਮੁਕਾ ਦਿੱਤਾ ਜਾਂਦਾ ਹੈ। ਪਹਿਲਿਆਂ ਸਮਿਆਂ ਵਿਚ ਜੰਗਲ ਵਿਚ ਸ਼ਿਕਾਰ ਕਰਨ ਲਈ ਅਜਿਹਾ ਹੀ ਢੰਗ ਵਰਤਿਆ ਜਾਂਦਾ ਸੀ ਜਿੱਥੇ ਸ਼ਿਕਾਰ ਕੀਤੇ ਜਾਣ ਵਾਲੇ ਜਾਨਵਰ ਨੂੰ ਚੁਫ਼ੇਰਿਓਂ ਘੇਰ ਕੇ ਮਾਰ ਮੁਕਾਇਆ ਜਾਂਦਾ ਸੀ। ਫਿਰ ਪੂਰੇ ਦਬਦਬੇ ਨਾਲ ਉਸ ਲਾਸ਼ ਨੂੰ ਨੁਮਾਇਸ਼ ਕਰਦਿਆਂ ਘਰ ਲਿਆ ਕੇ ਖੱਲ ਵਿਚ ਭੂਸਾ ਭਰ ਕੇ ਕੰਧ ਉੱਤੇ ਟੰਗ ਦਿੱਤਾ ਜਾਂਦਾ ਸੀ। ਹੁਣ ਅਸੂਲ ਕੁੱਝ ਵੱਖ ਹਨ। ਸ਼ਿਕਾਰ ਹੁਣ ਸ਼ਹਿਰੀ ਕੰਕਰੀਟ ਜੰਗਲਾਂ ਅੰਦਰ ਹੁੰਦਾ ਹੈ। ਸ਼ਿਕਾਰ ਕਰਨ ਲਈ ਲੋਹੇ ਦੀਆਂ ਰਾਡਾਂ, ਬਲੇਡ, ਸੋਟੀਆਂ, ਕੰਡੋਮ, ਤੇਜ਼ਾਬ, ਜੰਬੂਰ, ਕੰਡਿਆਲੀਆਂ ਤਾਰਾਂ ਆਦਿ, ਵਰਤੀਆਂ ਜਾਣ ਲੱਗ ਪਈਆਂ ਹਨ। ਜਿਸਮ ਅੰਦਰ ਕੁੱਝ ਸਾਬਤ ਛੱਡਿਆ ਹੀ ਨਹੀਂ ਜਾਂਦਾ। ਬਾਹਰੀ ਖੱਲ ਵੀ ਇਸ ਬੇਹੂਦਗੀ ਨਾਲ ਚੀਰ ਦਿੱਤੀ ਜਾਂਦੀ ਹੈ ਕਿ ਭੂਸਾ ਭਰ ਕੇ ਰੱਖਣ ਯੋਗ ਨਹੀਂ ਰਹਿੰਦੀ। ਇਸੇ ਲਈ ਹੱਡੀਆਂ ਤੋੜ ਕੇ, ਅੰਨ੍ਹੇ ਕਰ ਕੇ, ਤੇਜ਼ਾਬ ਮੂੰਹ ਵਿਚ ਪਾ ਕੇ, ਸਰੀਰ ਉੱਤੇ ਦੰਦਾਂ ਨਾਲ ਚੱਕ ਮਾਰ ਕੇ, ਜੰਬੂਰਾਂ ਨਾਲ ਨਹੁੰ ਪੁੱਟ ਕੇ, ਬਲੇਡਾਂ ਨਾਲ ਚੀਰ ਕੇ, ਕਈ ਲਿਟਰ ਲਹੂ ਚੁਫ਼ੇਰੇ ਵਹਾ ਕੇ ਉੱਥੇ ਹੀ ਨਿਰਵਸਤਰ ਸੁੱਟ ਕੇ ਤਮਾਸ਼ਾ ਬਣਾਇਆ ਜਾਂਦਾ ਹੈ। ਏਥੇ ਬਸ ਨਹੀਂ ਹੁੰਦੀ। ਫਿਰ ਇਸ ਸ਼ਿਕਾਰ ਦੀ ਵੀਡੀਓ ਬਣਾ ਕੇ, ਉਸ ਉੱਤੋਂ ਉਮਰ ਭਰ ਕਮਾਈ ਦਾ ਸਾਧਨ ਬਣਾ ਲਿਆ ਜਾਂਦਾ ਹੈ। ਸਾਲਾਂ ਸਾਲ ਤਰੀਕਾਂ ਪੈਂਦੀਆਂ ਹਨ। ਕੁੱਝ ਸਮੇਂ ਲਈ ਸੁਰਖ਼ੀਆਂ ਬਣਦੀਆਂ ਹਨ। ਫਿਰ ਹੋਰ ਨਵੀਂ ਸੁਰਖ਼ੀ ਆ ਜਾਂਦੀ ਹੈ। ਉਸ ਤੋਂ ਬਾਅਦ ਆਉਂਦੀਆਂ ਨੇ ਚੋਣਾਂ। ਇਹ ਖੇਡ ਖੇਡਣ ਵਾਲੇ ਸ਼ਿਕਾਰੀਆਂ ਦੀ ਲੋੜ ਪੈਂਦੀ ਹੈ। ਫਿਰ ਇਹ ਮੁੱਛਾਂ ਨੂੰ ਤਾਅ ਦੇ ਕੇ ਕੁੱਦ ਪੈਂਦੇ ਹਨ ਚੋਣ ਪਿੜ ਦੇ ਅੰਦਰ, ਲੋਕਾਂ ਨੂੰ ਆਪਣੀ ਤਾਕਤ ਅਤੇ ਸ਼ਿਕਾਰ ਕਰਨ ਦੇ ਢੰਗ ਬਾਰੇ ਚੇਤਾ ਕਰਵਾ ਕੇ ਵੋਟਾਂ ਹਥਿਆਉਣ ਲਈ। ਇਸ ਖੇਡ ਦਾ ਪ੍ਰਚਲਨ ਏਨਾ ਵਧ ਗਿਆ ਹੈ ਕਿ 365 ਦਿਨਾਂ ਵਿਚੋਂ ਇੱਕ ਵੀ ਦਿਨ ਖਾਲੀ ਨਹੀਂ ਲੰਘਦਾ। ਕਦੇ ਕਦੇ ਤਾਂ ਇੱਕੋ ਦਿਨ ਵਿਚ ਤਿੰਨ ਜਾਂ ਚਾਰ ਸ਼ਿਕਾਰ ਵੀ ਕੀਤੇ ਜਾਂਦੇ ਹਨ। ਹੁਣ ਤਾਂ ਇਹ ਵੀ ਭਾਰਤੀ ਰਿਕਾਰਡ ਬ ਣ ਚੁੱਕਿਆ ਹੈ ਜਿੱਥੇ ਇੱਕੋ ਦਿਨ ਤੇ ਉਹ ਵੀ ਵਿਸ਼ਵ ਮਹਿਲਾ ਦਿਵਸ ਵਾਲੇ ਦਿਨ ਤੇਰਾਂ ਔਰਤਾਂ ਤੇ ਬੱਚੀਆਂ ਦਾ ਸ਼ਿਕਾਰ ਕੀਤਾ ਗਿਆ। ਨਿੱਤ ਨਵੇਂ ਘੜੇ ਜਾਂਦੇ ਅਸੂਲਾਂ ਤਹਿਤ ਹੁਣ ਤਾਂ ਦੋ ਸਕੀਆਂ ਭੈਣਾਂ ਨੂੰ ਸ਼ਿਕਾਰ ਬਣਾਉਣ ਬਾਅਦ ਦਰਖ਼ਤ ਉੱਤੇ ਨਿਰਵਸਤਰ ਹਾਲਤ ਵਿਚ ਫਾਂਸੀ ਦੇ ਦਿੱਤੀ ਜਾਂਦੀ ਹੈ। ਹਾਲੇ ਇੱਥੇ ਵੀ ਬਸ ਨਹੀਂ। ਗਰਭਵਤੀ ਔਰਤ ਦਾ ਸ਼ਿਕਾਰ ਹੋਰ ਵੀ ਵੱਖ ਤਰ੍ਹਾਂ ਕੀਤਾ ਜਾਂਦਾ ਹੈ। ਢਿੱਡ ਪਾੜ ਕੇ ਢਿੱਡ ਅੰਦਰਲਾ ਬੱਚਾ ਵੀ ਨਾਲ ਹੀ ਸ਼ਿਕਾਰ ਕੀਤਾ ਜਾਂਦਾ ਹੈ। ਪਹਿਲਾਂ ਦੇ ਅਤੇ ਹੁਣ ਦੇ ਸ਼ਿਕਾਰੀਆਂ ਵਿਚ ਇਕ ਹੋਰ ਅੰਤਰ ਵੀ ਸਪਸ਼ਟ ਨਜ਼ਰ ਆਉਂਦਾ ਹੈ। ਇੱਕ ਸ਼ਿਕਾਰੀ, ਲਛਮਨ ਦੇਵ ਗਰਭਵਤੀ ਹਿਰਨੀ ਦੇ ਸ਼ਿਕਾਰ ਬਾਅਦ ਮਾਧੋ ਦਾਸ ਤੇ ਫਿਰ ਬੰਦਾ ਸਿੰਘ ਬਹਾਦਰ ਵਜੋਂ ਦੁਨੀਆ ਭਰ ਵਿਚ ਆਪਣੀ ਬਹਾਦਰੀ ਦਾ ਸਿੱਕਾ ਜਮਾ ਗਿਆ। ਅੱਜ ਦੇ ਦੌਰ ਦੀ ਖੇਡ ਜਾਨਵਰਾਂ ਦੀ ਥਾਂ ਔਰਤ ਜ਼ਾਤ ਨਾਲ ਖੇਡੀ ਜਾਂਦੀ ਹੈ, ਇਸੇ ਲਈ ਹੁਣ ਗਰਭਵਤੀ ਔਰਤ ਦੀ ਵੀ ਬੇਹੂਦਗੀ ਨਾਲ ਕੱਟ ਵੱਢ ਕਰ ਦਿੱਤੀ ਜਾਂਦੀ ਹੈ ਜੋ ਕਿਸੇ ਦੇ ਮਨ ਨੂੰ ਕਚੋਟਦੀ ਨਹੀਂ। ਇਸ ਹਮਾਮ ਵਿਚ ਸਾਰੇ ਹੀ ਨੰਗੇ ਹਨ। ਕੋਈ ਵਿਰਲਾ ਹੀ ਮੌਕਾ ਖੁੰਝਾਉਂਦਾ ਹੈ, ਵਰਨਾ ਬਹੁਗਿਣਤੀ ਬੇਹਯਾਈ ਦੀਆਂ ਹੱਦਾਂ ਪਾਰ ਕਰਨ ਵਿਚ ਰਤਾ ਵੀ ਸੋਚਣ ਵਾਸਤੇ ਸਮਾਂ ਜ਼ਾਇਆ ਨਹੀਂ ਕਰਦੇ। ਇਸ ਖੇਡ ਵਿਚ ਰੈਫਰੀ ਵੀ ਪਿਛਾਂਹ ਨਹੀਂ ਰਹਿੰਦਾ। ਉਹ ਆਪ ਵੀ ਖੇਡ ਦਾ ਹਿੱਸਾ ਬਣ ਜਾਂਦਾ ਹੈ। ਰੂਲ ਸਿਰਫ਼ ਇੱਕੋਜਿੰਨੀ ਦਰਿੰਦਗੀ ਵੱਧ, ਓਨੀ ਮਸ਼ਹੂਰੀ ਵੱਧ! ਬੇਹੂਦਗੀ ਦਾ ਮੰਜ਼ਰ ਇਹ ਹੈ ਕਿ ਛੇਵੀਂ ਜਮਾਤ ਦਾ ਬੱਚਾ ਵੀ ਤੀਜੀ ਜਮਾਤ ਦੀ ਬੱਚੀ ਨਾਲ ਛੇੜਖਾਨੀ ਕਰਦਾ ਫੜਿਆ ਜਾ ਚੁੱਕਿਆ ਹੈ। ਲਾਵਾਰਿਸ ਔਰਤ ਦੀ ਲਾਸ਼ ਵੀ ਜ਼ਾਇਆ ਨਹੀਂ ਜਾਣ ਦਿੱਤੀ ਜਾਂਦੀ। ਉਸ ਨਾਲ ਵੀ ਕੁਕਰਮ ਕਰ ਕੇ ਵੀਡੀਓ ਬਣਾਉਣ ਬਾਅਦ ਫ਼ਿਲਮ ਵਿਚ ਕਿਸੇ ਜ਼ਿੰਦਾ ਕੁੜੀ ਦਾ ਚਿਹਰਾ ਲਾ ਦਿੱਤਾ ਜਾਂਦਾ ਹੈ ਤੇ ਫਿਰ ਉਸ ਵਿਚਾਰੀ ਜ਼ਿੰਦਾ ਕੁੜੀ ਨੂੰ ਜਬਰੀ ਇਸ ਖੇਡ ਵਿਚ ਖਿੱਚ ਲਿਆਇਆ ਜਾਂਦਾ ਹੈ! ਰਿਸ਼ਤਿਆਂ ਦੀ ਪਵਿੱਤਰਤਾ ਤਾਂ ਤਾਰ ਤਾਰ ਹੋ ਹੀ ਚੁੱਕੀ ਹੈ। ਹੁਣ ਬਸ ਇੱਕੋ ਹੀ ਹੋਕਾ ਬਚਿਆ ਹੈ- ਵੇਖਿਓ ! ਕੋਈ ਧੀ, ਕੋਈ ਭੈਣ, ਕੋਈ ਮਾਂ, ਸਤਵੰਤੀ ਨਾ ਰਹਿ ਜਾਏ! ਲਾਅਣਤ ਹੈ ਇਸ ਦੋਗਲੇ ਸਮਾਜ ਉੱਤੇ! ਮੁਲਕ ਦਾ ਨਾਂ ਭਾਰਤ ''ਮਾਤਾ'' ਤੇ ਮਾਂ ਦੀ ਪੱਤ ਸੁਰੱਖਿਅਤ ਨਹੀਂ! ਉੱਤੋਂ ਸਿਖਰ ਇਹ ਵੇਖੋ ਕਿ ਜਿੱਤ ਦਾ ਜਸ਼ਨ ਮਨਾਉਣ ਲਈ ਧਾਰਮਿਕ ਥਾਵਾਂ ਉੱਤੇ 'ਮਾਤਾ' ਦੇ ਨਾਂ ਦੇ 'ਜੈ' ਦੇ ਨਾਅਰੇ ਲਾਉਣ ਵਿਚ ਰਤਾ ਹਿਚਕਿਚਾਹਟ ਨਹੀਂ ਵਿਖਾਈ ਜਾਂਦੀ! ਕੋਈ ਬਚਿਆ ਹੈ ਜ਼ਮੀਰ ਵਾਲਾ, ਜੋ ਆਵਾਜ਼ ਚੁੱਕਣੀ ਚਾਹੇਗਾ? ਹਾਲੇ ਵੀ 'ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਉਣਗੇ' ਕਹਿ ਕੇ- 'ਮੈਨੂੰ ਕੀ' ਕਹਿੰਦਿਆਂ ਅੱਖਾਂ ਬੰਦ ਕਰ ਕੇ ਉਦੋਂ ਤੱਕ ਬੈਠੇ ਰਹਿਣਾ ਹੈ ਜਦੋਂ ਤੱਕ ਇਹ ''ਖਿਡਾਰੀ'' ਸਾਡੇ ਆਪਣੇ ਘਰ ਦੀ ਧੀ, ਭੈਣ, ਪਤਨੀ ਜਾਂ ਮਾਂ ਨਾਲ ਇਹ ਖੇਡ ਖੇਡਣ ਨਾ ਪਹੁੰਚ ਜਾਣ? ਰਬ ਦਾ ਵਾਸਤਾ ਜੇ, ਚੁੱਪੀ ਤੋੜ ਦਿਓ! ਜੇ ਦੇਰ ਹੋ ਗਈ, ਫਿਰ ਵੇਲਾ ਹੱਥ ਨਹੀਂ ਆਉਣਾ! ਚੇਤੇ ਰੱਖਿਓ ਇਤਿਹਾਸ ਵੀ ਬੰਦਾ ਸਿੰਘ ਬਹਾਦਰ ਵਰਗਿਆਂ ਨੂੰ ਹੀ ਬਾਹਵਾਂ ਫੈਲਾ ਕੇ ਛਾਤੀ ਨਾਲ ਲਾ ਕੇ ਸਾਂਭਦਾ ਹੈ, ਹੈਵਾਨਾਂ ਜਾਂ ਬੁੱਚੜਾਂ ਨੂੰ ਨਹੀਂ! 'ਭਾਰਤ ਮਾਤਾ ਦੀ ਜੈ' ਬੋਲਣ ਵਾਲਿਓ, ਤੁਹਾਡੇ ਜਵਾਬ ਦੀ ਉਡੀਕ ਵਿਚ ਖੜ੍ਹੀ ਹਾਂ, ਦੱਸੋ ਤਾਂ ਸਹੀ ਤਲਵਾਰ ਚੁੱਕਣ ਦਾ ਸਹੀ ਸਮਾਂ ਕਦੋਂ ਆਵੇਗਾ!

---

# ਖ਼ੂਬਸੂਰਤ ਬਣਾਓ ਉਮਰਾਂ ਦੀਆਂ ਤਰਕਾਲਾਂ

ਲਿਖਤ : ਜਸਵਿੰਦਰ ਸਿੰਘ ਰੁਪਾਲ, ਸੰਪਰਕ : 98147-15796

ਜੀਵਨ-ਯਾਤਰਾ ਦਾ ਅਖ਼ੀਰਲਾ ਸਫ਼ਰ ਜਿੱਥੇ ਬਹੁਤ ਸਾਰੀਆਂ ਚੁਣੌਤੀਆਂ ਭਰਪੂਰ ਹੁੰਦਾ ਹੈ, ਉੱਥੇ ਹੀ ਇਕ ਵੱਖਰੇ ਰੰਗ, ਵੱਖਰੇ ਅੰਦਾਜ਼ ਵਾਲਾ ਵੀ ਹੁੰਦਾ ਹੈ। ਹਰ ਸਾਲ ਅਕਤੂਬਰ ਮਹੀਨੇ ਦਾ ਪਹਿਲਾ ਦਿਨ ਇਸ ਸਫ਼ਰ ਦੇ ਪਾਂਧੀਆਂ ਨੂੰ ਸਮਰਪਿਤ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਇਸ ਦਿਨ ਸਾਰੇ ਰਾਸ਼ਟਰਾਂ ਨੂੰ ਬਜ਼ੁਰਗ ਵਿਅਕਤੀਆਂ ਅਤੇ ਬੁਢਾਪੇ ਪ੍ਰਤੀ ਪੈਦਾ ਹੋਈਆਂ ਗ਼ਲਤ-ਮਾਨਤਾਵਾਂ ਪ੍ਰਤੀ ਧਿਆਨ ਦਿਵਾਉਣ, ਇਨ੍ਹਾਂ ਪ੍ਰਤੀ ਜਾਗਰੂਕਤਾ ਫੈਲਾਉਣ, ਇਨ੍ਹਾਂ ਨੂੰ ਦਰਪੇਸ਼ ਵੱਖ-ਵੱਖ ਚੁਣੌਤੀਆਂ ਦਾ ਸਾਹਮਣਾ ਕਰਨਤੇ ਉਨ੍ਹਾਂ ਨੂੰ ਆਪਣੀ ਸਮਰੱਥਾ ਅਤੇ ਅਧਿਕਾਰਾਂ ਬਾਰੇ ਜਾਗਰਿਤ ਕਰਨ ਲਈ ਇਹ ਦਿਨ ਮਨਾਉਂਦਾ ਹੈ।

ਕਾਬਿਲੇਗ਼ੌਰ ਹੈ ਕਿ 14 ਦਸੰਬਰ 1990 ਨੂੰ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ ਆਪਣੇ ਮਤੇ ਰਾਹੀਂ ਇਕ ਅਕਤੂਬਰ ਦੇ ਦਿਨ ਨੂੰ ਬਜ਼ੁਰਗਾਂ ਦੇ ਦਿਨ ਵਜੋਂ ਐਲਾਨ ਕੀਤਾ ਸੀ। ਇਹ ਵੀਆਨਾ ਦੇ ਬੁਢਾਪੇ ਬਾਰੇ ਅੰਤਰਰਾਸ਼ਟਰੀ ਐਕਸ਼ਨ ਪਲੈਨ ਦੇ ਸਿੱਟੇ ਵਜੋਂ ਸੀ ਜਿਸ ਨੂੰ ਬੁਢਾਪੇ ਬਾਰੇ ਬਣੀ ਵਿਸ਼ਵ-ਅਸੈਂਬਲੀ ਨੇ 1982 ਵਿਚ ਸਵੀਕਾਰ ਕਰ ਲਿਆ ਸੀ ਤੇ ਬਾਅਦ ਵਿਚ ਯੂਐੱਨ ਦੀ ਜਨਰਲ ਅਸੈਂਬਲੀ ਨੇ ਵੀ ਇਸ ਦੀ ਪ੍ਰੋੜ੍ਹਤਾ ਕਰ ਦਿੱਤੀ ਸੀ। ਪਿਛਲੇ ਦਹਾਕਿਆਂ ਵਿਚ ਵਿਸ਼ਵ-ਜਨਸੰਖਿਆ ਦੀ ਬਣਤਰ ਵਿਚ ਵੱਡੀ ਤਬਦੀਲੀ ਆਈ ਹੈ। ਔਸਤ ਉਮਰ ਵਧ ਕੇ 75 ਸਾਲ ਹੋਈ ਹੈ। ਸੰਨ 2021 ਵਿਚ ਵਿਸ਼ਵ ਦੇ 65 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਦੀ ਗਿਣਤੀ 76 ਕਰੋੜ ਤੋਂ ਵੱਧ ਸੀ ਜੋ ਇਕ ਅਨੁਮਾਨ ਅਨੁਸਾਰ 2050 ਤੱਕ ਲਗਪਗ ਡੇਢ ਅਰਬ (ਦੁੱਗਣੀ ਤੋਂ ਵੀ ਵੱਧ) ਹੋ ਜਾਵੇਗੀ। ਤ੍ਰਾਸਦੀ ਇਹ ਵੀ ਹੈ ਕਿ ਇਸ ਦੀ ਦੋ-ਤਿਹਾਈ ਤੋਂ ਵੀ ਵੱਧ (1.1 ਬਿਲੀਅਨ) ਘੱਟ-ਵਿਕਸਤ ਅਤੇ ਅਵਿਕਸਤ ਦੇਸ਼ਾਂ ਵਿਚ ਹੋਵੇਗੀ। ਇਸ ਤਰ੍ਹਾਂ ਵਿਸ਼ਵ-ਜਨਸੰਖਿਆ ਦਾ ਵੱਡਾ ਹਿੱਸਾ ਸਾਡਾ ਸਭ ਦਾ ਧਿਆਨ ਮੰਗਦਾ ਹੈ। ਸਾਨੂੰ ਬਜ਼ੁਰਗ ਵਿਅਕਤੀਆਂ ਲਈ ਇਹ ਦਿਨ ਇਸ ਲਈ ਮਨਾਉਣਾ ਚਾਹੀਦਾ ਹੈ ਕਿਉਂਕਿ ਪਹਿਲੀ ਗੱਲ ਇਹ ਕਿ ਉਹ ਸਭ ਸਾਡੇ ਸਤਿਕਾਰ ਦੇ ਪਾਤਰ ਹਨ। ਦੂਜੀ, ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸਿੱਖਿਅਤ ਕਰਨਾ ਚਾਹੁੰਦੇ ਹਾਂ ਅਤੇ ਤੀਸਰੀ ਇਹ ਕਿ ਅਸੀਂ ਸਭ ਕੁਝ ਨਹੀਂ ਜਾਣਦੇ ਜਦਕਿ ਉਨ੍ਹਾਂ ਕੋਲ ਜੀਵਨ ਦੇ ਤਜਰਬੇ ਦਾ ਵੱਡਾ ਖ਼ਜ਼ਾਨਾ ਹੁੰਦਾ ਹੈ।

ਸੰਯੁਕਤ ਰਾਸ਼ਟਰ ਹਰ ਸਾਲ ਇਸ ਦਿਨ ਨੂੰ ਮਨਾਉਣ ਲਈ ਇਕ ਥੀਮ (ਉਦੇਸ਼) ਦਿੰਦਾ ਹੈ ਤੇ ਸਾਰੀਆਂ ਗਤੀਵਿਧੀਆਂ ਇਸ ਥੀਮ 'ਤੇ ਹੀ ਕੇਂਦਰਿਤ ਹੁੰਦੀਆਂ ਹਨ। ਸੰਨ 2024 ਦਾ ਥੀਮ ਹੈ : ਬੁਢਾਪਾ ਮਾਣ ਨਾਲ-ਸੰਸਾਰ ਭਰ ਵਿਚ ਬਜ਼ੁਰਗਾਂ ਦਾ ਧਿਆਨ ਰੱਖਣ ਅਤੇ ਆਸਰਾ ਦੇਣ ਦੇ ਪ੍ਰਬੰਧ ਦੀ ਮਹੱਤਤਾ।

ਯੂਐੱਨਓ ਵੱਲੋਂ 7 ਅਕਤੂਬਰ 2024 ਨੂੰ ਇਸ ਦਿਨ ਲਈ ਬਜ਼ੁਰਗਾਂ ਦੇ ਮਾਣ ਵਿਚ ਇਕ ਡਾਕ ਟਿਕਟ ਜਾਰੀ ਕੀਤੀ ਜਾਵੇਗੀ। 'ਤੰਦਰੁਸਤ ਬੁਢਾਪੇ ਦੇ ਦਹਾਕੇ' ਵਜੋਂ 2021-30 ਦਾ ਦਹਾਕਾ ਸਰਕਾਰਾਂ, ਸਿਵਲ ਸੁਸਾਇਟੀਆਂ, ਅੰਤਰਰਾਸ਼ਟਰੀ ਸੰਸਥਾਵਾਂ, ਵਿਸ਼ਾ ਮਾਹਿਰਾਂ, ਵਿੱਦਿਅਕ ਅਦਾਰਿਆਂ, ਮੀਡੀਆ ਤੇ ਨਿੱਜੀ ਖੇਤਰ ਨੂੰ ਬਜ਼ੁਰਗਾਂ ਦੀਆਂ ਜ਼ਿੰਦਗੀਆਂ ਨੂੰ ਹੋਰ ਸੋਹਣਾ ਬਣਾਉਣ ਲਈ ਵਿਸ਼ਲੇਸ਼ਕ-ਪਹੁੰਚ ਨਾਲ ਇਕ ਸਾਂਝੇ ਮੰਚ 'ਤੇ ਲਿਆਉਣ ਲਈ ਇਕ ਸੁਨਹਿਰੀ ਮੌਕੇ ਵਜੋਂ ਜਾਣਿਆ ਜਾਵੇਗਾ।

ਹੁਣ ਕੁਝ ਵਿਚਾਰ ਸਾਡੇ ਆਪਣੇ ਦੇਸ਼ ਦੇ ਬਜ਼ੁਰਗਾਂ ਬਾਰੇ। ਇਨ੍ਹਾਂ ਸਾਹਮਣੇ ਕਈ ਮੁੱਖ ਮਸਲੇ ਹਨ। ਸਭ ਤੋਂ ਪਹਿਲੀ ਅਤੇ ਸਭ ਤੋਂ ਵੱਡੀ ਲੋੜ ਹੈ ਬਣਦਾ ਸਤਿਕਾਰ ਮਿਲਣ ਦੀ। ਕਦੇ ਘਰ ਵਿਚ ਬਜ਼ੁਰਗਾਂ ਦੀ ਹਰ ਗੱਲ 'ਤੇ ਫੁੱਲ ਚੜ੍ਹਾਏ ਜਾਂਦੇ ਸਨ। ਹਰ ਕੰਮ ਉਨ੍ਹਾਂ ਦੀ ਇੱਛਾ ਅਨੁਸਾਰ ਹੁੰਦਾ ਸੀ। ਹਰੇਕ ਮਸਲੇ 'ਤੇ ਉਨ੍ਹਾਂ ਦੀ ਰਾਇ ਲਈ ਜਾਂਦੀ ਸੀ। ਪਰ ਹੁਣ ਵਿੱਦਿਆ ਦੇ ਪਸਾਰ, ਵਿਗਿਆਨ ਤੇ ਤਕਨਾਲੋਜੀ ਦੇ ਘੇਰੇ ਵਿਚ ਆਈ ਨੌਜਵਾਨ ਪੀੜ੍ਹੀ ਮਸ਼ੀਨਾਂ ਵਿਚ ਵਿਚਰਦਿਆਂ ਆਪ ਵੀ ਮਸ਼ੀਨ ਬਣ ਕੇ ਰਹਿ ਗਈ ਹੈ। ਗਿਆਨ ਦਾ ਪਸਾਰ ਹੋਇਆ ਹੈ, ਕੰਪਿਊਟਰ ਅਤੇ ਮੋਬਾਈਲ ਨੇ ਹਰ ਕੰਮ ਸੌਖਾ ਬਣਾ ਦਿੱਤਾ ਹੈ। ਇਸ ਗਿਆਨ ਦੇ ਪਸਾਰੇ ਕਾਰਨ ਅਜੋਕੀ ਪੀੜ੍ਹੀ ਨੂੰ ਬਜ਼ੁਰਗਾਂ ਤੋਂ ਪੁੱਛਣ ਦੀ ਲੋੜ ਨਹੀਂ ਪੈਂਦੀ। ਗੂਗਲ ਬਾਬਾ ਉਨ੍ਹਾਂ ਦੇ ਸ਼ੰਕੇ ਵਧੇਰੇ ਨਵਿਰਤ ਕਰ ਦਿੰਦਾ ਹੈ। ਹਰ ਵਿਸ਼ੇ ਦੇ ਮਾਹਿਰ ਮਿਲ ਜਾਂਦੇ ਹਨ। ਇਸ ਯੁੱਗ ਵਿਚ ਉਨ੍ਹਾਂ ਨਾਲ ਕੋਈ ਵੀ ਗੱਲ ਕਰਨ, ਪੁੱਛਣ ਜਾਂ ਮਨੋਵਿਗਿਆਨਕ ਅਗਵਾਈ ਲੈਣ ਨੂੰ ਠੀਕ ਮੰਨਿਆ ਜਾਣ ਲੱਗਿਆ ਹੈ। ਸਾਡੀਆਂ ਲੋੜਾਂ, ਰੁਚੀਆਂ, ਪਸੰਦਾਂ ਤੇ ਪਹਿਲਾਂ ਸਭ ਕੁਝ ਵਿਚ ਬਹੁਤ ਵੱਡੀ ਤਬਦੀਲੀ ਆਈ ਹੈ। ਖਾਣ-ਪੀਣ, ਪਹਿਨਣ, ਰਹਿਣ-ਸਹਿਣ ਦੇ ਢੰਗ-ਤਰੀਕੇ, ਸਬੰਧੀਆਂ ਨਾਲ ਸਾਡੇ ਮੇਲ-ਗੇਲ, ਕਹਿਣ ਤੋਂ ਭਾਵ ਇਹ ਕਿ ਹਰ ਛੋਟੀ ਤੋਂ ਵੱਡੀ ਗੱਲ ਵਿਚ ਬਹੁਤ ਵੱਡੀ ਤਬਦੀਲੀ ਆਈ ਹੈ।

ਬਜ਼ੁਰਗ ਕਈ ਵਾਰ ਆਪਣੇ-ਆਪ ਨੂੰ ਬੇਲੋੜਾ ਜਿਹਾ ਸਮਝਣ ਲੱਗ ਪੈਂਦੇ ਹਨ ਕਿਉਂਕਿ ਮਸ਼ੀਨੀਕਰਨ ਵਿਚ ਉਹ ਆਪ ਬਹੁਤਾ ਕੁਝ ਕਰ ਨਹੀਂ ਸਕਦੇ ਤੇ ਬੱਚਿਆਂ ਨੂੰ ਬਹੁਤਾ ਸਲਾਹ-ਮਸ਼ਵਰਾ ਵੀ ਨਹੀਂ ਦੇ ਸਕਦੇ। ਅਜਿਹੀ ਹਾਲਤ ਵਿਚ ਨੌਜਵਾਨ ਵਰਗ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਸਿਰਫ਼ ਲੋੜ ਲਈ ਹੀ ਸਤਿਕਾਰ ਨਹੀਂ ਹੁੰਦਾ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਜੋਗਾ ਬਣਾਉਣ ਲਈ ਜੋ ਤਿਆਗ ਕੀਤੇ ਹਨ, ਉਨ੍ਹਾਂ ਕਾਰਨ ਉਹ ਸਾਡੇ ਦਿਲੋਂ ਸਤਿਕਾਰ ਦੇ ਪਾਤਰ ਹਨ। ਦੂਜੀ ਵੱਡੀ ਸਮੱਸਿਆ ਸਮਾਂ ਗੁਜ਼ਾਰਨ ਦੀ ਹੈ। ਪੁਰਾਣੇ ਸਮੇਂ ਵਾਂਗ ਸੱਥਾਂ ਵਿਚ ਬੈਠਣ ਦਾ ਰਿਵਾਜ ਨਹੀਂ ਰਿਹਾ। ਟੀਵੀ ਅਤੇ ਹੋਰ ਸੁੱਖ-ਸਹੂਲਤਾਂ ਨੇ ਸਾਨੂੰ ਘਰ ਦੇ ਅੰਦਰ ਹੀ ਰਹਿਣ ਲਈ ਮਜਬੂਰ ਕਰ ਦਿੱਤਾ ਹੈ। ਅਜਿਹੇ ਵਿਚ ਇਹ ਬਹੁਤ ਜ਼ਰੂਰੀ ਹੈ ਕਿ ਬਜ਼ੁਰਗਾਂ ਕੋਲ ਕੋਈ ਆਪਣਾ ਰੁਝੇਵਾਂ ਜ਼ਰੂਰ ਹੋਵੇ। ਇਹ ਰੁਝੇਵਾਂ ਉਹ ਆਪਣੇ ਸ਼ੌਕ ਮੁਤਾਬਕ ਰੱਖ ਸਕਦੇ ਹਨ। ਪੜ੍ਹੇ-ਲਿਖੇ ਲੋਕ ਕਿਤਾਬਾਂ, ਲਾਇਬ੍ਰੇਰੀਆਂ ਤੇ ਸੰਗੀਤ ਕਲੱਬਾਂ ਨਾਲ ਜੁੜ ਸਕਦੇ ਹਨ। ਕੁਝ ਸਮਾਂ ਉਹ ਆਪਣੇ ਧਾਰਮਿਕ ਅਕੀਦੇ ਅਨੁਸਾਰ ਵੀ ਖ਼ਰਚ ਕਰ ਸਕਦੇ ਹਨ। ਪਰ ਇਹ ਗੱਲ ਯਾਦ ਰੱਖਣ ਦੀ ਲੋੜ ਹੈ ਕਿ ਹੁਣ ਹੋਰ ਲੋਕਾਂ 'ਤੇ ਚਰਚਾ ਕਰਨੀ ਸੁਖਾਵੀਂ ਨਹੀਂ ਹੈ। ਇਸ ਵਿਚ ਬਿਲਕੁਲ ਵੀ ਸਮਾਂ ਖ਼ਰਚ ਨਹੀਂ ਕਰਨਾ ਚਾਹੀਦਾ। ਸਿਹਤ ਪ੍ਰਤੀ ਜਾਗਰੂਕ ਹੋਣਾ ਉਨ੍ਹਾਂ ਲਈ ਬਹੁਤ ਜ਼ਰੂਰੀ ਹੈ। ਖ਼ੁਦ ਵੱਲ ਧਿਆਨ ਦੇਣਾ ਹੀ ਉਨ੍ਹਾਂ ਨੂੰ ਠੀਕ ਹਾਲਤ ਵਿਚ ਰੱਖ ਸਕਦਾ ਹੈ।

ਬੁਢਾਪੇ 'ਚ ਜਿੱਥੇ ਆਪਣੀ ਕੀਤੀ ਬੱਚਤ ਨੂੰ ਆਪਣੇ 'ਤੇ ਖ਼ਰਚ ਕਰਨਾ ਜ਼ਰੂਰੀ ਹੈ, ਉੱਥੇ ਹੀ ਆਪਣੀਆਂ ਲੋੜਾਂ ਅਤੇ ਰੁਚੀਆਂ ਲਈ ਬੱਚਿਆਂ ਤੋਂ ਖ਼ਰਚ ਕਰਵਾਉਣਾ ਵੀ ਗ਼ਲਤ ਨਹੀਂ ਹੈ। ਬਹੁਤੀ ਵਾਰ ਸਾਡੇ ਬਜ਼ੁਰਗਾਂ ਨੇ ਆਪਣੇ ਬੁਢਾਪੇ ਲਈ ਕੁਝ ਵੀ ਬੱਚਤ ਨਹੀਂ ਕੀਤੀ ਹੁੰਦੀ। ਉਹ ਆਪਣੀ ਜਾਇਦਾਦ ਆਪਣੇ ਬੱਚਿਆਂ ਵਿਚ ਵੰਡ ਕੇ ਖ਼ੁਸ਼ ਹੁੰਦੇ ਹਨ। ਇਸੇ ਲਈ ਉਹ ਪੁੱਤਰਾਂ ਅਤੇ ਨੂੰਹਾਂ ਤੋਂ ਸੇਵਾ ਅਤੇ ਸਤਿਕਾਰ ਦੀ ਉਮੀਦ ਰੱਖਦੇ ਹਨ। ਇਹ ਨਾ ਮਿਲਣ 'ਤੇ ਉਦਾਸ ਅਤੇ ਨਿਰਾਸ਼ ਹੁੰਦੇ ਹਨ। ਮੈਡੀਕਲ ਬੀਮਾ ਕਰਵਾਉਣਾ ਨਾ ਤਾਂ ਸਰਕਾਰ ਵੱਲੋਂ ਜ਼ਰੂਰੀ ਹੈ, ਨਾ ਹੀ ਬਜ਼ੁਰਗ ਆਪ ਇਸ ਦੀ ਮਹੱਤਤਾ ਪ੍ਰਤੀ ਸੁਚੇਤ ਹਨ। ਇੰਜ ਉਹ ਆਪਣੀ ਖ਼ੂਨ-ਪਸੀਨੇ ਦੀ ਕਮਾਈ ਮਹਿੰਗੇ ਇਲਾਜ 'ਤੇ ਬਰਬਾਦ ਕਰਨ ਲਈ ਮਜਬੂਰ ਹੋ ਜਾਂਦੇ ਹਨ। ਚੇਤੇ ਰੱਖੋ, ਬਜ਼ੁਰਗ ਸਾਡਾ ਬਹੁਤ ਕੀਮਤੀ ਸਰਮਾਇਆ ਹਨ। ਸਾਨੂੰ ਸਾਰਿਆਂ ਨੂੰ ਮਿਲ ਕੇ ਉਨ੍ਹਾਂ ਦੀ ਤੰਦਰੁਸਤੀ ਅਤੇ ਖ਼ੁਸ਼ੀ ਲਈ ਯਤਨ ਕਰਨੇ ਚਾਹੀਦੇ ਹਨ। ਹਰ ਔਲਾਦ ਨੂੰ ਉਨ੍ਹਾਂ ਦੇ ਖਾਣ-ਪੀਣ ਅਤੇ ਸਿਹਤ ਦਾ ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ। ਸਮੇਂ-ਸਮੇਂ 'ਤੇ ਮੈਡੀਕਲ ਚੈੱਕਅੱਪ ਕਰਵਾਉਂਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦੇ ਕੱਪੜੇ, ਉਨ੍ਹਾਂ ਦੇ ਕਮਰੇ ਆਦਿ ਵੱਲ ਉਚੇਚਾ ਧਿਆਨ ਦੇਣ ਦੀ ਜ਼ਰੂਰਤ ਹੈ।

# ਪੰਜਾਬ ਦੀ ਵੰਡ ਦਾ ਗੁਰਮੁੱਖੀ, ਉਰਦੂ 'ਤੇ ਪ੍ਰਭਾਵ

ਲੇਖਕ : ਸੱਤਪਾਲ ਸਿੰਘ ਦਿਓਲ
ਸੰਪਰਕ : 98781-70771




ਮੇਰੇ ਮਾਤਾ-ਪਿਤਾ ਪੜ੍ਹੇ-ਲਿਖੇ ਨਹੀਂ ਸਨ। ਬਚਪਨ ਵਿਚ ਉਹ ਦੱਸਿਆ ਕਰਦੇ ਸਨ ਕਿ ਉਰਦੂ ਮੁਸਲਮਾਨਾਂ ਦੀ ਭਾਸ਼ਾ ਹੈ। ਇਸੇ ਤਰ੍ਹਾਂ ਮੇਰੇ ਹਮਉਮਰ ਪਾਕਿਸਤਾਨੀ ਮਿੱਤਰ ਨੇ ਦੱਸਿਆ ਕਿ ਉਸ ਦੇ ਮਾਤਾ-ਪਿਤਾ ਬਚਪਨ ਵਿਚ ਸਮਝਾਉਂਦੇ ਸੀ ਕਿ ਗੁਰਮੁਖੀ ਸਿੱਖਾਂ ਦੀ ਭਾਸ਼ਾ ਹੈ। ਜਦੋਂ ਆਜ਼ਾਦ ਭਾਰਤ ਵਿਚ ਪੰਜਾਬੀ ਸੂਬੇ ਦਾ ਸੰਘਰਸ਼ ਚੱਲ ਰਿਹਾ ਸੀ, ਤਾਂ ਪੰਜਾਬ ਵਿਚ ਬਹੁਤ ਸਾਰੇ ਹਿੰਦੂ ਭਾਈਚਾਰੇ ਨੂੰ ਪ੍ਰੇਰਿਤ ਕਰਕੇ ਉਨ੍ਹਾਂ ਦੀ ਮਾਤਰ ਭਾਸ਼ਾ ਹਿੰਦੀ ਲਿਖਵਾ ਦਿੱਤੀ ਗਈ। ਪੰਜਾਬੀ ਦੇ ਪ੍ਰਤੀ ਨਫਰਤ ਪੈਦਾ ਕਰਨ ਦੀ ਕੋਸ਼ਿਸ ਕੀਤੀ ਗਈ। ਬਹੁਤ ਦੇਰ ਬਾਅਦ ਬਹੁਤ ਸਾਰੇ ਲੋਕਾਂ ਨੇ ਇਸ 'ਤੇ ਪਛਤਾਵਾ ਵੀ ਜ਼ਾਹਰ ਕੀਤਾ। ਇਹ ਮਾਨਸਿਕਤਾ ਆਖਰ ਸ਼ੁਰੂ ਕਿੱਥੋਂ ਹੋਈ? ਕੀ ਭਾਸ਼ਾ ਕਿਸੇ ਤਬਕੇ ਨੂੰ ਕੋਈ ਨੁਕਸਾਨ ਪਹੁੰਚਾ ਸਕਦੀ ਹੈ? ਭਾਰਤੀ ਪੰਜਾਬ ਵਿਚ ਉਰਦੂ, ਗੁਰਮੁਖੀ ਤੋਂ ਬਾਅਦ ਦੂਸਰੀ ਜ਼ਰੂਰੀ ਭਾਸ਼ਾ ਸੀ। ਜਿਸ ਨੂੰ ਸਮੁੱਚੇ ਪੰਜਾਬੀ ਸਮਾਜ ਵਿਚ ਅਹਿਮ ਤੇ ਜ਼ਰੂਰੀ ਸਥਾਨ ਹਾਸਲ ਸੀ। ਆਜ਼ਾਦੀ ਤੋਂ ਪਹਿਲਾਂ ਜਾਂ ਬਾਅਦ ਵਿਚ ਲਹਿੰਦੇ ਪੰਜਾਬ ਵੱਲੋਂ ਹਿਜਰਤ ਕਰਕੇ ਆਏ ਲੋਕ ਉਰਦੂ ਦੀ ਬਹੁਤ ਜਾਣਕਾਰੀ ਰੱਖਦੇ ਸੀ। ਮਾਲ ਰਿਕਾਰਡ ਤੇ ਸਰਕਾਰੇ-ਦਰਬਾਰੇ ਬਹੁਤ ਸਾਰੇ ਦਸਤਾਵੇਜ਼ ਉਰਦੂ ਵਿਚ ਹੀ ਲਿਖੇ ਹੁੰਦੇ ਸੀ। ਪਰ ਸਾਡੇ ਲੋਕ ਬਹੁਤੇ ਪੜ੍ਹੇ-ਲਿਖੇ ਨਹੀਂ ਸਨ। ਸਿੱਖ ਭਾਈਚਾਰੇ ਨਾਲ ਮੁਸਲਮਾਨ ਹੁਕਮਰਾਨਾਂ ਵੱਲੋਂ ਕੀਤੇ ਜ਼ੁਲਮਾਂ ਨੇ ਉਰਦੂ ਨੂੰ ਸਿੱਖਾਂ ਤੋਂ ਦੂਰ ਕਰਨ ਦੀ ਮਾਨਸਿਕਤਾ ਬਣਾਈ। ਇੰਨਾ ਹੀ ਨਹੀਂ, ਮੁਸਲਮਾਨ ਹੁਕਮਰਾਨਾਂ ਵੱਲੋਂ ਸੱਤਾ ਦੇ ਹੰਕਾਰ ਵਿਚ ਸਿੱਖ ਧਰਮ ਦੇ ਪੈਰੋਕਾਰਾਂ 'ਤੇ ਜੋ ਜ਼ੁਲਮ ਕੀਤੇ, ਉਨ੍ਹਾਂ ਦੇ ਕਾਰਨ ਸੰਤਾਲੀ ਦੇ ਦੰਗੇ ਵੀ ਭੜਕੇ ਅਤੇ ਉਰਦੂ ਪ੍ਰਤੀ ਨਫਰਤੀ ਮਾਨਸਿਕਤਾ ਵੀ ਬਣਾਈ। ਭਾਰਤੀ ਪੰਜਾਬ ਵਿਚ ਮਾਲ ਵਿਭਾਗ ਦੇ ਪੁਰਾਣੇ ਦਸਤਾਵੇਜਾਂ ਦਾ ਉਲੱਥਾ ਕਰਨ ਲਈ ਅੱਜ ਉਰਦੂ ਦੇ ਜਾਣਕਾਰ ਲੱਭਣੇ ਪੈਂਦੇ ਹਨ, ਜਿਹੜੇ ਕਿ ਅੱਜਕੱਲ੍ਹ ਬਹੁਤ ਥੋੜੇ ਸੇਵਾਮੁਕਤ ਕਾਨੂੰਨਗੋ, ਤਹਿਸੀਲਦਾਰ ਜਾਂ ਹੋਰ ਅਧਿਕਾਰੀ ਹਨ। ਆਉਣ ਵਾਲੇ ਸਮੇਂ ਵਿਚ ਇਹ ਵੀ ਉਪਲਬਧ ਨਹੀਂ ਹੋਣਗੇ। ਆਜ਼ਾਦ ਭਾਰਤ ਦੇ ਪੰਜਾਬ ਵਿਚ ਉਰਦੂ ਪੜ੍ਹਨ ਨਾਲ ਕੋਈ ਨੁਕਸਾਨ ਨਹੀਂ ਸੀ ਹੁੰਦਾ, ਵਿਹਾਰਕ ਤੌਰ 'ਤੇ ਬਹੁਤ ਫਾਇਦਾ ਹੋਣਾ ਸੀ। ਜੇ ਸਿਰਫ ਭਾਸ਼ਾ ਹੀ ਕਿਸੇ ਤਬਕੇ ਦਾ ਨੁਕਸਾਨ ਕਰਦੀ ਹੁੰਦੀ, ਤਾਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਉਰਦੂ ਫਾਰਸੀ ਸੰਸਕ੍ਰਿਤ ਆਦਿਕ ਭਾਸ਼ਾਵਾਂ ਵਿਚ ਵਿਦਵਤਾ ਕਿਉਂ ਹਾਸਲ ਕਰਦੇ। ਸਾਡੇ ਵਡੇਰਿਆਂ ਨੇ ਜੋ ਹੋਰਨਾਂ ਭਾਸ਼ਾਵਾਂ ਦਾ ਅਧਿਐਨ ਕੀਤਾ, ਉਸ ਨਾਲ ਗੁਰਮੁਖੀ ਦਾ ਸਰਬਪੱਖੀ ਵਿਕਾਸ ਹੋਇਆ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਦੋ ਤਬਕਿਆਂ ਦੀ ਨਫਰਤ ਨੂੰ ਆਮ ਲੋਕਾਂ ਵਿਚ ਦੂਰ ਕਰਨ ਦੀ ਸਮਝ ਨਹੀਂ ਹੁੰਦੀ ਪਰ ਵਿਵੇਕਸ਼ੀਲ ਲੋਕ ਆਮ ਲੋਕਾਈ ਨੂੰ ਜਾਗਰੂਕ ਕਰਕੇ ਇਹ ਕਰ ਸਕਦੇ ਹਨ। ਇਤਿਹਾਸ ਗਵਾਹ ਹੈ ਆਗੂ ਹੱਥ ਵਿਵੇਕਸ਼ੀਲ ਲੋਕਾਂ ਨੂੰ ਅਜਿਹਾ ਨਹੀਂ ਕਰਨ ਦਿੰਦੇ। ਪਰ ਆਜ਼ਾਦੀ ਤੋਂ ਪਹਿਲਾਂ ਜਾਂ ਬਾਅਦ ਵਾਲੇ ਰਾਜਨੀਤਿਕ ਲੋਕਾਂ ਨੇ ਭਾਸ਼ਾਵਾਂ ਨੂੰ ਉਥਾਨ ਵੱਲ ਜਾਣ ਦੀ ਬਜਾਏ ਨਿਘਾਰ ਵੱਲ ਲਿਜਾ ਕੇ ਆਪਣਾ ਉਲੂ ਸਿੱਧਾ ਕਰਨ ਨੂੰ ਤਰਜੀਹ ਦਿੱਤੀ। ਜਿਸ ਤਰ੍ਹਾਂ ਦੀ ਨਫਰਤ ਉਰਦੂ ਪ੍ਰਤੀ ਸਾਡੇ ਲੋਕਾਂ ਨੇ ਪੈਦਾ ਕਰ ਲਈ, ਉਸ ਤੋਂ ਕਿਤੇ ਵੱਧ ਲਹਿੰਦੇ ਪੰਜਾਬ ਦੇ ਲੋਕਾਂ ਵਿਚ ਗੁਰਮੁਖੀ ਬਾਰੇ ਪੈਦਾ ਹੋ ਗਈ। ਦੋ ਤਬਕਿਆਂ ਵਿਚ ਵੰਡ ਸਮੇਂ ਹੋਈ ਵੱਡ-ਟੁੱਕ ਨੇ ਇਸ ਵਿਚ ਵੱਡੀ ਭੂਮਿਕਾ ਨਿਭਾਈ। ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਪੀੜਤ ਲੋਕਾਂ ਨਾਲ ਹੋਈਆਂ ਜ਼ਿਆਦਤੀਆਂ ਨੇ ਅੱਗ 'ਤੇ ਘਿਓ ਪਾਉਣ ਦਾ ਕੰਮ ਕੀਤਾ। ਇਹ ਭਾਸ਼ਾਈ ਪਾੜਾ ਵਧ ਕੇ ਬਹੁਤ ਵੱਡਾ ਹੋ ਗਿਆ, ਜਿਸ ਦੇ ਨਤੀਜੇ ਵਜੋਂ ਪੱਛਮੀ ਪੰਜਾਬ ਵਿਚਲੀ ਪੰਜਾਬੀ ਨੂੰ ਉਰਦੂ ਨੇ ਨਿਗਲ ਲਿਆ ਤੇ ਚੜ੍ਹਦੇ ਪੰਜਾਬ ਦੀ ਉਰਦੂ ਨੂੰ ਹਿੰਦੀ, ਅੰਗਰੇਜ਼ੀ ਨੇ ਨਿਗਲ ਲਿਆ। ਇਥੇ ਇਹ ਵੀ ਕਾਬਲੇ-ਗੌਰ ਹੈ ਕਿ ਉਰਦੂ ਚੜ੍ਹਦੇ ਪੰਜਾਬ ਵਿਚ ਦੂਸਰੀ ਭਾਸ਼ਾ ਵਜੋਂ ਪੜ੍ਹਾਈ ਜਾ ਸਕਦੀ ਸੀ, ਰਾਜਨੀਤਿਕ ਮਨਸੂਬਿਆਂ ਦੇ ਢਹੇ ਚੜ੍ਹ ਕੇ ਅਜਿਹਾ ਸੰਭਵ ਨਹੀਂ ਹੋ ਸਕਿਆ। ਪੰਜਾਬੀ ਵਾਸਤੇ ਢੁਕਵੀਂ ਲਿਪੀ ਗੁਰਮੁਖੀ ਹੈ ਪਰ ਲਹਿੰਦੇ ਪੰਜਾਬ ਵਿਚ ਮਜ਼ਹਬ ਦੇ ਕਾਰਨਾਂ ਕਰਕੇ ਇਸ ਨੂੰ ਲਿਖਣ ਲਈ ਗੁਰਮੁਖੀ ਲਿਪੀ ਅਪਣਾਈ ਨਹੀਂ ਗਈ। ਅੱਜ ਵੀ ਉਥੇ ਗੁਰਮੁਖੀ ਦੀ ਹੋਂਦ ਬਰਕਰਾਰ ਰੱਖਣ ਲਈ ਉਥੋਂ ਦੇ ਬੁੱਧੀਜੀਵੀ ਯਤਨਸ਼ੀਲ ਹਨ। ਚੜ੍ਹਦੇ ਪੰਜਾਬ ਦੇ ਟੁਕੜੇ ਕਰਨ ਸਮੇਂ ਭਾਸ਼ਾਈ ਵੰਡ ਵੀ ਰਾਜਨੀਤਿਕ ਮਨਸੂਬਿਆਂ ਨੂੰ ਮੁੱਖ ਰੱਖ ਕੇ ਕੀਤੀ ਗਈ। ਪੰਜਾਬੀ ਦੀਆਂ ਉਪ ਬੋਲੀਆਂ ਵਾਲੇ ਇਲਾਕੇ ਹਿੰਦੀ ਭਾਸ਼ਾਈ ਇਲਾਕੇ ਗਰਦਾਨ ਦਿੱਤੇ ਗਏ। ਉਨ੍ਹਾਂ ਦੇ ਵੱਖਰੇ ਸੂਬੇ ਬਣਾ ਕੇ ਉਥੇ ਹਿੰਦੀ ਨੂੰ ਪਹਿਲੀ ਭਾਸ਼ਾ ਬਣਾ ਦਿੱਤਾ ਗਿਆ। ਉਥੇ ਵਸਦੇ ਹਿੰਦੂ ਭਾਈਚਾਰੇ ਨੂੰ ਰਾਜਨੀਤਿਕ ਮਨਸੂਬੇ ਤੋਂ ਪ੍ਰੇਰਿਤ ਕਰ ਲਿਆ ਗਿਆ। ਹਿੰਦੀ ਜਾਂ ਅੰਗਰੇਜ਼ੀ ਪੜ੍ਹਨ ਵਿਚ ਕੋਈ ਬੁਰਾਈ ਨਹੀਂ ਪਰ ਇਨ੍ਹਾਂ ਭਾਸ਼ਾਵਾਂ ਨੂੰ ਜ਼ਬਰਦਸਤੀ ਪੰਜਾਬੀ ਉਪਰ ਭਾਰੂ ਕਰਨ ਦੀ ਕੋਸ਼ਿਸ ਕੀਤੀ ਗਈ। ਭਾਰਤ ਸਰਕਾਰ ਹੁਣ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਆਪਣੇ ਦਸਤਾਵੇਜ਼ ਛਾਪਦੀ ਹੈ। ਸ਼ਾਇਦ ਭਾਰਤ ਸਰਕਾਰ ਨੂੰ ਸਮਝ ਆ ਗਿਆ ਹੋਵੇਗਾ, ਜਿਹੜੇ ਲੋਕ ਉਨ੍ਹਾਂ ਵੱਲੋਂ ਲਿਖੀ ਭਾਸ਼ਾ ਨਹੀਂ ਸਮਝ ਸਕਦੇ, ਉਨ੍ਹਾਂ ਲਈ✓ਕਾਲਾ ਅੱਖਰ ਮੱਝ ਬਰਾਬਰ ਹੋਵੇਗਾ। ਇੱਕ ਸਮਾਂ ਸੀ, ਜਦੋਂ ਭਾਰਤ ਸਰਕਾਰ ਵੱਲੋਂ ਸਿਰਫ ਤੇ ਸਿਰਫ ਹਿੰਦੀ ਜਾਂ ਅੰਗਰੇਜ਼ੀ ਵਿਚ ਹੀ ਦਸਤਾਵੇਜ਼ ਛਾਪੇ ਜਾਂਦੇ ਸੀ ਤੇ ਪੱਤਰ-ਵਿਹਾਰ ਦੀ ਮੁੱਖ ਭਾਸ਼ਾ ਹਿੰਦੀ ਹੁੰਦੀ ਸੀ। ਹੱਦ ਤਾਂ ਉਦੋਂ ਹੋ ਗਈ, ਜਦੋਂ ਗਵਾਂਢੀ ਸੂਬੇ ਹਰਿਆਣਾ ਵਿਚ ਇੱਕ ਸਮੇਂ ਪੰਜਾਬੀ ਦੀ ਥਾਂ 'ਤੇ ਤਾਮਿਲ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਗਿਆ। ਮੌਜੂਦਾ ਹਾਲਾਤ ਵਿਚ ਚੜ੍ਹਦੇ ਜਾਂ ਲਹਿੰਦੇ ਪੰਜਾਬ ਵਿਚ ਕ੍ਰਮਵਾਰ ਜੋ ਉਰਦੂ ਜਾਂ ਗੁਰਮੁਖੀ ਦਾ ਨੁਕਸਾਨ ਹੋ ਚੁੱਕਾ ਹੈ, ਉਸ ਦੀ ਭਰਪਾਈ ਹੁਣ ਲੱਗਦਾ ਹੈ ਨਹੀਂ ਹੋ ਸਕਦੀ। ਜੋ ਇਨ੍ਹਾਂ ਦੋਵੇਂ ਭਾਸ਼ਾਵਾਂ ਨੇ ਇੱਕ ਦੂਜੇ ਨਾਲ ਕੀਤਾ, ਉਹੋ ਅੱਜਕੱਲ੍ਹ ਅੰਗਰੇਜ਼ੀ ਸਾਰੀਆਂ ਭਾਸ਼ਾਵਾਂ ਨਾਲ ਕਰ ਰਹੀ ਹੈ। ਅੰਗਰੇਜ਼ੀ ਸਕੂਲ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਗਲ-ਮੁਹੱਲਿਆਂ ਤੱਕ ਪਹੁੰਚ ਚੁੱਕੇ ਹਨ। ਇਹ ਇੱਕ ਹੋਰ ਮਾਰ ਹੈ, ਜਿਸ ਨੂੰ ਦੋਵੇਂ ਪੰਜਾਬ ਸਹਿ ਰਹੇ ਹਨ। ਅੰਗਰੇਜ਼ੀ ਸਕੂਲਾਂ ਦਾ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਹੜ੍ਹ ਆਇਆ ਹੈ, ਜਿਸ ਦਾ ਅਸਰ ਬੇਗਾਨੀਆਂ ਭਾਸ਼ਾਵਾਂ ਨਾਲੋਂ ਪੰਜਾਬੀ ਤੇ ਉਰਦੂ 'ਤੇ ਜ਼ਿਆਦਾ ਦੇਖਣ ਲਈ ਮਿਲ ਰਿਹਾ ਹੈ। ਭਵਿੱਖ ਵਿਚ ਅਜੇ ਹੋਰ ਔਖੇ ਦੌਰ ਵਿਚੋਂ ਇਹ ਦੋਵੇਂ ਭਾਸ਼ਾਵਾਂ ਲੰਘਣਗੀਆਂ ਤੇ ਚੁਣੌਤੀਆਂ ਦਾ ਸਾਹਮਣਾ ਇਸ ਨੂੰ ਬਚਾਉਣ ਵਾਲੇ ਲੋਕਾਂ ਨੂੰ ਕਰਨਾ ਪਵੇਗਾ। ਕਿਸੇ ਵੀ ਭਾਸ਼ਾ ਨੂੰ ਕਿਸੇ ਧਰਮ ਜਾਂ ਫਿਰਕੇ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ।

BHULLAR
EXCAVATING AND DEMOLITION

- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking
LAND CLEANING
WATER & SEWER LINES
FULLY INSURED AND LICENSED
We do townhouses
Quality work Reasonable rate
Fast & friendly Service
We Fix All Leaky Basement & Drainage Problems

Vicky Bhullar
778-681-8200

Pavi Bhullar
647-667-9242

Bill Bhulllar
778-891-4556

Jassi Bhullar
604-441-7118

Balraj Bhullar

# ਖ਼ੁਦਕੁਸ਼ੀਆਂ

## ਭਾਰਤ 'ਚ ਫੈਲੀ ਮਹਾਂਮਾਰੀ

"ਆਰਥਕ ਤੰਗੀ ਅਤੇ ਮਾਨਸਿਕ ਪ੍ਰੇਸ਼ਾਨੀਆਂ ਕਾਰਨ ਦੇਸ਼ ਦੇ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਹਨ। ਸਾਧਨ ਵਿਹੁਣੇ ਖੇਤ ਮਜ਼ਦੂਰ, ਮਜ਼ਦੂਰ ਵੀ ਬੇਵਸ ਹਨ, ਅਣਿਆਈ ਮੌਤੇ ਮਰ ਰਹੇ ਹਨ। ਦੇਸ਼ ਦੇ ਨੌਜਵਾਨ ਖ਼ਾਸ ਕਰਕੇ ਵਿਦਿਆਰਥੀ ਬੇਰੁਜ਼ਗਾਰੀ, ਪਰਿਵਾਰਕ ਸਮੱਸਿਆਵਾਂ, ਮਾਨਸਿਕ ਭੇਦਭਾਵ ਅਤੇ ਦੁਰਵਿਹਾਰ ਕਾਰਨ ਨਿੱਤ ਦਿਹਾੜੇ ਖ਼ੁਦਕੁਸ਼ੀਆਂ ਕਰ ਰਹੇ ਹਨ। ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ, ਖ਼ੁਦਕੁਸ਼ੀ ਕਰਨ ਲਈ ਮਜ਼ਬੂਰ ਹਨ। ਖ਼ੁਦਕੁਸ਼ੀਆਂ 'ਚ ਦੇਸ਼ ਵਿੱਚ ਸਾਲ-ਦਰ-ਸਾਲ ਵਾਧਾ ਹੋ ਰਿਹਾ ਹੈ।"

ਲਿਖਤ : ਗੁਰਮੀਤ ਸਿੰਘ ਪਲਾਹੀ
ਸੰਪਰਕ : 9815802070

ਖ਼ੁਦਕੁਸ਼ੀ, ਮਹਾਂਮਾਰੀ ਦਾ ਰੂਪ ਧਾਰਨ ਕਰ ਰਹੀ ਹੈ। 28 ਅਗਸਤ 2024 ਨੂੰ ਐਨ.ਸੀ.ਆਰ.ਬੀ.(ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ) ਦੇ ਅੰਕੜਿਆਂ ਦੇ ਅਧਾਰ 'ਤੇ ਇੱਕ ਰਿਪੋਰਟ ਅਨੁਸਾਰ ਛੋਟੀ ਉਮਰ ਦੇ ਨੌਜਵਾਨਾਂ ਦੀ ਖ਼ੁਦਕੁਸ਼ੀ ਦਾ ਕਾਰਨ 54 ਫ਼ੀਸਦੀ ਸਿਹਤ ਸਮੱਸਿਆਵਾਂ, 36 ਫ਼ੀਸਦੀ ਨਾਕਾਰਾਤਮਕ ਪਰਿਵਾਰਕ ਮੁੱਦੇ 23 ਫ਼ੀਸਦੀ ਸਿੱਖਿਆ ਸਮੱਸਿਆਵਾਂ ਅਤੇ 20 ਫ਼ੀਸਦੀ ਸਮਾਜਿਕ ਅਤੇ ਜੀਵਨ ਸ਼ੈਲੀ ਕਾਰਕ ਹਨ। ਉਂਜ ਹਿੰਸਾ ਕਾਰਨ 22 ਫ਼ੀਸਦੀ, ਆਰਥਿਕ ਸੰਕਟ ਕਾਰਨ 9.1 ਫ਼ੀਸਦੀ ਅਤੇ ਭਾਵਾਤਮਕ ਸਬੰਧਾਂ ਕਾਰਨ 9 ਫ਼ੀਸਦੀ ਨੌਜਵਾਨ ਖ਼ੁਦਕੁਸ਼ੀ ਕਰਦੇ ਹਨ। ਸਰੀਰਕ ਅਤੇ ਯੌਨ ਸੋਸ਼ਣ, ਘੱਟ ਉਮਰ 'ਚ ਮਾਂ ਬਨਣਾ, ਘਰੇਲੂ ਹਿੰਸਾ, ਲਿੰਗਕ ਭੇਦਭਾਵ ਅਤੇ ਕਈ ਐਸੇ ਕਾਰਨ ਹਨ, ਜਿਹਨਾ ਕਾਰਨ ਨੌਜਵਾਨ ਲੜਕੀਆਂ ਖ਼ੁਦਕੁਸ਼ੀ ਕਰਦੀਆਂ ਹਨ।

ਵਿਦਿਆਰਥੀਆਂ 'ਚ ਵਧਦੀਆਂ ਖ਼ੁਦਕੁਸ਼ੀਆਂ ਪੂਰੇ ਸਮਾਜ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਹਨ। 3 ਦਸੰਬਰ 2023 ਦੀ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ) ਵਲੋਂ ਜਾਰੀ ਸਲਾਨਾ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ 1,70,924 ਖ਼ੁਦਕੁਸ਼ੀਆਂ ਸਾਲ 2022 ਵਿੱਚ ਰਿਕਾਰਡ ਕੀਤੀਆਂ ਗਈਆਂ ਹਨ। ਇਹ ਗਿਣਤੀ 2021 ਨਾਲੋਂ 4.2 ਫ਼ੀਸਦੀ ਅਤੇ 2018 ਦੀ ਤੁਲਨਾ 'ਚ 27 ਫ਼ੀਸਦੀ ਵੱਧ ਹੈ। ਇਹ ਅੰਕੜਾ ਪ੍ਰਤੀ ਇੱਕ ਲੱਖ 'ਤੇ 12.4 ਹੈ, ਜੋ ਭਾਰਤ ਵਿੱਚ ਹਰ ਵਰ੍ਹੇ ਦਰਜ ਕੀਤੇ ਜਾਣ ਵਾਲੇ ਆਤਮ ਹੱਤਿਆ ਦੇ ਅੰਕੜਿਆਂ 'ਚ ਉੱਚੇ ਦਰਜੇ 'ਤੇ ਹੈ।

ਵਿਦਿਆਰਥੀ ਜਦੋਂ ਆਪਣੇ ਪਰਿਵਾਰ ਤੋਂ ਦੂਰ, ਕੋਚਿੰਗ ਸੈਂਟਰਾਂ ਦੇ ਨਵੇਂ ਮਾਹੌਲ ਵਿੱਚ ਆਉਂਦੇ ਹਨ, ਤਾਂ ਬਹੁਤ ਕੁਝ ਉਹਨਾ ਨਾਲ ਇਹੋ ਜਿਹਾ ਹੁੰਦਾ ਹੈ, ਜਿਸਦੇ ਬਾਰੇ ਉਹਨਾ ਪਹਿਲਾਂ ਸੋਚਿਆ ਵੀ ਨਹੀਂ ਹੁੰਦਾ। ਵਿੱਤੀ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਉਤੇ ਤਾਂ ਜਲਦੀ ਤੋਂ ਜਲਦੀ ਕੁਝ ਬਣਕੇ ਆਪਣੇ ਪਰਿਵਾਰ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੱਧ ਹੁੰਦੀ ਹੈ, ਲੇਕਿਨ ਨੌਕਰੀ ਨਾ ਮਿਲਣ ਜਾਂ ਪਲੇਸਮੈਂਟ ਨਾ ਹੋਣ ਦੀ ਸੰਭਾਵਨਾ ਵੀ ਕਾਫ਼ੀ ਹੁੰਦੀ ਹੈ। ਇਹੋ ਜਿਹੇ 'ਚ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਲਈ ਕੋਚਿੰਗ ਸੈਂਟਰ ਵੀ ਜ਼ੁੰਮੇਵਾਰ ਬਣਦੇ ਹਨ, ਜੋ ਦਾਖ਼ਲੇ ਵੇਲੇ ਵਿਦਿਆਰਥੀਆਂ ਨੂੰ ਉੱਚੇ ਸਬਜ਼ ਬਾਗ ਦਿਖਾਉਂਦੇ ਹਨ।

ਜੇਕਰ ਭਾਰਤ 'ਚ ਖ਼ੁਦਕੁਸ਼ੀਆਂ ਦੇ ਵਧਦੇ ਮਾਮਲਿਆਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ ਤਾਂ ਸਮਾਜ ਦੇ ਵੱਖੋ-ਵੱਖਰੇ ਵਰਗਾਂ ਦੇ ਨਾਲ-ਨਾਲ ਦੇਸ਼ ਭਰ ਦੇ ਵਿਦਿਆਰਥੀ 'ਚ ਖ਼ੁਦਕੁਸ਼ੀ ਕਰਨ ਦੇ ਮਾਮਲੇ ਵਧਦੇ ਜਾ ਰਹੇ ਹਨ।

ਕਿਧਰੇ ਕੋਈ ਐਮ.ਬੀ.ਬੀ.ਐਸ. ਦਾ ਵਿਦਿਆਰਥੀ ਖ਼ੁਦਕੁਸ਼ੀ ਕਰ ਕਰਦਾ ਹੈ, ਕਿਧਰੇ ਆਈ.ਆਈ.ਟੀਜ਼ ਤੋਂ ਖ਼ੁਦਕੁਸ਼ੀ ਦੀ ਖ਼ਬਰ ਆਉਂਦੀ ਹੈ। ਕਾਰਨ ਪੜ੍ਹਾਈ ਦਾ ਦਬਾਅ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ 2018 ਤੋਂ 2023 ਦੇ 5 ਸਾਲਾਂ ਵਿੱਚ ਆਈ ਆਈ ਟੀ, ਐਨ.ਆਈ.ਟੀ.,ਆਈ. ਆਈ. ਐਮ,ਜਿਹੀਆਂ ਦੇਸ਼ ਦੇ ਉੱਚ ਸਿੱਖਿਆ ਸੰਸਥਾਵਾਂ ਵਿੱਚ 60 ਤੋਂ ਜਿਆਦਾ ਵਿਦੀਆਰਥੀਆਂ ਨੇ ਆਪਣੇ ਉਤੇ ਪੈਟਰੋਲ ਛਿੜਕਕੇ, ਹੋਸਟਲ ਦੀ ਉੱਚੀ ਮੰਜ਼ਿਲ ਤੋਂ ਛਾਲ ਮਾਰਕੇ ਖ਼ੁਦਕੁਸ਼ੀ ਕੀਤੀ। ਇਹਨਾ ਵਿੱਚੋਂ 34 ਵਿਦਿਆਰਥੀ ਆਈ.ਆਈ.ਟੀ. ਸੰਸਥਾਵਾਂ ਦੇ ਸਨ।



ਦਰਅਸਲ ਸਿੱਖਿਆ ਅਤੇ ਕਰੀਅਰ ਵਿੱਚ ਮਾਤਾ-ਪਿਤਾ ਤੇ ਅਧਿਆਪਕਾਂ ਦੀ ਆਪਣੇ ਬੱਚਿਆਂ ਤੋਂ ਚੰਗੀ ਕਾਰਗੁਜ਼ਾਰੀ ਦੀ ਹੋੜ ਦੇ ਚਲਦਿਆਂ ਵਿਦਿਆਰਥੀਆਂ ਉਤੇ ਪੜ੍ਹਾਈ ਦਾ ਨਾਕਾਰਾਤਮਕ ਅਸਰ ਵੱਡਾ ਹੈ। ਸਾਡੀ ਸਿੱਖਿਆ ਪ੍ਰਣਾਲੀ ਅੰਕਾਂ 'ਤੇ ਅਧਾਰਤ ਹੈ। ਇਸ ਵਿੱਚ ਮਾਤਾ-ਪਿਤਾ ਦਾ ਦਬਾਅ ਬਚਪਨ ਤੋਂ ਹੀ ਬੱਚਿਆਂ 'ਤੇ ਜ਼ਿਆਦਾ ਰਹਿੰਦਾ ਹੈ । ਸਕੂਲਾਂ ਵਿੱਚ ਵੀ ਅਧਿਆਪਕ ਵਿਦਿਆਰਥੀ ਦੀ ਯੋਗਤਾ ਅੰਕਾਂ ਤੋਂ ਪਰਖਦੇ ਹਨ। ਜਿਹੜਾ ਬੱਚਿਆਂ ਦੇ ਮਾਨਸਿਕ ਵਿਕਾਸ 'ਚ ਵੱਡੀ ਰੁਕਾਵਟ ਬਣ ਰਿਹਾ ਹੈ। ਇਸ ਤੋਂ ਵੀ ਅੱਗੇ ਇੰਟਰਨੈੱਟ ਦੇ ਪਸਾਰ ਨੇ ਵਿਦਿਆਰਥੀਆਂ ਦੀ ਸੋਚ ਉਤੇ ਵੱਡਾ ਅਸਰ ਪਾਇਆ ਹੈ। ਇੱਕ ਵਿਸ਼ੇਸ਼ਣ ਅਨੁਸਾਰ ਵੀਹ ਫ਼ੀਸਦੀ ਕਾਲਜ ਵਿਦਿਆਰਥੀ, ਇੰਟਰਨੈੱਟ ਦੇ ਬੁਰੀ ਤਰ੍ਹਾਂ ਆਦੀ ਹੋ ਚੁੱਕੇ ਹਨ, ਇਹਨਾ ਵਿੱਚੋਂ ਇੱਕ ਤਿਹਾਈ ਯੁਵਕ ਸਾਈਬਰ ਠੱਗੀ ਦਾ ਸ਼ਿਕਾਰ ਹੁੰਦੇ ਹਨ ਅਤੇ ਉਹਨਾ ਵਿੱਚੋਂ ਇੱਕ ਤਿਹਾਈ ਖ਼ੁਦਕੁਸ਼ੀ ਕਰ ਲੈਂਦੇ ਹਨ।

ਰਾਜਸਥਾਨ ਵਿੱਚ ਕੋਟਾ ਸ਼ਹਿਰ ਵਿੱਚ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਦੀਆਂ ਵੱਧ ਰਹੀਆਂ ਘਟਨਾਵਾਂ ਦੀ ਦਰ ਨਾਲ ਹਰ ਕੋਈ ਦੁੱਖੀ ਹੈ, ਇਥੇ ਨੀਟ, ਜੇ.ਈ.ਈ. ਅਤੇ ਹੋਰ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਕਰਨ ਵਾਲੇ ਨੌਜਵਾਨ ਵਿਦਿਆਰਥੀ ਨਿਰੰਤਰ ਆਪਣੀ ਜਾਨ ਦਿੰਦੇ ਰਹੇ ਹਨ। ਕੀ ਇਹੋ ਜਿਹੀਆਂ ਘਟਨਾਵਾਂ ਨੂੰ ਵਾਪਰਣ ਤੋਂ ਰੋਕਣਾ ਸਰਕਾਰੀ ਪ੍ਰਾਸ਼ਾਸ਼ਨ ਦੀ ਜ਼ੁੰਮੇਵਾਰੀ ਨਹੀਂ ਹੈ?

ਖ਼ੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੇ ਮਾਮਲੇ 'ਚ ਮਨੋਚਕਿਤਸਕਾਂ ਦਾ ਵਿਚਾਰ ਹੈ ਕਿ ਵਿਦਿਆਰਥੀਆਂ 'ਚ ਵੱਧ ਰਹੀਆਂ ਖ਼ੁਦਕੁਸ਼ੀਆਂ ਦਾ ਕਾਰਨ ਵਿਦਿਆਰਥੀ ਉਤੇ ਪੜ੍ਹਾਈ ਦਾ ਉਹਨਾ ਦੀ ਸਮਰਥਾ ਤੋਂ ਵੱਧ ਬੋਝ ਅਤੇ ਇਮਤਿਹਾਨਾਂ ਵਿੱਚ ਵੱਧ ਤੋਂ ਵੱਧ ਅੰਕ ਲੈਣ ਦੀ ਹੋੜ ਹੈ। ਮੌਜੂਦਾ ਸਿੱਖਿਆ ਪ੍ਰਣਾਲੀ ਨੂੰ "ਡਾਟਾ ਔਰੀਐਨਟਿਡ" ਰੱਖਣਾ ਕਿਸੇ ਤਰ੍ਹਾਂ ਦੀ ਵਿਦਿਆਰਥੀ ਦੀ ਮਾਨਸਿਕ ਸਿਹਤ ਦੇ ਅਨੁਕੂਲ ਨਹੀਂ ਹੈ। ਅਸਲ 'ਚ ਮਾਪੇ ਆਪਣੇ ਬੱਚਿਆਂ ਤੋਂ ਇਸ ਗੱਲ ਦੀ ਬੇਲੋੜੀ ਆਸ ਰੱਖਦੇ ਹਨ ਕਿ ਜੋ ਕੁਝ ਉਹ ਜ਼ਿੰਦਗੀ 'ਚ ਨਹੀਂ ਬਣ ਸਕੇ, ਉਹਨਾ ਦੇ ਬੱਚੇ ਉਹ ਕੁਝ ਬਨਣ। ਇਹੋ ਇੱਛਾ ਵਿਦਿਆਰਥੀ ਦੀ ਮਾਨਸਿਕ ਸਿਹਤ ਉਤੇ ਬੁਰਾ ਅਸਰ ਪਾਉਂਦੀ ਹੈ।

ਮੌਜੂਦਾ ਦੌਰ 'ਚ ਜਦੋਂ ਦੇਸ਼ ਦਾ ਨੌਜਵਾਨ ਬੇਰੁਜ਼ਗਾਰੀ ਜਿਹੇ ਮਹਾਂ ਦੈਂਤ ਦੇ ਜਵਾੜੇ ਹੇਠ ਹੈ। ਨੌਜਵਾਨ ਪ੍ਰਵਾਸ ਦੇ ਰਾਹ ਪੈਣ ਲਈ ਮਜ਼ਬੂਰ ਹੁੰਦੇ ਹਨ। ਵਿਦਿਆਰਥੀ ਵੀਜ਼ਾ ਜਾਂ ਵਰਕ ਪਰਮੈਂਟ ਵੀਜ਼ਾ ਲੈ ਕੇ ਉਹ ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ 'ਚ ਜਾਂਦੇ ਹਨ। ਉਥੇ ਪੜ੍ਹਾਈ ਅਤੇ ਕੰਮ ਦਾ ਏਨਾ ਬੋਝ ਹੁੰਦਾ ਹੈ ਕਿ ਵਿਦਿਆਰਥੀ, ਨੌਜਵਾਨ ਮਾਨਸਿਕ ਤਨਾਅ 'ਚ ਰਹਿੰਦੇ ਹਨ। ਖ਼ਤਰਨਾਕ ਬੀਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਹਾਰਟ ਅਟੈਕ ਜਿਹੀਆਂ ਬੀਮਾਰੀਆਂ ਤਨਾਅ ਕਾਰਨ ਹੀ ਹੋ ਰਹੀਆਂ ਹਨ। ਕੈਨੇਡਾ ਤੇ ਹੋਰ ਮੁਲਕਾਂ ਤੋਂ ਆਈਆਂ ਭਾਰਤੀਆਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਨਿੱਤ ਦਿਹਾੜੇ ਪ੍ਰੇਸ਼ਾਨ ਕਰਨ ਵਾਲੀਆਂ ਹਨ।

ਕਿਸਾਨ ਖ਼ੁਦਕੁਸ਼ੀਆਂ ਦਾ ਮਾਮਲਾ ਤਾਂ ਦੇਸ਼ ਵਾਸੀਆਂ ਦਾ ਧਿਆਨ ਪਹਿਲਾਂ ਹੀ ਖਿਚਦਾ ਰਿਹਾ ਹੈ। ਘਾਟੇ ਦੀ ਖੇਤੀ ਉਹਨਾ ਦੀ ਜਾਨ ਦਾ ਖੌਅ ਬਣਦੀ ਹੈ। 5 ਏਕੜ ਤੋਂ ਘੱਟ ਜ਼ਮੀਨ ਮਾਲਕੀ ਵਾਲਾ ਛੋਟਾ ਕਿਸਾਨ ਲਗਾਤਾਰ ਕਰਜ਼ਾਈ ਰਹਿੰਦਾ ਹੈ। ਹੁਣ ਤਾਂ ਮੱਧ ਵਰਗੀ ਕਿਸਾਨ ਵੀ ਕਰਜ਼ੇ ਦੀ ਲਪੇਟ 'ਚ ਆਇਆ ਹੋਇਆ ਹੈ। ਕੁਲ ਮਿਲਾਕੇ ਦੇਸ਼ ਦੇ 92 ਫ਼ੀਸਦੀ ਕਿਸਾਨ ਛੋਟੇ ਅਤੇ ਮੱਧ ਵਰਗੀ ਕਿਸਾਨ ਹਨ। ਇਹਨਾ ਵਿੱਚ ਕਾਸ਼ਤਕਾਰ, ਪੱਟੇਦਾਰ ਸ਼ਾਮਲ ਹਨ। ਦੇਸ਼ 'ਚ ਸਿੱਕੇ ਬੰਦ 'ਖੇਤੀ ਨੀਤੀ' ਨਾ ਹੋਣ ਕਾਰਨ, ਇਹ ਕਿਸਾਨ ਮੁਸੀਬਤਾਂ 'ਚ ਫਸੇ ਰਹਿੰਦੇ ਹਨ। ਆਰਥਿਕ ਤੰਗੀਆਂ-ਤੁਰਸ਼ੀਆਂ ਦਾ ਸ਼ਿਕਾਰ ਬਣਦੇ ਹਨ। 2022 ਦੀ ਇੱਕ ਰਿਪੋਰਟ ਅਨੁਸਾਰ 11290 ਖੇਤੀ ਸੈਕਟਰ ਦੇ ਲੋਕਾਂ, ਜਿਹਨਾ ਵਿੱਚ 5270 ਕਿਸਾਨ ਅਤੇ 6083 ਖੇਤ ਮਜ਼ਦੂਰ ਸ਼ਾਮਲ ਸਨ, ਖ਼ੁਦਕੁਸ਼ੀਆਂ ਕੀਤੀਆਂ। ਇਹ ਦੇਸ਼ 'ਚ ਕੁਲ ਖ਼ੁਦਕੁਸ਼ੀ ਕਰਨ ਵਾਲੇ ਲੋਕਾਂ ਦਾ 6.6 ਫ਼ੀਸਦੀ ਸੀ। ਕਾਰਨ ਮੁੱਖ ਰੂਪ ਵਿੱਚ ਕਰਜ਼ਾ, ਮੌਨਸੂਨ ਦੀ ਘਾਟ, ਫ਼ਸਲਾਂ 'ਤੇ ਕਰੋਪੀ ਆਦਿ ਰਹੇ ਹਨ। ਪਰ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਦੀ ਦਰ ਹਰ ਸਾਲ ਵਧਦੀ ਜਾ ਰਹੀ ਹੈ। ਪਿਛਲੇ ਇੱਕ ਦਹਾਕੇ ਵਿੱਚ 1,12,000 ਖੇਤੀ ਸੈਕਟਰ ਦੇ ਲੋਕਾਂ ਨੇ ਖ਼ੁਦਕੁਸ਼ੀ ਕੀਤੀ।

ਦੇਸ਼ 'ਚ ਔਰਤਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਹੈਰਾਨੀਜਨਕ ਢੰਗ ਨਾਲ ਵਧੀ ਹੈ। ਸਾਲ 2022 ਦੌਰਾਨ 48000 ਔਰਤਾਂ ਨੇ ਅਤੇ ਜਦਕਿ 1,22,000 ਮਰਦਾਂ ਨੇ ਖ਼ੁਦਕੁਸ਼ੀ ਕੀਤੀ। ਦੇਸ਼ 'ਚ ਸਾਲ 2021 'ਚ 1,64,033 ਖ਼ੁਦਕੁਸ਼ੀਆਂ ਕਰਨ ਵਾਲਿਆਂ ਦੀ ਗਿਣਤੀ ਸੀ। ਇਸ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਨੌਜਵਾਨ ਔਰਤਾਂ 'ਚ ਖ਼ੁਦਕੁਸ਼ੀ ਜ਼ਿਆਦਾ ਹੋ ਰਹੀ ਹੈ। 15 ਤੋਂ 39 ਸਾਲ ਦੀਆਂ ਔਰਤਾਂ 'ਚ 2021 ਸਾਲ 'ਚ ਖ਼ੁਦਕੁਸ਼ੀ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਇੱਕ ਲੱਖ ਪਿਛੇ 12.7 ਸੀ ਜੋ ਕਿ 2021 'ਚ ਵਧਕੇ ਇੱਕ ਲੱਖ ਪਿੱਛੇ 17.5 ਹੋ ਗਈ ।ਖ਼ੁਦਕੁਸ਼ੀ ਕਰਨ ਦਾ ਕਾਰਨ ਔਰਤਾਂ 'ਚ ਮੁੱਖ ਤੌਰ 'ਤੇ ਪਰਿਵਾਰਕ, ਬੀਮਾਰੀ, ਇਕੱਲੇਪਨ ਦੀ ਭਾਵਨਾ, ਔਲਾਦ ਪੈਦਾ ਨਾ ਹੋਣਾ, ਵਿਆਹ ਟੁੱਟਣਾ ਆਦਿ ਰਿਹਾ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਦੀ ਗਿਣਤੀ 31 ਫ਼ੀਸਦੀ ਰਹੀ।ਇਹ ਵੱਡੀ ਚਿੰਤਾ ਦਾ ਵਿਸ਼ਾ ਹੈ।


ਖ਼ੁਦਕੁਸ਼ੀਆਂ ਦੇ ਮਾਮਲੇ 'ਤੇ ਜਿਹੜੀਆਂ ਰਿਪੋਰਟਾਂ ਸਰਕਾਰੀ ਤੌਰ 'ਤੇ ਛਾਇਆ ਹੁੰਦੀਆਂ ਹਨ, ਉਹਨਾਂ ਤੋਂ ਵੱਖਰੀਆਂ ਰਿਪੋਰਟਾਂ ਹੋਰ ਏਜੰਸੀਆਂ ਵਲੋਂ ਮੀਡੀਆਂ 'ਤੇ ਉਪਲੱਬਧ ਹਨ। ਜਿਹੜੀਆਂ ਇਹ ਵਿਖਾਉਂਦੀਆਂ ਹਨ ਕਿ ਸਰਕਾਰੀ ਅੰਕੜਿਆਂ ਤੋਂ ਵੱਧ ਲੋਕਾਂ ਨੇ ਖ਼ੁਦਕੁਸ਼ੀ ਕੀਤੀ। ਉਦਾਹਰਨ ਦੇ ਤੌਰ 'ਤੇ 2010 ਦੇ ਸਰਕਾਰੀ ਅੰਕੜੇ 1,34,600 ਖ਼ੁਦਕੁਸ਼ੀਆਂ ਦੱਸਦੇ ਹਨ, ਜਦਕਿ ਮੈਡੀਕਲ ਮੈਗਜ਼ੀਨ 'ਦੀ ਲਾਂਸਿਟ' ਆਪਣੀ ਰਿਪੋਰਟ 1,87,000 ਮੌਤਾਂ ਦੀ ਵਿਖਾਉਂਦੀ ਹੈ। ਇਸਦਾ ਇੱਕ ਕਾਰਨ ਇਹ ਵੀ ਹੈ ਪਿੰਡਾਂ ਜਾਂ ਦੂਰ-ਦੁਰੇਡੇ ਦੇ ਲੋਕ ਖ਼ੁਦਕੁਸ਼ੀ ਦੇ ਮਾਮਲਿਆਂ ਨੂੰ ਲੁਕੋਅ ਲੈਂਦੇ ਹਨ ਤਾਂ ਕਿ ਉਹਨਾ ਦੀ ਸਮਾਜ ਵਿੱਚ ਬਦਨਾਮੀ ਨਾ ਹੋਏ।

ਭਾਵੇਂ ਬਹੁਤ ਸਾਰੇ ਕਾਰਨ ਖ਼ੁਦਕੁਸ਼ੀ ਦੇ ਮਾਮਲੇ 'ਤੇ ਗਿਣਾਏ ਜਾਂਦੇ ਹਨ, ਪਰ ਮੁੱਖ ਕਾਰਨ ਕੰਗਾਲੀ, ਬਦਹਾਲੀ, ਬੇਰੁਜ਼ਗਾਰੀ, ਸਿੱਖਿਆ ਸਿਹਤ ਸੇਵਾਵਾਂ ਦੀ ਘਾਟ ਅਤੇ ਜਨਤਕ ਨਿਆਂ ਨਾ ਮਿਲਣਾ ਹੈ। ਦੇਸ਼ ਇਸ ਵੇਲੇ ਬੇਰੁਜ਼ਗਾਰੀ ਦੀ ਮਾਰ ਹੇਠ ਹੈ। ਆਮ ਆਦਮੀ ਨਿਆਂ ਲੱਭ ਰਿਹਾ ਹੈ। ਰੋਟੀ ਲੱਭ ਰਿਹਾ ਹੈ। ਸਿੱਖਿਆ, ਸਿਹਤ, ਸੇਵਾਵਾਂ ਤੋਂ ਵਿਰਵਾ ਹੈ। ਸਾਧਨ ਵਿਹੁਣਾ ਹੈ। ਇਹੋ ਜਿਹੀਆਂ ਹਾਲਤਾਂ ਮਨੁੱਖ ਲਈ ਮਾਨਸਿਕ ਸੰਕਟ ਪੈਦਾ ਕਰਦੀਆਂ ਹਨ। ਆਰਥਿਕ ਤੇ ਮਾਨਸਿਕ ਸਥਿਤੀਆਂ ਦਾ ਟਾਕਰਾ ਨਾ ਕਰ ਸਕਣ ਕਾਰਨ ਉਹ ਮੌਤ ਨੂੰ ਹੀ ਆਖ਼ਰੀ ਹੱਲ ਲੱਭ ਲੈਂਦਾ ਹੈ।

ਸਮੇਂ ਸਮੇਂ ਤੇ ਫੈਲੀਆਂ ਜਾਂ ਫੈਲਾਈਆਂ ਗਈਆਂ ਕਰੋਨਾ ਵਾਇਰਸ ਵਰਗੀਆਂ ਬੀਮਾਰੀਆਂ, ਜਿਹਨਾ ਦੇ ਅਣਦਿਸਦੇ ਕਾਰਨਾਂ ਕਰਕੇ ਸਮਾਜ ਨੂੰ ਵੱਡੀ ਪ੍ਰੇਸ਼ਾਨੀ ਝੱਲਣੀ ਪਈ, ਉਸਤੋਂ ਵੀ ਵੱਡੀ ਪ੍ਰੇਸ਼ਾਨੀ "ਖ਼ੁਦਕੁਸ਼ੀ ਮਹਾਂਮਾਰੀ" ਹੈ, ਜੋ ਦੇਸ਼ ਦੇ ਦਰਪੇਸ਼ ਹੈ। ਇਹ ਘੁਣ ਵਾਂਗਰ ਦੇਸ਼ ਨੂੰ, ਦੇਸ਼ ਦੇ ਲੋਕਾਂ ਨੂੰ ਖਾ ਰਹੀ ਹੈ।

ਇਸ ਮਹਾਂਮਾਰੀ ਨੂੰ ਠੱਲਣ ਅਤੇ ਇਸ ਤੋਂ ਨਿਜਾਤ ਪਾਉਣ ਲਈ ਵੱਡੇ ਜਨਤਕ ਯਤਨ ਤਾਂ ਲੋੜੀਂਦੇ ਹੀ ਹਨ, ਨਾਲ ਦੀ ਨਾਲ ਲੋਕਾਂ 'ਚ ਸਿਆਸੀ ਚੇਤਨਾ ਪੈਦਾ ਕਰਕੇ ਲੋਕ ਹਿਤੈਸ਼ੀ ਸਰਕਾਰਾਂ ਅੱਗੇ ਲਿਆਉਣ ਦੀ ਵੀ ਲੋੜ ਹੈ ਤਾਂ ਕਿ ਲੋਕਾਂ 'ਚ ਪੈਦਾ ਹੋਏ ਨਾਕਾਰਾਤਮਕ ਵਿਚਾਰ ਖ਼ਤਮ ਹੋ ਸਕਣ ਅਤੇ ਉਹ ਇੱਕ ਨਿਵੇਕਲੀ ਉਮੀਦ ਨਾਲ ਸਾਂਵੀ ਪੱਧਰੀ, ਖ਼ੁਸ਼ਹਾਲ ਜ਼ਿੰਦਗੀ ਜੀਉਣ ਦੇ ਸੁਪਨੇ ਉਣ ਸਕਣ।

# ਪਸਾਰਵਾਦੀ ਰੁਚੀਆਂ ਦੇ ਪਸਾਰ ਅਤੇ ਫੈਲਾਅ ਦਾ ਯਥਾਰਥ



ਲਿਖਤ
ਡਾ.ਹਰਜੋਤ ਕੌਰ ਖੈਹਿਰਾ
+16047245741

ਅਜੋਕੇ ਸੰਦਰਭ ਵਿਚ ਪੰਜਾਬੀ ਸਾਹਿਤ ਤੇ ਜੀਵਨ ਅਜਿਹੇ ਮਸਲਿਆ ਵਿਚ ਗ੍ਰਸਤ ਹੈ, ਜਿਸਨੂੰ ਇਕ ਸੂਤਰ ਵਿਚ ਦੇਖਣਾ ਹੋਵੇਂ ਤਾਂ ਉਹ ਸੰਸਾਰੀਕਰਨ(ਗਲੋਬਲਾਇਜੇਸ਼ਨ) ਦੇ ਘੇਰੇ ਵਿਚ ਆਉਂਦਾ ਹੈ।ਇਸੇ ਸੰਦਰਭ 'ਚ ਗੁਰਭਜਨ ਗਿੱਲ ਰਚਿਤ ਕਾਵਿ ਸੰਗ੍ਰਹਿ 'ਚਰਖੜੀ' ਨੂੰ ਆਧਾਰ ਬਣਾ ਗਲੋਬਲੀ ਪਰਿਪੇਖ ਤੋਂ ਇਸਦੇ ਪਸਾਰ,ਉਦਾਰਵਾਦ ਤੇ ਪੂੰਜੀਵਾਦ ਦੇ ਹਵਾਲੇ ਤੋਂ ਅਧਿਐਨ ਕਰਦੇ ਹੋਏ ਇਸ ਸੰਗ੍ਰਹਿ ਵਿਚ ਉਹਨਾਂ ਵਰਤਾਰਿਆ ਪ੍ਰਤੀ ਜੋ ਸਵਾਲ ਉਠਾਏ ਗਏ ਉਹਨਾਂ ਦੇ ਹੱਲ ਤਲਾਂਸ਼ਣਾ ਹੈ। ਗੁਰਭਜਨ ਗਿੱਲ ਪੰਜਾਬੀ ਸਾਹਿਤ ਦੇ ਖੇਤਰ ਵਿਚ ਆਪਣਾ ਵੱਖਰਾ ਮੁਕਾਮ ਹਾਸਲ ਕਰ ਚੁੱਕੇ ਹਨ। 18 ਕਾਵਿ ਪੁਸਤਕਾਂ ਦੇ ਰਾਹੀ ਉਹ ਸਮੇਂ-ਸਮੇਂ ਤੇ ਪੰਜਾਬ,ਪੰਜਾਬੀ ਤੇ ਪੰਜਾਬੀਅਤ ਨਾਲ ਜੁੜੇ ਮਸਲਿਆ ਨੂੰ ਯਥਾਰਥਮਈ ਢੰਗ ਨਾਲ ਪ੍ਰਸਤੁਤ ਕਰਨ ਵਿਚ ਕਾਮਯਾਬ ਹੋਏ ਹਨ। ਪੰਜਾਬੀ ਰਹਿਤਲ ਨਾਲ ਜੁੜੇ ਹੋਣ ਕਾਰਨ ਉਹ ਪੰਜਾਬੀ ਲੋਕਧਾਰਾ ਤੇ ਸਭਿਆਚਾਰ ਵਿਚ ਆ ਰਹੇ ਵਿਕਾਰਾ ਨੂੰ ਡੂੰਘਾਈ ਨਾਲ ਵਾਚਦੇ ਹੋਏ ਆਪਣੀਆਂ ਭਾਵਨਾਵਾਂ ਨੂੰ ਕਾਵਿ ਰਾਹੀ ਪੇਸ਼ ਕਰਦੇ ਹਨ। ਇਸ ਸੰਬੰਧੀ ਡਾ.ਸਰਬਜੀਤ ਸਿੰਘ ਦੀ ਧਾਰਨਾ ਪ੍ਰਾਪਤ ਹੁੰਦੀ ਹੈ ਕਿ, "ਇਹ ਕਵਿਤਾ ਇਕ ਸਮੇਂ ਕਈ ਮੁਹਾਜਾ ਉੱਪਰ ਲੜ ਰਹੀ ਹੈ। ਪਹਿਲਾਂ ਪੂੰਜੀਵਾਦੀ ਸ਼ਕਤੀਆਂ ਦੇ ਨਿਰੰਤਰ ਸ਼ੋਸ਼ਣ, ਦੂਜਾ ਵਿਸ਼ਵੀਕਰਨ ਦੇ ਮਨੁੱਖਘਾਤੀ ਦੈਂਤ ਵਿਰੁੱਧ ਚੇਤਨਾ, ਤੀਜਾ ਭਾਰਤ ਅੰਦਰ ਨਿਰੰਤਰ ਵੱਧ ਰਹੀਆਂ ਪ੍ਰਤੀਕਿਰਿਆਵਾਦੀ ਅਤੇ ਫ਼ਾਸੀਵਾਦੀ ਤਾਕਤਾਂ ਦੇ ਉਭਾਰ, ਚੌਥਾ ਜਨ ਸਧਾਰਨ 'ਚ ਕ੍ਰਾਂਤੀਕਾਰੀ ਚੇਤਨਾ ਦਾ ਦੀਵਾ ਜਗਾਈ ਰੱਖਣਾ, ਪੰਜਵਾਂ ਮਨੁੱਖ ਅੰਦਰ ਮਨੁੱਖਤਾ ਦਾ ਵਿਸ਼ਵਾਸ ਬਣਾਈ ਰੱਖਣ ਦਾ ਸੰਘਰਸ਼ ਸ਼ਾਮਿਲ ਹੈ।"

(ਵਿਸ਼ਵੀਕਰਨ ਅਤੇ ਪੰਜਾਬੀ ਕਵਿਤਾ, ਪੰਨਾ-43)

ਚਰਖੜੀ ਕਾਵਿ ਸੰਗ੍ਰਹਿ ਵਿਚ ਕੁਲ 90 ਦੇ ਕਰੀਬ ਕਵਿਤਾਵਾਂ ਦਰਜ ਹਨ, ਜੋ ਮਨੁੱਖੀ ਜੀਵਨ,ਸਮਾਜ ਤੇ ਵਿਸ਼ਵੀ ਜੀਵਨ ਦੇ ਹਰ ਹਿੱਸੇ ਨੂੰ ਆਪਣੇ ਕਲੇਵਰ ਵਿਚ ਲੈ ਕੇ ਪੇਸ਼ ਹੁੰਦੀਆਂ ਹਨ।ਮਨੁੱਖ ਤੇ ਸਮਾਜ ਇਕ ਦੂਸਰੇ ਦੇ ਪੂਰਕ ਹੋਣ ਕਾਰਣ ਇਕ ਦੂਸਰੇ ਤੋਂ ਵੱਖ ਨਹੀਂ ਹੋ ਸਕਦੇ। ਸਮਾਜ ਵਿਚ ਵੱਸਦੇ ਲੋਕ ਕਿਸੇ ਨਾ ਕਿਸੇ ਪੱਖ ਤੋਂ ਇਕ ਦੂਸਰੇ ਨਾਲ ਜੁੜੇ ਹੁੰਦੇ ਹਨ । ਸਮਾਜ ਇਕ ਸਥਿਤੀ ਦੀ ਤਰਾਂ ਹੈ ਤੇ ਮਨੁੱਖ ਉਸ ਵਿਚ ਬਦਲਦੀਆਂ ਪ੍ਰਸਥਿਤੀਆਂ ਵਾਂਗ ਗਤੀਸ਼ੀਲਤਾ ਨਾਲ ਜੁੜਿਆ ਹੋਇਆ ਹੈ।ਜਿਸ ਵਿਚ ਹਰ ਦਿਨ,ਹਰ ਸਮੇਂ ਨਵੇਂ ਪਰਿਵਰਤਨ ਵਿਚ ਨਵੀਆਂ ਘਟਨਾਵਾਂ, ਨਵੇਂ ਹਾਲਾਤ, ਨਵੇਂ ਵਿਚਾਰ, ਨਵੀਆਂ ਖੋਜਾਂ ਇਹਨਾਂ ਪ੍ਰਸਥਿਤੀਆਂ ਦੇ ਅਧੀਨ ਆਉਂਦੀਆਂ ਹਨ।ਲੰਮੇ ਸਮੇਂ ਤੋਂ ਮਾਨਵੀ ਜੀਵਨ ਤੇ ਸਮਾਜ ਨਵੇਂ ਮੁੱਲ ਵਿਧਾਨ ਵਿਚ ਵਿਚਰ ਰਿਹਾ ਜੋ ਗਲੋਬਲਾਈਜੇਸ਼ਨ ਦੇ ਪ੍ਰਭਾਵ ਅਧੀਨ ਲੋੜਾਂ,ਵਸਤੂਆਂ ਤੇ ਗਰਜ਼ ਅਧਾਰਿਤ ਵਧੇਰੇ ਹੈ ਨਾ ਕਿ ਮਾਨਸਿਕ ਸਾਂਝ ਜਾਂ ਪਿਆਰ ਉਪਰ।ਸਮੇਂ ਦੀ ਤਬਦੀਲੀ ਦੇ ਨਾਲ ਰਿਸ਼ਤਿਆਂ ਦਾ ਮਕਾਨਕੀ ਹੋਣਾ ਪੂੰਜੀਵਾਦੀ ਸਮਾਜ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਰਿਸ਼ਤਿਆਂ ਵਿਚਲੀ ਸਾਂਝ,ਲੋੜਾਂ ਅਧਾਰਿਤ ਹੋਣ ਕਾਰਨ ਮਨੁੱਖ ਇਕੱਲਤਾ ਦਾ ਸ਼ਿਕਾਰ ਵਧੇਰੇ ਹੋ ਰਿਹਾ ਹੈ।ਬੇਸ਼ਕ ਉਸ ਕੋਲ ਵਧੀਆਂ ਜੀਵਨ ਜਿਉਣ ਦੀ ਹਰ ਸਹੂਲਤ ਮੌਜੂਦ ਹੈ ਪਰ ਉਹ ਫਿਰ ਵੀ ਇੱਕਲਾ ਹੈ।ਕਵੀ ਨੇ ਇਸ ਇਕੱਲਤਾ ਸਿਰਫ ਪੇਸ਼ ਹੀ ਨਹੀਂ ਕੀਤਾ ਬਲਕਿ ਉਸ ਇੱਕਲਤਾ ਦੇ ਕਾਰਨਾਂ ਨੂੰ ਵੀ ਕਵਿਤਾ ਰਾਹੀ ਯਥਾਰਥਮਈ ਢੰਗ ਨਾਲ ਪੇਸ਼ ਕੀਤਾ ਹੈ।

ਸਭ ਇੱਕ ਦੂਜੇ ਤੋਂ ਡਰੇ ਹੋਏ,
ਲੱਗਦਾ ਏ ਬੁੱਤ ਜਿਓਂ ਮਰੇ ਹੋਏ,
ਹੁਣ ਫ਼ੋਨ ਸੁਨੇਹੇ ਦੇਂਦਾ ਹੈ,
ਪਰ ਦੋਸਤੀ ਲਈ ਹੀ ਵਕਤ ਨਹੀਂ ( ਚਰਖੜੀ 18)

ਗੁਰਭਜਨ ਗਿੱਲ ਦੀ ਵਿਲੱਖਣਤਾ ਇਹ ਹੈ ਕਿ ਉਹ ਵਰਤਮਾਨ ਸਮੇਂ ਦੇ ਵਰਤ-ਵਰਤਾਰੇ ਦਾ ਗਹਿਨ ਅਧਿਐਨ ਕਰਦੇ ਹੋਏ ਮੁੱਖ ਪ੍ਰਸ਼ਨਾਂ ਨੂੰ ਉਠਾਉਂਦਾ ਹੈ। ਉਸਦੀ ਰਚਨਾ ਵਿਚ ਪਿੱਛਲਝਾਤ ਮਾਰਦੇ ਹੋਏ ਅਤੀਤ ਤੋ ਲੈ ਕੇ ਵਰਤਮਾਨ ਤੱਕ ਹੀ ਨਹੀਂ ਬਲਕਿ ਭਵਿੱਖ ਤੱਕ ਵੀ ਪਹੁੰਚ ਰੱਖਦੀ ਨਜ਼ਰ ਆਉਂਦੀ ਹੈ। ਉੱਤਰ- ਆਧੁਨਿਕ ਦੌਰ ਤੇ ਪੂੰਜੀਵਾਦੀ ਸਰਮਾਏਦਾਰੀ ਦੇ ਯੁੱਗ ਵਿਚ ਉਹ ਮਸ਼ੀਨੀ ਮਨੁੱਖ ਦੀ ਗੱਲ ਬਹੁਤ ਤਰਕਮਈ ਢੰਗ ਨਾਲ ਕਰਦਾ ਹੈ।

ਯੁੱਧ ਤਾਂ ਜਾਰੀ ਰੱਖਣਾ ਪੈਂਦਾ ਹੈ ।
ਸਭ ਤੋਂ ਪਹਿਲਾਂ ਆਪਣੇ ਖ਼ਿਲਾਫ਼,
ਜਿਸ 'ਚ ਸਦੀਆਂ ਤੋਂ
ਰਾਵਣ ਡੇਰਾ ਲਾਈ ਬੈਠਾ ਹੈ ।
ਤ੍ਰਿਸ਼ਨਾ ਦਾ ਸੋਨ-ਮਿਰਗ ਛੱਡ ਦੇਂਦਾ ਹੈ
ਰੋਜ਼ ਸਵੇਰੇ ਸਾਨੂੰ ਛਲਾਵੇ 'ਚ ਲੈਂਦਾ ਹੈ ।
ਸਾਦਗੀ ਦੀ ਸੀਤਾ ਮੱਈਆ ਰੋਜ਼ ਛਲਦਾ ਹੈ
ਫਿਰ ਵੀ ਧਰਮੀ ਅਖਵਾਉਂਦਾ ਹੈ ।
( ਦੁਸਹਿਰਾ ਯੁੱਧ ਦਾ ਆਖਰੀ ਦਿਨ ਨਹੀਂ ਹੁੰਦਾ 26)

ਗੁਰਭਜਨ ਗਿੱਲ ਨੇ ਅਜੋਕੀ ਭ੍ਰਿਸ਼ਟ ਰਾਜਨੀਤੀ ਉਪਰ ਵੀ ਤਿੱਖਾ ਵਿਅੰਗ ਕੱਸਦੇ ਹੋਏ ਚੇਤੰਨ ਮਨੁੱਖ ਦੇ ਪੱਖ ਤੋਂ ਗੱਲ ਕੀਤੀ ਹੈ। 'ਅਜਬ ਸਰਕਸ ਵੇਖਦਿਆਂ' ਕਵਿਤਾ ਰਾਹੀ ਉਹ ਸ਼ਹੀਦਾਂ ਦੀਆਂ ਦਿੱਤੀਆਂ ਕੁਰਬਾਨੀਆਂ ਉਪਰ ਅਜ਼ਾਦ ਮੁਲਖ ਉਪਰ ਫਿਰ ਤੋਂ ਕਬਜ਼ਾਂ ਕਰੀ ਸੱਤਾਧਾਰੀ ਲੀਡਰਾ ਦੀ ਪੋਲ ਖੋਲਦਾਂ ਹੈ।ਜੋ ਆਮ ਜਨਤਾ ਨੂੰ ਧਰਮ,ਜਾਤ,ਲਿੰਗ,ਖੇਤਰ ਦੇ ਆਧਾਰ ਉਪਰ ਲੜ੍ਹਾ ਕੇ ਸੱਤਾ ਦਾ ਆਨੰਦ ਲੈ ਰਹੀ ਹੈ।ਉਹਨਾਂ ਦਾ ਸਮਾਜ ਭਲਾਈ ਵਿਚ ਕੋਈ ਯੋਗਦਾਨ ਨਜ਼ਰ ਨਹੀਂ ਆਉਂਦਾ । ਸਰਕਸ ਸ਼ਬਦ ਰਾਹੀ ਉਹ ਭ੍ਰਿਸ਼ਟ ਰਾਜਨੀਤੀ ਦੇ ਕਾਰ - ਵਿਹਾਰ ਨੂੰ ਪੇਸ਼ ਕਰਦਾ ਹੈ। ਜਿਵੇਂ ਆਮ ਸਰਕਸ ਵਿਚ ਵੱਖ ਵੱਖ ਕਰਤਬ ਦਿਖਾਏ ਜਾਂਦੇ ਤੇ ਲੋਕਾਂ ਦਾ ਮਨੋਰੰਜਨ ਕੀਤਾ ਜਾਂਦਾ ਹੈ।ਉਸ ਤਰਾਂ ਇਹ ਲੀਡਰ ਆਮ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਵੋਟ ਬੈਂਕ ਬਣਾਉਂਦੇ ਹਨ।ਉਹ ਸਿਰਫ ਨੌਕਰੀ ,ਸਿਹਤ ਸਹੂਲਤਾਂ ,ਸੁਰੱਖਿਆਂ ਆਦਿ ਦੀਆਂ ਸਿਰਫ ਬਿਆਨਬਾਜ਼ੀਆਂ ਕਰਕੇ ਸਰਕਸ ਦੇ ਕਰਤਬ ਦਿਖਾਂ ਕੇ ਹਰ 5 ਸਾਲ ਦੇ ਵੱਖਵੇਂ ਪਿੱਛੋਂ ਬਦਲਦੀ ਸੱਤਾਧਾਰੀ ਧਿਰ ਵੱਲੋਂ ਮੂਰਖ ਬਣਾਏ ਜਾ ਰਹੇ ਹਨ।

ਸਾਨੂੰ ਟੋਟਿਆਂ ਧੜਿਆਂ 'ਚ ਡੱਕਰੇ ਕਰਕੇ,
ਆਪਸ 'ਚ ਹੱਸ ਹੱਸ ਬੋਲਦੇ ਬੰਦ ਕਮਰਿਆਂ 'ਚ ।
ਆਪ ਕੁੜਮਾਚਾਰੀਆਂ ਤੇ ਯਾਰਾਨੇ ਪਾਲਦੇ ।
( ਅਜਬ ਸਰਕਸ ਵੇਖਦਿਆਂ 41)

ਅੱਜ ਸਿਆਸਤ ਅਤੇ ਸਿਆਸਤਦਾਨ ਆਪਣੀ ਕੁਰਸੀ ਬਚਾਉਣ ਅਤੇ ਹਥਿਆਉਣ ਲਈ ਆਪਣਾ ਅਤੇ ਦੂਸਰਿਆਂ ਦੀਆਂ ਭਾਵਨਾਵਾਂ ਦਾ ਸੌਦਾ ਕਰਦੇ ਹਨ। ਸਿਆਸਤ ਦੇ ਦੋਗਲੇ ਕਿਰਦਾਰ ਨੂੰ ਰਾਜਸੀ ਮਹਿਫਲਾਂ ਵਿਚ ਹਰ ਵਿਅਕਤੀ ਨੂੰ ਵਸਤੂ ਵਿਚ ਤਬਦੀਲ ਕਰ ਦਿੱਤਾ ਹੈ, ਜਿਵੇਂ ਵਸਤੂਆਂ ਦਾ ਮੁੱਲ ਮਿੱਥਿਆ ਜਾਂਦਾ ਹੈ। ਇਸੇ ਤਰ੍ਹਾਂ ਹੁਣ ਸਿਆਸਤਦਾਨਾਂ ਦਾ ਵੀ ਮੁੱਲ ਪੈਂਦਾ ਹੈ ਅਤੇ ਉਹ ਵਿਕਦੇ ਹਨ। ਗੁਰਭਜਨ ਗਿੱਲ ਸਿਆਸਤ ਵਿਚ ਆਏ ਇਸ ਨਿਘਾਰ ਨੂੰ ਆਪਣੇ ਵੱਖੋ-ਵੱਖ ਕਵਿਤਾਵਾਂ ਰਾਹੀਂ ਪੇਸ਼ ਕਰਦਾ ਹੈ। ਡਾ. ਸੁਖਦੇਵ ਸਿੰਘ ਸਿਰਸਾ ਦੀ ਧਾਰਨਾ ਮੁਤਾਬਿਕ, "ਗੁਰਭਜਨ ਗਿੱਲ ਪੂੰਜੀਵਾਦੀ ਵਿਵਸਥਾ ਵਿਚ ਕਲਾ ਅਤੇ ਕਲਚਰ ਦੀ ਹੋਣੀ ਬਾਰੇ ਸੁਚੇਤ ਹੈ। ਆਪਣੀਆਂ ਗ਼ਜ਼ਲਾਂ ਵਿਚ ਉਹ ਇਸ ਵੱਲ ਗੂੜ੍ਹੇ ਸੰਕੇਤ ਕਰਦਾ ਹੈ। ਉਹ ਇਸ ਗੱਲੋਂ ਸੁਚੇਤ ਹੈ ਕਿ ਸ਼ਾਇਰ ਕਿਸੇ ਖ਼ਿਲਾਅ ਵਿਚ ਨਹੀਂ ਵਿਚਰਦਾ, ਉਸ ਦੀ ਹੋਂਦ ਅਤੇ ਚੇਤਨਾ ਸਮਾਜਕ ਹੁੰਦੀ ਹੈ ਅਤੇ ਸਮਾਜਕ ਵੇਗ ਨੂੰ ਪ੍ਰਭਾਵਿਤ ਵੀ ਕਰਦੀ ਹੈ। ਉਸ ਨੇ ਅਜੋਕੇ ਕਲਾ ਵਿਰੋਧੀ ਮਾਹੌਲ ਵਿਚ ਵੀ ਆਪਣੀ ਧਿਰ, ਲੋਕਾਂ ਦੇ ਸੱਚ ਨੂੰ ਪਹਿਚਾਣਿਆ ਹੈ ਅਤੇ ਉਸ ਉੱਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ ਹੈ।"

ਲਾਲ ਕਿਲ੍ਹੇ ਦੀ ਫ਼ਸੀਲ ਵੀ,
ਕੂੜਰ ਸੁਣ ਸੁਣ ਅੱਕ ਥੱਕ ਗਈ ਹੈ ।
ਪੁਰਾਣੀਆਂ ਕਿਤਾਬਾਂ ਓਹੀ ਸਬਕ ,
ਸਿਰਫ਼ ਜੀਭ ਬਦਲਦੀ ਹੈ ।
ਝੁੱਗੀਆਂ ਵਿਕਦੀਆਂ ਹਨ,
ਦੋ ਮੁੱਠ ਆਟੇ ਬਦਲੇ ।
( ਦਿੱਲੀ ਆਪ ਕਦੇ ਨਹੀਂ ਉਜੜਦੀ 132)

ਉਸਦੀ ਸਾਹਿਤ ਰਚਨਾ ਦੀ ਖੂਬਸੂਰਤੀ ਹੈ ਕਿ ਉਹ ਜ਼ਮੀਨੀ ਪੱਧਰ ਤੇ ਜੜਿਆ ਹੋਇਆਂ ਹੈ ਤੇ ਪੁਰਾਤਨ ਸਮਾਜ ਸਭਿਆਚਾਰ ਤੇ ਵਿਰਸੇ ਦੇ ਰਾਹੀਂ ਸਿਆਸਤ ਮੁਨਾਫਾਖੋਰੀ ਦੇ ਘਟੀਆ ਅਕਸ ਨੂੰ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। 75 ਸਾਲ ਬਾਅਦ ਵੀ ਉਹ ਦੇਸ਼ ਨੂੰ ਗੁਲਾਮ ਹੀ ਦੇਖਦਾ ਹੈ ਜੋ ਅੰਗਰੇਜ਼ਾ ਤੋਂ ਮੁਕਤ ਹੋ ਕੇ ਆਪਣੇ ਦੇਸ਼ ਦੇ ਨੇਤਾਵਾਂ ਦੇ ਕਬਜ਼ੇ ਵਿਚ ਆ ਚੁੱਕਾ ਹੈ। ਲੋਕਤੰਤਰ ਦੇ ਨਾਮ ਉਪਰ ਬਾਰ ਬਾਰ ਵੋਟ ਬੈਂਕ ਬਣਾਉਣ ਲਈ ਖੇਡੀਆਂ ਜਾਂਦੀਆਂ ਖੇਡਾ ਕਾਰਨ ਪੈਦਾ ਹੋ ਰਹੀ ਅਰਾਜਕਤਾ ਦੀ ਪੇਸ਼ਕਾਰੀ ਉਹ ਬਹੁਤ ਪ੍ਰਭਾਵਮਈ ਢੰਗ ਨਾਲ ਕਰਦਾ ਹੈ। 'ਦਿੱਲੀ ਆਪ ਕਦੇ ਨਹੀਂ ਉਜੜਦੀ' ਕਵਿਤਾ ਇਸਦਾ ਸਹੀ ਪ੍ਰਮਾਣ ਹੈ। ਦੇਸ਼ ਵਿਚ ਆਜਾਦੀ ਤੋਂ ਬਾਅਦ ਲੋਕਤੰਤਰ ਦੇ ਨਾਲ ਸਰਕਾਰਾਂ ਬਦਲਦੀਆਂ ਰਹੀਆਂ ਪਰ ਸਮੱਸਿਆ ਇਹ ਹੈ ਕਿ ਅਜੇ ਤਕ ਕੋਈ ਅਜਿਹੀ ਸਰਕਾਰ ਨਹੀਂ ਆਈ ਜਿਹੜੀ ਆਮ ਲੋਕਾਂ/ਕਿਰਤੀ ਵਰਗ ਦੀਆਂ ਸਮੱਸਿਆਵਾਂ ਤੱਕ ਪਹੁੰਚ ਰੱਖਦੀ ਹੋਵੇ ਤੇ ਉਸਨੂੰ ਠੀਕ ਕਰਨ ਦਾ ਉਪਰਾਲਾ ਕਰਦੀ ਹੋਵੇ। ਸਿਆਸਤ ਵਿਚ ਅਣਮਨੁੱਖੀ ਅਤੇ ਮਾਰੂ ਲੋਕ ਨੀਤੀਆਂ ਦੇ ਨਾਲ ਭਰੀਆਂ ਅਖ਼ਬਾਰਾਂ ਵਿਚ ਸੁਰਖੀਆਂ ਤੇ ਜਰੂਰ ਆਉਂਦੀਆਂ ਹਨ ਪਰ ਭ੍ਰਿਸ਼ਟ ਸਿਆਸਤ ਨੇ ਆਮ ਵਿਅਕਤੀ/ਮਜ਼ਦੂਰ ਨੂੰ ਤਰਸ ਦਾ ਪਾਤਰ ਬਣਾ ਦਿੱਤਾ ਹੈ। ਗੁਰਭਜਨ ਗਿੱਲ ਤਿੱਖੇ ਸ਼ਬਦਾਂ ਅਤੇ ਵਿਅੰਗ ਰਾਹੀਂ ਸਿਆਸਤ ਦੇ ਪਾਏ ਪਰਦਿਆ ਨੂੰ ਆਮ ਮਨੁੱਖ ਦੀ ਹੋਣੀ ਰਾਹੀ ਚੁੱਕਦਾ ਹੈ:

ਮਜ਼ਦੂਰ ਦਾ
ਕੋਈ ਦਿਹਾੜਾ ਨਹੀਂ ਹੁੰਦਾ, ਦਿਹਾੜੀ ਹੁੰਦੀ ਹੈ ।
ਟੁੱਟ ਜਾਵੇ ਤਾਂ ਸੱਖਣਾ ਪੀਪਾ ਰੋਂਦਾ ਹੈ ।
ਪਰਾਤ ਵਿਲਕਦੀ ਹੈ ।
ਤਵਾ ਠਰਦਾ ਹੌਕੇ ਭਰਦਾ ਹੈ ।
ਦਿਹਾੜੀ ਟੁੱਟਿਆਂ ਬੰਦਾ ਟੁੱਟ ਜਾਂਦਾ ਹੈ ।
( ਮਜ਼ਦੂਰ ਦਿਹਾੜਾ 67)

ਚਰਖੜੀ ਕਾਵਿ ਸੰਗ੍ਰਹਿ ਵਿਚ ਗੁਰਭਜਨ ਗਿੱਲ ਨੇ ਔਰਤ ਦੀ ਮਾਨਿਸਕ ਅਵਸਥਾਂ ਨੂੰ ਮਾਂ,ਬੇਟੀ ,ਪੋਤੀ,ਤੇ ਅਦਾਕਾਰਾ ਦੇ ਰੂਪ ਵਿਚ ਪੇਸ਼ ਕਰਦੇ ਹੋਏ ਮਾਂ ਨਾਲ ਸੰਬੰਧਿਤ ਕੁਝ ਕਵਿਤਾਵਾਂ ਪੇਸ਼ ਕੀਤੀਆਂ ਜਿਸ ਰਾਹੀ ਮਾਂ ਨੂੰ ਉਤਮ ਦਰਜਾ ਦਿੰਦੇ ਹੋਏ ਉਸਦੇ ਕੰਮ,ਮਿਹਨਤ,ਸਬਰ,ਸੰਤੋਖ,ਪਿਆਰ ,ਉਸਦੀ ਯਾਦ ਆਦਿ ਨੂੰ ਬਹੁਤ ਭਾਵਮਈ ਢੰਗ ਨਾਲ ਅੱਖਰਾ ਵਿਚ ਪਰੋਇਆ ਹੈ। 'ਅਸੀਸ' ਕਵਿਤਾ ਰਾਹੀ ਉਸਨੇ ਸਦੀਆਂ ਤੋਂ ਚੱਲੀ ਆ ਰਹੀ ਪਰੰਪਰਾ ਕਿ ਪੁੱਤ ਹੋਣ ਤੇ ਖ਼ੁਸ਼ੀ ਮਨਾਉਣਾ ਉਸਨੂੰ ਰੱਦ ਕੀਤਾ ਹੈ।ਦੀਪਿਕਾ ਪਾਦੋਕੋਣ ਦਾ ਸੰਘਰਸ਼ ਵਿਚ ਸਹਾਇਤਾ ਕਰਨ ਤੇ ਧੰਨਵਾਦ ਕਰਨਾ।

ਭਾਰਤੀ ਸਮਾਜ ਵਿਚ ਔਰਤ ਦੇ ਹੋ ਰਹੇ ਤ੍ਰਿਸਕਾਰ ਨੂੰ ਉਸਦੀ ਕਵਿਤਾ ਪੇਸ਼ ਕਰਨ ਵਿਚ ਪਿੱਛੇ ਨਹੀਂ ਹੱਟਦੀ।ਉਹ ਮਸੂਮ ਬੱਚੀਆਂ ਨਾਲ ਹੋ ਰਹੇ ਰੇਪ ਖਾਮੋਸ਼ ਹੋ ਕੇ ਬਰਦਾਸ਼ਤ ਨਹੀ ਕਰਦਾ ਬਲਕਿ ਆਪਣੀ ਕਲਮ ਰਾਹੀ ਸਭਨਾਂ ਨੂੰ ਝੰਜੋੜਦਾ ਹੈ ਅਤੇ ਜਿਸ ਪੱਧਰ ਤੇ ਪੇਸ਼ ਕਰਦਾ ਹੈ ਉਹ ਆਉਣ ਵਾਲੇ ਭਵਿੱਖ ਵਿਚ ਔਰਤ ਦੀ ਸਰੁੱਖਿਆ ਪ੍ਰਤੀ ਅਸਰੱਖਿਅਤ ਹੀ ਮਹਿਸੂਸ ਕਰਦਾ ਹੈ।ਆਪਣੀ ਰਚਨਾ ਰਾਹੀ ਉਹ ਸਪੱਸ਼ਟ ਕਰਦਾ ਹੈ ਕਿ ਇਹ ਸਿਰਫ ਕਠੂਏ ਵਿਚ ਇਕ ਬੱਚੀ ਨਾਲ ਹੀ ਨਹੀਂ ਹੋਇਆ ਤੇ ਅਸੀ ਸਭ ਚੁੱਪ ਨੂੰ ਧਾਰ ਲਈਏ,ਜਿਸ ਪੱਧਰ ਉਪਰ ਇਹ ਗੁਨਾਹ ਹੋ ਰਹੇ ਜਲਦੀ ਹੀ ਹੋਰ ਘਰਾਂ ਵਿਚ ਦਸਤਕ ਦੇ ਸਕਦੇ।ਇਸ ਲਈ ਸਖਤ ਕਦਮ ਉਠਾਉਣ ਦੀ ਲੋੜ ਹੈ।

ਅੱਗ ਹਾਲੇ ਤਾਂ ਬਲੀ ਕੇਵਲ ਕਠੂਏ ।
ਸੁਰਗ ਦੇ ਬੂਹੇ ਨੂੰ ਲੂਹੇ ।
ਨਾ ਅਜੇ ਆਈ ਕੁੜੇ ਇਹ ਸਾਡੇ ਬੂਹੇ ।
ਧਰਮ ਤੇ ਇਖ਼ਲਾਕ ਨੇ ਸੁੱਤੇ ਅਜੇ ।
ਬੋਟੀਆਂ ਨੂੰ ਨੋਚ ਰਹੇ ਕੁੱਤੇ ਅਜੇ ।
ਚੋਰਾਂ ਦੇ ਹਮਰਾਜ਼ ਹੋਏ ਪਹਿਰੇਦਾਰ ।
ਫ਼ਰਜ਼ ਕਰਕੇ ਦਰਕਿਨਾਰ ।
ਹੋਸ਼ਿਆਰ ! ਖ਼ਬਰਦਾਰ !
( ਆਸਿਫ਼ਾ ਤੂੰ ਨਾ ਜਗਾਂ 73)

ਉਸਦੀ ਕਵਿਤਾ ਆਮ ਮਨੁੱਖ ਨੂੰ ਹਲੂਣਦੀ ਤੇ ਹੈ ਪਰ ਸਿਆਸੀ ਗਲਿਆਰਿਆ ਤੇ ਧਰਮ ਦੇ ਠੇਕੇਦਾਰਾ ਦੇ ਦੁਸ਼ਟ ਕੁਕਰਮਾਂ ਉਪਰ ਤਨਜ਼ ਕਰਦੀ ਹੈ। ਡਾ.ਗੁਰਇਕਬਾਲ ਦੇ ਅਨੁਸਾਰ,"ਗੁਰਭਜਨ ਗਿੱਲ ਦੀ ਕਾਵਿ-ਸੰਵੇਦਨਾ ਮਾਨਵੀ ਸਮਾਜ ਤੋਂ ਉਪਜੇ ਤਣਾਉ ਨੂੰ ਆਪਣੀ ਸਿਰਜਣਾਤਮਕਤਾ ਦਾ ਵਾਹਨ ਬਣਾਉਂਦੀ ਹੈ। ਉਹ ਆਪਣੀ ਕਵਿਤਾ ਅੰਦਰ ਜੀਵੰਤ ਸਮਾਜ ਵਿਚ ਜੀਣ ਦੀ ਤਮੰਨਾ ਦਾ ਪਵਚਨ ਉਸਾਰਦਾ ਹੈ।" ਗੁਰਭਜਨ ਗਿੱਲ ਆਪਣੀ ਕਵਿਤਾ ਵਿਚ ਸ਼ਹੀਦਾ ਦੀਆਂ ਦਿੱਤੀਆਂ ਕੁਰਬਾਨੀਆਂ ਨੂੰ ਅੱਖੋ ਉਹਲੇ ਨਹੀਂ ਹੋਣ ਦਿੰਦਾ।ਉਸਦੀ ਕਲਮ ਅਜੋਕੇ ਸਮਾਜ ਵਿਚ ਮੁਫਤ ਵਿਚ ਮਿਲੀ ਅਜ਼ਾਦੀ ਦਾ ਅਰਥ ਭੁੱਲ ਚੱਕੇ ਵਰਗ ਨੂੰ ਵਿਅੰਗ ਕਰਦੀ ਹੈ।ਪਰ ਨਾਲ ਹੀ ਉਹਨਾਂ ਦੇਸ਼ ਭਗਤਾਂ ਦੇ ਸਿੱਧਾਂਤਕ ਤੇ ਤਰਕਮਈ ਸੋਚ ਨੂੰ ਵੀ ਨਾਲ ਲੈ ਕੇ ਚੱਲਦੀ ਹੈ। ਉਸਨੂੰ ਨੌਜਵਾਨਾਂ ਦੀ ਭਟਕਦੀ ਸੋਚ/ਵਿਚਾਰਧਾਰਾ ਦਾ ਦੁੱਖ ਸਤਾਉਂਦਾ ਜੋ ਧਰਮ,ਜਾਤ,ਖੇਤਰ ਤੇ ਸਿਆਸਤੀ ਚਾਲਾਂ ਵਿਚ ਉਲਝ ਕੇ ਸਹੀ ਦਿਸ਼ਾ ਤੋਂ ਭਟਕ ਚੁੱਕੇ ਹਨ।ਉਹ ਕਿਤਾਬ ਗਿਆਨ ਤੋਂ ਕੋਰੇ ਫੇਸਬੁੱਕ/ਇੰਨਸਟਾਗਰਾਮ/ਯੂ-ਟਿਊਬ ਲੜਾਈਆਂ ਲੜ ਰਹੇ ਹਨ।

ਕਿੱਥੇ ਹੈ ਉਹ ਕਿਤਾਬ । ਜਿਸ ਦਾ ਪੰਨਾ ਮੋੜ ਕੇ,
ਇਨਕਲਾਬੀ ਨਾਲ ਰਿਸ਼ਤਾ ਜੋੜ ਕੇ, ਸੂਰਮੇ ਨੇ ਕਿਹਾ ਸੀ ।
ਬਾਕੀ ਇਬਾਰਤ, ਮੁੜ ਮੁੜ ਉਦੋਂ ਤੀਕ ਪੜ੍ਹਦਾ ਰਹਾਂਗਾ ।
ਜਦ ਤੀਕ ਨਹੀਂ ਮੁੱਕਦੀ, ਗੁਰਬਤ ਤੇ ਜ਼ਹਾਲਤ ।
ਮੈਂ ਬਾਰ ਬਾਰ ਜੰਮ ਕੇ ਕਰਦਾ ਰਹਾਂਗਾ
ਚਿੜੀਆਂ ਦੀ ਵਕਾਲਤ ।
ਮਾਸ ਨੋਚਦੇ ਬਾਜ਼ਾਂ ਦੇ ਖ਼ਿਲਾਫ਼, ਲੜਦਾ ਰਹਾਂਗਾ ।
ਯੁੱਧ ਕਰਦਾ ਰਹਾਂਗਾ ।
( ਉਹ ਕਲਮ ਕਿੱਥੇ ਹੈ ਜ਼ਨਾਬ 46)

ਸਿੱਖ ਕੌਮ ਦੀ ਦੇਣ,ਬਹਾਦਰੀ ਤੇ ਇਤਿਹਾਸ ਨੂੰ ਬਹੁਤ ਖੂਬਸੂਰਤੀ ਨਾਲ ਪਾਠਕਾ ਨਾਲ ਸਾਝਾਂ ਕੀਤਾ ਹੈ। ਡਾ.ਸਰਬਜੀਤ ਸਿੰਘ ਕਿਤਾਬ ਦੀ ਭੂਮਿਕਾ ਦੇ ਰੂਪ ਵਿਚ ਟਿੱਪਣੀ ਕਰਦੇ ਹੋਏ ਕਹਿੰਦੇ ਹਨ ਕਿ, "ਇਸ ਸੰਗ੍ਰਹਿ ਦੀਆਂ ਜਿੰਨੀਆਂ ਵੀ ਕਵਿਤਾਵਾਂ ਸਿੱਖ ਨਾਇਕਾਂ, ਗੁਰੂਆਂ ਜਾਂ ਲਹਿਰ ਨਾਲ ਸੰਬੰਧਿਤ ਰਚਨਾਵਾਂ ਹਨ, ਉਹ ਸਿਰੋ ਸਿੱਖ ਗਲੋਰੀਫਿਕੇਸ਼ਨ ਦੀਆਂ ਕਵਿਤਾਵਾਂ ਹੀ ਨਹੀਂ ਹਨ, ਸਗੋਂ ਉਹ ਵਿਚਾਰਧਾਰਕ ਦ੍ਰਿਸ਼ਟੀ ਵਾਲੀਆਂ ਹਨ । ਇਹ ਪਾਸਾਰ ਗੁਰਭਜਨ ਗਿੱਲ ਦੀ ਕਵਿਤਾ ਦਾ ਅਹਿਮ ਅਤੇ ਸਭਿਆਚਾਰਕ ਮਹੱਤਤਾ ਵਾਲਾ ਹੈ ਕਿਉਂਕਿ ਇਹ ਸੰਪਰਦਾਈ ਸੰਦਰਭ ਵਿਚੋਂ ਅਰਥ ਗ੍ਰਹਿਣ ਨਹੀਂ ਕਰਦਾ ਸਗੋਂ ਇਹ ਸਭਿਆਚਾਰਕ ਸੰਦਰਭ ਵਿਚੋਂ ਉਦੈ ਹੁੰਦਾ ਹੈ ।"

ਸੰਸਾਰੀਕਰਨ ਦੀ ਅਸਲ ਤਸਵੀਰ ਜਿਸਨੇ ਸਮਾਜ ਦੇ ਹਰ ਖੇਤਰ ਨੂੰ ਪ੍ਰਭਾਵਿਤ ਹੀ ਨਹੀਂ ਬਲਕਿ ਰੁਪਾਂਤਰਿਤ ਕਰ ਦਿੱਤਾ ਹੈ।ਭਾਸ਼ਾ ਤੇ ਅਸਤਿਤਵ ਦੇ ਪੈਦਾ ਹੋ ਰਹੇ ਪ੍ਰਸ਼ਨਾਂ ਨੂੰ ਕਵਿਤਾ ਰਾਹੀ ਪੇਸ਼ ਕਰਦਾ ਹੈ। ਕਾਰਪੋਰੇਟ ਤੇ ਸੰਸਾਰੀਕਰਨ ਦੇ ਵਿਚ ਖੇਤਰੀ ਭਾਸ਼ਾਵਾਂ ਨੂੰ ਜਿਸ ਪੱਧਰ ਤੇ ਖੋਰਾਂ ਲੱਗ ਰਿਹਾ ਇਹ ਗੰਭੀਰ ਸਥਿਤੀ ਤੇ ਹੈ।ਇਸਦੇ ਨਾਲ ਨਾਲ ਮਨੁੱਖ ਆਪਣੇ ਵਿਰਸੇ ਦੇ ਗੌਰਵ,ਕੌਮ ਦੀਆਂ ਕੁਰਬਾਨੀਆਂ ਨੂੰ ਭੁੱਲ ਕਿ ਆਪਣੀ ਅਸਲ ਪਛਾਣ ਤੋਂ ਮੁਨਕਰ ਹੋ ਰਿਹਾ ਹੈ।ਡਾ.ਸੁਰਜੀਤ ਪਾਤਰ ਦੀ ਧਾਰਨਾ ਮੁਤਾਬਿਕ, "ਗੁਰਭਜਨ ਗਿੱਲ ਦੀ ਸ਼ਾਇਰੀ ਕਿਸੇ ਵੱਡੀ ਲੜਾਈ ਲੜਨ ਦੀ ਲੋੜ ਦਾ ਜ਼ੋਰਦਾਰ ਅਹਿਸਾਸ ਕਰਵਾਉਂਦੀ ਹੈ, ਜਿਹੜੀ ਲੜਾਈ ਗੁਪਤ ਪ੍ਰਗਟ ਅਨੇਕਾਂ ਸੰਸਥਾਵਾਂ, ਵਿਅਕਤੀਆਂ, ਰੀਤਾਂ ਰੁਚੀਆਂ ਤੇ ਬਿਰਤੀਆਂ ਦੇ ਖ਼ਿਲਾਫ਼ ਲੜੀ ਜਾਣੀ ਹੈ, ਆਰਥਿਕ ਸ਼ੋਸ਼ਣ ਦੇ ਖ਼ਿਲਾਫ਼, ਸਭਿਆਚਾਰਕ ਪ੍ਰਦੂਸ਼ਣ ਦੇ ਖ਼ਿਲਾਫ਼, ਕਾਲੇ ਹੁਕਮਾਂ ਦੇ ਖ਼ਿਲਾਫ਼, ਖੜੋਤ ਦੇ ਖ਼ਿਲਾਫ਼, ਸਾਰੇ ਨਿਜ਼ਾਮ ਦੇ ਖ਼ਿਲਾਫ਼, ਨਸ਼ੀਲੇ ਪਦਾਰਥਾਂ ਅਤੇ ਜ਼ਹਿਰਾਂ ਦੇ ਵਣਜਾਰਿਆਂ ਦੇ ਖ਼ਿਲਾਫ਼, ਬਿਜਲਈ ਸੰਚਾਰ ਮਾਧਿਅਮਾਂ ਰਾਹੀਂ ਸਾਡੇ ਘਰਾਂ ਵਿਚ ਨਿਰਵਸਤਰ ਸਦਾਚਾਰ ਦੇ ਪ੍ਰਚਾਰ ਕਰਨ ਵਾਲੇ ਮੁਸ਼ਟੰਡਿਆਂ ਦੇ ਖ਼ਿਲਾਫ਼, ਰੰਗ-ਬਿਰੰਗੇ ਨਾਅਰਿਆਂ ਦੇ ਗੁਬਾਰਿਆਂ ਦੇ ਖ਼ਿਲਾਫ਼, ਯੋਜਨਾ ਭਵਨਾਂ ਵਿਚ ਬੈਠੇ ਜੁਗਾੜ-ਪੰਥੀਆਂ ਦੇ ਖ਼ਿਲਾਫ਼... ਫ਼ੈਸ਼ਨ-ਮੁਖੀ ਸਾਹਿਤਕ ਵਾਦਾਂ ਦੇ ਖ਼ਿਲਾਫ਼ ਅਤੇ ਪਥਰੀਲੇ ਅਹਿਸਾਸਾਂ ਦੇ ਖ਼ਿਲਾਫ਼...ਇਨ੍ਹਾਂ ਸਾਰੇ ਦੁਖਾਂਤਕ ਅਨੁਭਵਾਂ ਦੇ ਰੂਬਰੂ ਗੁਰਭਜਨ ਦੀ ਕਵਿਤਾ ਉਦਾਸੀ, ਆਕ੍ਰੋਸ਼ ਅਤੇ ਸੰਘਰਸ਼ ਦੇ ਸੰਕਲਪਾਂ ਵਿਚੋਂ ਲੰਘਦੀ ਹੈ...।" ਏ, ਬੀ, ਸੀ, ਖਾ ਚੱਲੀ ਹੈ

ਸਿਖ਼ਰ ਦੁਪਹਿਰੇ ਊੜੇ ਤੇ ਜੂੜੇ ।
ਪਾਠਸ਼ਾਲਾ ਦੀਆਂ ਛੱਤਾਂ ਨੂੰ ਉਡਾਕੇ ਲੈ ਚੱਲਿਐ
ਟਾਈ ਵਾਲਾ ਤੂਫ਼ਾਨ ।
ਜੁਗਾਲੀ ਕਰਦਾ ਚਿੰਗਮ-ਗਿਆਨ ਹਸਪਤਾਲਾਂ
'ਚੋਂ ਇਲਾਜ ਨਹੀਂ,
ਮਰਨ ਦੇ ਪਰਮਾਣ ਪੱਤਰ ਮਿਲਦੇ ਨੇ ।
ਕੌਣ ਲੈ ਗਿਆ ਸਾਡੇ ਨੈਣ ਪਰਾਣ
( ਪਤਾ ਰੱਖਿਆਂ ਕਰੋ 74)

ਲੇਖਕ ਨੇ ਕੋਵਿਡ (ਕਰੋਨਾ) ਵਾਇਰਸ ਕਾਰਨ ਹੋਈਆਂ ਮੌਤਾ ਪ੍ਰਤੀ ਆਪਣਾ ਦੁਖ ਜ਼ਾਹਰ ਕੀਤਾ ਹੈ।ਉਸਦੇ ਨਾਲ ਦੇਸ਼ ਵਿਦੇਸ਼ ਬਲਿਕ ਪੂਰੇ ਵਿਸ਼ਵ ਨੂੰ ਜਿਸ ਪੱਧਰ ਤੇ ਪ੍ਰਭਾਵਿਤ ਕੀਤਾ ਹੈ,ਉਹ ਉਤਰਾਅ ਚੜਾਅ ਕਵਿਤਾਵਾਂ ਰਾਹੀ ਪੇਸ਼ ਕੀਤਾ ਹੈ।ਸੰਸਾਰੀਕਰਨ ਦੇ ਇਸ ਯੁੱਗ ਵਿਚ ਮਨੁੱਖ ਪਹਿਲਾ ਹੀ ਸਵੈ-ਕੇਂਦਰਿਤ ਹੋ ਰਿਹਾ ਉਥੇ ਇਸ ਵਾਇਰਸ ਨੇ ਮਨੁੱਖ ਨੂੰ ਹੋਰ ਨਿੱਜੀਗਤਤਾ ਵੱਲ ਧੱਕ ਦਿੱਤਾ ਹੈ।

ਸਹਿਮ ਦਿਆਂ ਪਰਛਾਵਿਆਂ ਥੱਲੇ, ਆਉਂਦੇ ਜਾਂਦੇ ਸਾਹ ਵੀ ਡਰਦੇ ।
ਵਾਇਰਸ ਗੁੱਝੀ ਮਾਰ ਮਾਰ ਕੇ, ਸਗਲ ਸ੍ਰਿਸ਼ਟੀ ਡੱਸ ਰਿਹਾ ਹੈ ।
ਤਾਂਡਵ ਨਾਚ ਨਚੇਰਾ ਕਿੱਦਾਂ,
ਦੰਦ ਚਿੜਾ ਕੇ ਹੱਸ ਰਿਹਾ ਹੈ । ( ਅੰਨ੍ਹਾ ਖੂਹ 184)

ਉਸਨੇ ਕੁਝ ਕਵਿਤਾਵਾਂ ਆਪਣੇ ਜੀਵਨ ਨਾਲ ਜੁੜੀਆਂ ਖਾਸ ਹਸਤੀਆਂ ਨੂੰ ਸਮਰਪਿਤ ਕੀਤੀਆਂ ਹਨ।ਸਮੁੱਚੇ ਰੂਪ ਵਿਚ ਗੁਰਭਜਨ ਗਿੱਲ ਵਿਸ਼ਵ ਪੱਧਰ ਉਪਰ ਆਪਣੀ ਚੇਤਨਾ ਦਾ ਮੁਜ਼ਹਰਾ ਕਰਨ ਵਿਚ ਸਫਲ ਹੋਇਆ ਹੈ।ਉਸਦੀ ਕਵਿਤਾ ਸਿਰਫ ਇਕ ਵਰਗ ਤੱਕ ਸੀਮਤ ਨਹੀਂ ਹੈ। ਉਹ ਉੱਤਰ -ਆਧੁਨਿਕ ਵਰਤਾਰੇ ਨੂੰ ਕਲਮ ਦੀ ਤਿੱਖੀ ਨੋਕ ਤੋਂ ਪੇਸ਼ ਕਰਦਾ ਵਿਅੰਗ ਤਾਂ ਕਰਦਾ ਹੈ ਪਰ ਆਉਣ ਵਾਲੇ ਸਮੇਂ ਪ੍ਰਤੀ ਸੰਜੀਦਾ ਹੋ ਕੇ ਸ਼ੰਕਾ ਵੀ ਜ਼ਾਹਰ ਕਰਦਾ ਹੈ।

ਸਫ਼ਾ 1 ਦਾ ਬਾਕੀ

'ਤੇ ਇੰਨਾ ਡੂੰਘਾ ਅਸਰ ਪਾਉਂਦੇ ਹਨ ਕਿ ਇਹ ਕਿਸੇ ਵਿਅਕਤੀ ਦੇ ਜੀਵਨ ਦੀ ਸੰਭਾਵਨਾ ਨੂੰ 10 ਤੋਂ 20 ਸਾਲ ਘਟਾ ਦਿੰਦੇ ਹਨ।

### ਮਾਨਸਿਕ ਸਿਹਤ ਕਿਸ ਨੂੰ ਕਹਿੰਦੇ ਹਨ ?

ਮਾਨਸਿਕ ਸਿਹਤ ਦਾ ਮਤਲਬ ਹੈ ਆਪਣੀ ਜ਼ਿੰਦਗੀ ਦੇ ਸਾਰੇ ਪਹਿਲੂਆਂ ਵਿਚ ਸੰਤੁਲਨ ਲੱਭਣਾ--ਜਿਵੇਂ ਕੇ ਸਰੀਰਕ,

ਮਾਨਸਿਕ,ਭਾਵਨਾਤਮਿਕ ਅਤੇ ਆਤਮਿਕ । ਇਹ ਜ਼ਿੰਦਗੀ ਦਾ ਆਨੰਦ ਮਾਣਣ ਅਤੇ ਰੋਜ਼ਾਨਾਂ ਜੀਵਨ ਵਿੱਚ ਆਈਆਂ ਚੁਣੌਤੀਦਾ ਮੁਕਾਬਲਾ ਕਰਨ ਦੀ ਯੋਗਤਾ ਹੈ - ਭਾਂਵੇ ਉਸ ਵਿੱਚ ਚੋਣ ਅਤੇ ਫੈਸਲੇ ਕਰਨਾ, ਮੁਸ਼ਕਲ ਹਾਲਾਤਾਂ ਨੂੰ ਮਨਣਾ ਅਤੇ ਉਸ ਦੇ ਅਨੁਕੂਲ ਢਾਲਣਾ, ਜਾਂ ਆਪਣੀਆਂ ਖਾਹਿਸ਼ਾਂ ਅਤੇ ਲੋੜਾਂ ਬਾਰੇ ਗੱਲ ਕਰਨਾ ਸ਼ਾਮਿਲ ਹੋਵੇ ।

ਜਿਸ ਤਰ੍ਹਾਂ ਤੁਹਾਡੀ ਜ਼ਿੰਦਗੀ ਅਤੇ ਹਾਲਾਤ ਨਿਰੰਤਰ ਬਦਲਦੇ ਹਨ, ਇਸੇ ਤਰ੍ਹਾਂ ਤੁਹਾਡੀਆਂ ਸੋਚਾਂ ਅਤੇ ਮਿਜ਼ਾਜ਼ ਅਤੇ ਤੁਹਾਡੀਭਲਾਈ ਦੀ ਸੋਚ ਵੀ ਬਦਲਦੇ ਰਹਿੰਦੀ ਹੈ। ਸਮੇਂ ਅਤੇ ਵੱਖ ਵੱਖ ਹਾਲਾਤਾਂ ਅਨੁਕੂਲ ਆਪਣੀ ਜ਼ਿੰਦਗੀ ਵਿੱਚ ਸੰਤੁਲਨ ਲੱਭਣਾ ਜ਼ਰੂਰੀ ਹੈ । ਕਦੇ ਕਦਾਈਂ ਅਸੰਤੁਲਨ ਮਹਿਸੂਸ ਕਰਨਾ ਕੁਦਰਤੀ ਹੈ - ਮਿਸਾਲ ਵਜੋਂ, ਉਦਾਸ, ਚਿੰਤਿਤ, ਡਰੇ ਹੋਏ ਜਾਂ ਸ਼ੱਕੀ ਹੋਣਾ। ਪਰ ਅਜਿਹੀਆਂ ਭਾਵਨਾਵਾਂ ਲੰਬੇ ਅਰਸੇ ਲਈ ਤੁਹਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਰਹਿਣ ਨਾਲ ਇਕ ਸਮੱਸਿਆ ਬਣ ਸਕਦੀਆਂ ਹਨ ।

### ਮਾਨਸਿਕ ਸਿਹਤ ਸਮੱਸਿਆਵਾਂ ਦੇ ਕੀ ਕਾਰਣ ਹੋ ਸਕਦੇ ਹਨ ?

ਲੋਕਾਂ ਨੂੰ ਮਾਨਸਿਕ ਸਿਹਤ ਸੱਮਸਿਆਵਾਂ ਕਿਉਂ ਹੁੰਦੀਆਂ ਹਨ, ਇਸ ਬਾਰੇ ਕਈ ਵਿਚਾਰ ਹਨ । ਵਿਗਿਆਨਿਕ ਪੜ੍ਹਾਈਆਂ ਇਹ ਸੁਝਾਅ ਦਿੰਦੀਆਂ ਹਨ ਕੇ ਬਹੁਤ ਸਾਰੀਆਂ ਗੰਭੀਰ ਮਾਨਸਿਕ ਸਿਹਤ ਮੁਸ਼ਕਲਾਂ ਦੀ ਵਜ੍ਹਾ ਦਿਮਾਗ ਵਿੱਚ ਬਾਇਓਕੈਮੀਕਲ ਦੀ ਗੜਬੜ ਹੋਣਾ ਹੈ । ਪੇਸ਼ਾਵਾਰ ਇਹ ਵੀ ਯਕੀਨ ਰੱਖਦੇ ਹਨ ਕੇ ਬਹੁਤ ਸਾਰੇ ਮਨੋ-ਵਿਗਿਆਨਕ,

ਸਮਾਜਿਕ ਅਤੇ ਵਾਤਾਵਰਣ ਦੇ ਤੱਤ ਵੀ ਤੁਹਾਡੀ ਸਿਹਤ ਤੇ ਅਸਰ ਕਰਦੇ ਹਨ । ਇਸ ਦੇ ਨਾਲ, ਤੁਹਾਡੀ ਜ਼ਿੰਦਗੀ ਦੇ

ਸਰੀਰਕ, ਮਾਨਸਿਕ, ਭਾਵਨਾਤਮਿਕ ਅਤੇ ਆਤਮਿਕ ਹਿੱਸਿਆਂ ਦਾ ਵੀ ਤੁਹਾਡੀ ਮਾਨਸਿਕ ਸਿਹਤ ਤੇ ਪ੍ਰਭਾਵ ਪੈਂਦਾ ਹੈ ।

ਤਨਾਉ ਇਨ੍ਹਾਂ ਵਿਚੋਂ ਕੋਈ ਵੀ ਜਾਂ ਸਾਰੇ ਖੇਤਰਾਂ ਨਾਲ ਕਿਵੇਂ ਨਿੱਬੜਦੇ ਹੋ ਤੇ ਪ੍ਰਭਾਵ ਕਰ ਸਕਦਾ ਹੈ ਅਤੇ ਰੋਜ਼ ਦੇ ਰੁਝੇਵੇਂ ਤੇ ਕਾਬੂ ਕਰਨਾ ਹੋਰ ਵੀ ਮੁਸ਼ਕਲ ਕਰ ਸਕਦਾ ਹੈ । ਤੁਹਾਨੂੰ ਹੋ ਸਕਦਾ ਹੈ ਨਿਪਟਣ ਵਿੱਚ ਮੁਸ਼ਕਲ ਆਵੇ ਕਿਉਂਕਿ ਤੁਹਾਡੇ ਕੋਲ ਨਵੇਂ ਹੁਨਰ ਅਤੇ ਜਾਣਕਾਰੀ ਦੀ ਘਾਟ ਹੈ ਜੋ ਤੁਹਾਡੀ ਮਦਦ ਕਰ ਸਕਦੇ ਹੋਣ।

ਕੈਨੇਡਾ ਵਿੱਚ ਮਾਨਸਿਕ ਸਿਹਤ ਸੰਬੰਧੀ ਚਿੰਤਾਵਾਂ ਹਰੇਕ ਸਾਲ ਲਗਭਗ 20% ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ, ਜਿਸਦਾ ਅਰਥ ਹੈ ਕਿ 7.6 ਮਿਲੀਅਨ ਤੋਂ ਵੱਧ ਕੈਨੇਡੀਅਨ ਮਾਨਸਿਕ ਸਿਹਤ ਸਹਾਇਤਾ ਦੀ ਲੋੜ ਮਹਿਸੂਸ ਕਰਦੇ ਹਨ।

ਰਿਪੋਰਟਾਂ ਅਨੁਸਾਰ, 40 ਸਾਲ ਦੀ ਉਮਰ ਤੱਕ ਅੱਧੇ ਕੈਨੇਡੀਅਨ ਮਾਨਸਿਕ ਸਿਹਤ ਸਮੱਸਿਆਵਾਂ ਦਾ ਅਨੁਭਵ ਕਰਦੇ ਹਨ। ਖਾਸ ਕਰਕੇ 15-24 ਸਾਲ ਦੀ ਉਮਰ ਦੇ ਜੁਆਨਾਂ ਵਿੱਚ ਡਿਪਰੈਸ਼ਨ ਅਤੇ ਐਂਜਾਇਟੀ ਵਰਗੀਆਂ ਸਥਿਤੀਆਂ ਸਭ ਤੋਂ ਜਿਆਦਾ ਆਮ ਹਨ।

ਇਸਦੇ ਨਾਲ, ਆਰਥਿਕ ਮਸਲੇ ਵੀ ਮਾਨਸਿਕ ਸਿਹਤ ਨਾਲ ਜੁੜੇ ਹੋਏ ਹਨ। ਨੀਵੇਂ ਆਮਦਨ ਵਾਲੇ ਲੋਕ ਉੱਚ ਆਮਦਨ ਵਾਲਿਆਂ ਦੇ ਮੁਕਾਬਲੇ 3-4 ਗੁਣਾ ਵੱਧ ਮਾਨਸਿਕ ਸਿਹਤ ਚਿੰਤਾਵਾਂ ਦੀ ਸ਼ਿਕਾਇਤ ਕਰਦੇ ਹਨ। ਉਪਰਾਲੇ ਦੀ ਘੱਟ ਆਮਦਨ ਵਾਲੇ ਲਗਭਗ 60% ਲੋਕਾਂ ਨੇ ਇਨਸਿਊਰੈਂਸ ਪਲਾਨ ਰੱਖਿਆ ਹੋਇਆ ਹੈ, ਪਰ ਫਿਰ ਵੀ ਉਹਨਾਂ ਨੂੰ ਸਹਾਇਤਾ ਪ੍ਰਾਪਤ ਕਰਨ ਵਿੱਚ ਕਈ ਵਾਰ ਮੁਸ਼ਕਲਾਂ ਆਉਂਦੀਆਂ ਹਨ।

ਇਹ ਵੀ ਜਾਣਕਾਰੀ ਮਿਲੀ ਹੈ ਕਿ ਕੋਵਿਡ-19 ਮਹਾਂਮਾਰੀ ਦੌਰਾਨ, ਕੈਨੇਡਾ ਵਿੱਚ ਵਰਚੁਅਲ ਮਾਨਸਿਕ ਸਿਹਤ ਸੇਵਾਵਾਂ ਵਧੀਆਂ ਹਨ, ਜਿਸਦਾ ਵਰਤਾਉ ਸਿੱਧੇ ਤੌਰ 'ਤੇ ਡਾਕਟਰਾਂ ਦੇ ਦੁਆਰਾ ਟੈਲੀਫੋਨ ਜਾਂ ਵੀਡੀਓ ਰਾਹੀਂ ਕੀਤਾ ਜਾਂਦਾ ਹੈ।

---

# ਮਾਨਸਿਕ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਗੱਲ ਕਰੋ

ਲਿਖਤ : ਕਮਲਦੀਪ ਕੌਰ ਬੇਦੀ
*ਸਾਈਕੋ ਥੈਰੇਪਿਸਟ (ਵਿਨੀਪੈੱਗ, ਕੈਨੇਡਾ)
ਸੰਪਰਕ : 204 930-4438

ਮਾਨਸਿਕ ਸਿਹਤ ਦਾ ਮਤਲਬ ਹੁੰਦਾ ਹੈ ਤੁਹਾਡੀ ਸੋਚ ਅਤੇ ਵਿਚਾਰਾਂ ਦੀ ਅਜੋਕੀ ਹਾਲਤ ਜਾਂ ਸਥਿਤੀ। ਮਾਨਸਿਕ ਪਰੇਸ਼ਾਨੀਆਂ ਸਾਡੇ ਕੀਤੇ ਕੰਮਾਂ ਜਾਂ ਹੰਢਾਈ ਜ਼ਿੰਦਗੀ ਤੋਂ ਪੈਦਾ ਹੁੰਦੀਆਂ ਹਨ, ਜਿਨ੍ਹਾਂ ਕਰਕੇ ਸਾਨੂੰ ਮਾਨਸਿਕ ਤਣਾਅ, ਡਰ, ਘਬਰਾਹਟ, ਸ਼ਰਮਿੰਦਗੀ, ਉਦਾਸੀ, ਗੁੱਸਾ ਅਤੇ ਦੁੱਖ ਮਹਿਸੂਸ ਹੁੰਦਾ ਹੈ। ਬਾਣੀ 'ਚ ਕਿਹਾ ਗਿਆ ਹੈ 'ਨਾਨਕ ਦੁਖੀਆ ਸਭ ਸੰਸਾਰ' ਭਾਵ ਕਿ ਅਸੀਂ ਸਾਰੇ ਕਦੇ ਨਾ ਕਦੇ ਕਿਸੇ ਨਾ ਕਿਸੇ ਦੁੱਖ ਤੋਂ ਪੀੜਤ ਹੁੰਦੇ ਹਾਂ। ਕੁਝ ਗੱਲਾਂ ਸਾਨੂੰ ਪਲ ਭਰ ਲਈ ਦੁਖੀ ਕਰਦੀਆਂ ਹਨ, ਪਰ ਕੁਝ ਸਾਨੂੰ ਬਹੁਤ ਜ਼ਿਆਦਾ ਪਰੇਸ਼ਾਨ ਕਰਦੀਆਂ ਹਨ। ਜਦੋਂ ਅਸੀਂ ਕਿਸੇ ਗੱਲ ਕਰਕੇ ਬਹੁਤ ਜ਼ਿਆਦਾ ਪਰੇਸ਼ਾਨ ਹੁੰਦੇ ਹਾਂ ਤਾਂ ਉਸਨੂੰ ਮਾਨਸਿਕ ਪਰੇਸ਼ਾਨੀ ਕਹਿੰਦੇ ਹਨ। ਜਦੋਂ ਕੋਈ ਮਾਨਸਿਕ ਸਿਹਤ ਦੀ ਸਮੱਸਿਆ ਸਾਡੀ ਜ਼ਿੰਦਗੀ 'ਤੇ ਹਾਵੀ ਹੋ ਜਾਂਦੀ ਹੈ ਤੇ ਅਸੀਂ ਇਸਤੋਂ ਬਾਹਰ ਨਹੀਂ ਆ ਪਾਉਂਦੇ ਤੇ ਸਾਨੂੰ ਸਾਇਕੋ ਥੈਰੇਪਿਸਟ ਜਾਂ ਡਾਕਟਰ ਦੀ ਲੋੜ ਪੈਂਦੀ ਹੈ। ਮਾਨਸਿਕ ਸਿਹਤ ਸਮੱਸਿਆਵਾਂ ਇਕ ਆਮ ਗੱਲ ਹੈ ਤੇ ਇਹ ਬਹੁਤਿਆਂ ਨੂੰ ਹੋ ਜਾਂਦੀਆਂ ਹਨ। ਇਸ ਲਈ ਘਬਰਾਉਣ ਦੀ ਲੋੜ ਨਹੀਂ, ਪਰ ਮਦਦ ਦੀ ਲੋੜ ਜ਼ਰੂਰ ਹੋ ਸਕਦੀ ਹੈ।

ਮਾਨਸਿਕ ਰੋਗ ਸਾਡੇ ਰੋਜ਼ਾਨਾ ਦੇ ਕੰਮ ਕਾਜ ਤੇ ਕਾਰ ਵਿਹਾਰ ਵਿਚ ਰੁਕਾਵਟਾਂ ਪੈਦਾ ਕਰਦੇ ਹਨ। ਇਹ ਸਾਡੀ ਸੋਚ, ਖਾਣ-ਪੀਣ, ਬੋਲਚਾਲ ਤੇ ਮੇਲ ਜੋਲ 'ਤੇ ਵੀ ਬੁਰਾ ਪ੍ਰਭਾਵ ਪਾਉਂਦੇ ਹਨ। ਮਾਨਸਿਕ ਪਰੇਸ਼ਾਨੀਆਂ, ਮਾਨਸਿਕ ਰੋਗ ਬਣ ਸਕਦੇ ਹਨ, ਜੇ ਅਸੀਂ ਉਨ੍ਹਾਂ ਦਾ ਸਮੇਂ 'ਤੇ ਇਲਾਜ ਨਹੀਂ ਕਰਦੇ। ਹਰ ਇਨਸਾਨ ਦੀਆਂ ਦੋ ਪ੍ਰਕਾਰ ਦੀਆਂ ਜ਼ਰੂਰਤਾਂ ਹੁੰਦੀਆਂ ਹਨ- ਇਕ ਸਰੀਰਿਕ ਤੌਰ 'ਤੇ ਜਿਵੇਂ ਕਿ ਰੋਟੀ, ਕੱਪੜਾ, ਮਕਾਨ, ਹਵਾ ਅਤੇ ਪਾਣੀ ਆਦਿ। ਦੂਜਾ ਮਾਨਸਿਕ ਤੌਰ 'ਤੇ ਜਿਵੇਂ ਕਿ ਪਿਆਰ, ਇੱਜ਼ਤ, ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨਾ ਅਤੇ ਆਜ਼ਾਦੀ ਆਦਿ। ਬਾਹਰੀ ਜਾਂ ਸਰੀਰਿਕ ਜ਼ਰੂਰਤਾਂ ਦਾ ਅਕਸਰ ਅਸੀਂ ਖਿਆਲ ਰੱਖਦੇ ਹਾਂ ਜਾਂ ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਪਰ ਕਈ ਵਾਰ ਅਸੀਂ ਮਾਨਸਿਕ ਜ਼ਰੂਰਤ ਨੂੰ ਬੇਧਿਆਨ ਕਰ ਦਿੰਦੇ ਹਾਂ। ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਸਾਡੀਆਂ ਅਤੇ ਸਾਡੇ ਪਰਿਵਾਰ ਦੇ ਮੈਂਬਰਾਂ ਦੀਆਂ ਮਾਨਸਿਕ ਜ਼ਰੂਰਤਾਂ ਕੀ ਹਨ। ਜਿੰਨਾ ਅਸੀਂ ਸਮਝਾਂਗੇ ਅਤੇ ਉਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਾਂਗੇ, ਓਨਾ ਹੀ ਸਾਡਾ ਰਿਸ਼ਤਾ ਖਿੜੇਗਾ।

ਬਚਪਨ ਤੋਂ ਲੈ ਕੇ ਅੱਜ ਤਕ ਸਾਡੇ ਸਾਰਿਆਂ ਦੇ ਕਈ ਤਰ੍ਹਾਂ ਦੀਆਂ ਸੱਟਾਂ ਲੱਗਦੀਆਂ ਰਹਿੰਦੀਆਂ ਹਨ ਜੋ ਬਾਹਰੀ ਤੌਰ 'ਤੇ ਅਤੇ ਅੰਦਰੂਨੀ ਤੌਰ 'ਤੇ ਹੁੰਦੀਆਂ ਹਨ। ਸਰੀਰਿਕ ਸੱਟਾਂ ਦਾ ਅਸੀਂ ਆਪ ਖਿਆਲ ਰੱਖਦੇ ਹਾਂ। ਜੇ ਸੱਟ ਜ਼ਿਆਦਾ ਲੱਗੀ ਹੈ ਤਾਂ ਸਾਨੂੰ ਤਕਲੀਫ ਜ਼ਿਆਦਾ ਹੁੰਦੀ ਹੈ, ਸਾਡੇ ਕੋਲੋਂ ਆਪ ਠੀਕ ਨਹੀਂ ਹੋ ਰਹੀ ਤਾਂ ਅਸੀਂ ਡਾਕਟਰ ਦੀ ਮਦਦ ਲੈਂਦੇ ਹਾਂ। ਪਰ ਜਿਹੜੀਆਂ ਸੱਟਾਂ ਸਾਡੇ ਮਨ 'ਤੇ ਲੱਗਦੀਆਂ ਹਨ, ਜਦੋਂ ਕਿਸੇ ਪਰਿਵਾਰ ਦੇ ਮੈਂਬਰਾਂ ਨਾਲ ਝਗੜਾ ਹੁੰਦਾ ਹੈ, ਜਦੋਂ ਕਿਸੇ ਦੀ ਨੌਕਰੀ ਚਲੀ ਜਾਂਦੀ ਹੈ, ਜਦੋਂ ਕਿਸੇ ਅਜ਼ੀਜ਼ ਦੀ ਮੌਤ ਹੋ ਜਾਂਦੀ ਹੈ ਜਾਂ ਫਿਰ ਜਦੋਂ ਕਿਸੇ ਸਾਥ ਦੀ ਉਮੀਦ ਹੋਵੇ ਤੇ ਉਹ ਨਾ ਦੇਵੇ, ਉਸ ਵੇਲੇ ਉਨ੍ਹਾਂ ਵੱਜੀਆਂ ਸੱਟਾਂ ਤੋਂ ਅਸੀਂ ਕਿਵੇਂ ਬਾਹਰ ਆਉਂਦੇ ਹਾਂ? ਜ਼ਿਆਦਾਤਰ ਅਸੀਂ ਕੁਝ ਵੀ ਨਹੀਂ ਕਰਦੇ ਤੇ ਕੁਝ ਦਿਨਾਂ ਬਾਅਦ ਅਸੀਂ ਬਿਨਾਂ ਆਪਣੀ ਪਰੇਸ਼ਾਨੀ ਦਾ ਜ਼ਿਕਰ ਕੀਤਿਆਂ ਆਮ ਵਰਤਾਓ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਪਰ ਜਦੋਂ ਇਹ ਮਨ ਦੇ ਜ਼ਖਮ ਸਮੇਂ ਨਾਲ ਡੂੰਘੇ ਹੋ ਜਾਂਦੇ ਹਨ ਤਾਂ ਅਸੀਂ ਇਨ੍ਹਾਂ ਦਾ ਇਲਾਜ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕਰਦੇ। ਫਿਰ ਇਕ ਦਿਨ ਆਪਣੇ ਆਪ 'ਤੇ ਕੰਟਰੋਲ ਨਾ ਰੱਖਦੇ ਹੋਏ ਕਿਸੇ ਵੀ ਛੋਟੀ ਜਿਹੀ ਗੱਲ ਦਾ ਬਹੁਤ ਜ਼ਿਆਦਾ ਗੁੱਸਾ ਕਰਦੇ ਹਾਂ। ਉਦੋਂ ਸਾਰਿਆਂ ਨੂੰ ਹੈਰਾਨੀ ਹੁੰਦੀ ਹੈ ਕਿ ਗੱਲ ਤਾਂ ਕੁਝ ਵੀ ਨਹੀਂ ਸੀ ਤੇ ਅਤੇ ਏਨੇ ਭੜਕ ਪਏ ਕਿਉਂਕਿ ਉਨ੍ਹਾਂ ਨੂੰ ਸਾਡੀ ਮਾਨਸਿਕ ਸਥਿਤੀ ਦਾ ਨਹੀਂ ਪਤਾ ਸੀ। ਅਸੀਂ ਆਪਣੇ ਅੰਦਰ ਕਿੰਨੀਆਂ ਸੱਟਾਂ ਨੂੰ ਦਬਾਅ ਕੇ ਰੱਖਿਆ ਹੈ, ਉਸ ਬਾਰੇ ਨਹੀਂ ਪਤਾ ਸੀ। ਕਈ ਵਾਰ ਅਸੀਂ ਆਪਣੀਆਂ ਇਨ੍ਹਾਂ ਪਰੇਸ਼ਾਨੀਆਂ ਤੋਂ ਦੂਰ ਭੱਜਣ ਲਈ ਕੋਈ ਗ਼ਲਤ ਰਸਤਾ ਅਪਣਾ ਲੈਂਦੇ ਹਾਂ। ਇਹ ਕੋਈ ਨਸ਼ਾ ਹੋ ਸਕਦਾ ਹੈ, ਨਾਜਾਇਜ਼ ਸਬੰਧ ਹੋ ਸਕਦੇ ਹਨ ਜਾਂ ਲੋੜ ਤੋਂ ਵੱਧ ਖ਼ਰੀਦਦਾਰੀ ਕਰਨੀ ਆਦਿ।

ਇਨ੍ਹਾਂ ਮਾਨਸਿਕ ਪਰੇਸ਼ਾਨੀਆਂ ਵਿਚੋਂ ਉਦਾਸੀ ਰੋਗ ਬਹੁਤ ਆਮ ਰੋਗ ਹੈ। ਜਦੋਂ ਕੋਈ ਵੀ ਲਗਾਤਾਰ ਘੱਟੋ-ਘੱਟ ਦੋ ਹਫ਼ਤਿਆਂ ਲਈ ਉਦਾਸ ਰਹਿੰਦਾ ਹੈ ਤੇ ਇਹ ਉਦਾਸੀ ਉਸਦੇ ਰੋਜ਼ਾਨਾ ਜੀਵਨ ਦੇ ਕੰਮ-ਕਾਜ ਵਿਚ ਰੁਕਾਵਟ ਪੈਦਾ ਕਰਦੀ ਹੈ, ਉਸਨੂੰ 'ਡਿਪਰੈਸ਼ਨ' ਕਿਹਾ ਜਾਂਦਾ ਹੈ। ਇਹ ਰੋਗ ਹਰੇਕ ਇਨਸਾਨ ਵਿਚ ਇਕ ਦੂਜੇ ਤੋਂ ਵੱਖਰੀ ਤਰ੍ਹਾਂ ਦਾ ਹੋ ਸਕਦਾ ਹੈ। ਇਸਦੇ ਹੋਣ ਦਾ ਪਤਾ ਕਈ ਲੱਛਣਾਂ ਤੋਂ ਲੱਗ ਸਕਦਾ ਹੈ ਜਿਵੇਂ ਹਰ ਵੇਲੇ ਮਨ ਉਦਾਸ ਰਹਿਣਾ, ਕਿਸੇ ਕੰਮ ਵਿਚ ਮਨ ਨਾ ਲੱਗਣਾ, ਥਕਾਵਟ ਮਹਿਸੂਸ ਕਰਨੀ, ਕਿਸੇ ਕੰਮ ਵਿਚ ਆਨੰਦ ਨਾ ਆਉਣਾ ਜਿਹੜਾ ਕਿ ਪਹਿਲਾਂ ਆਉਂਦਾ ਹੁੰਦਾ ਸੀ, ਸਾਰਾ ਦਿਨ ਸੁੱਤੇ ਰਹਿਣਾ ਜਾਂ ਫਿਰ ਨੀਂਦ ਨਾ ਆਉਣੀ। ਕਿਸੇ ਗੱਲਬਾਤ ਵਿਚ ਕੋਈ ਦਿਲਚਸਪੀ ਨਾ ਹੋਣੀ, ਢਹਿੰਦੀ ਕਲਾ ਵਾਲੇ ਖਿਆਲ ਆਉਣੇ, ਨਿਰਾਸ਼ਾ ਹੋਣੀ, ਸਰੀਰ ਦਾ ਦੁਖਦੇ ਰਹਿਣਾ, ਭਾਰ ਘਟ ਜਾਣਾ ਜਾਂ ਅਚਾਨਕ ਭਾਰ ਵਧ ਜਾਣਾ, ਖਾਣ ਵਿਚ ਰੁਚੀ ਘਟ ਜਾਣੀ, ਹਮੇਸ਼ਾਂ ਬੁਰੀ ਗੱਲ ਹੋਣ ਦੇ ਵਿਚਾਰ ਆਉਂਦੇ ਰਹਿਣਾ। ਉਨ੍ਹਾਂ ਨੂੰ ਲੱਗਦਾ ਹੈ ਕਿ ਹੁਣ ਕੁਝ ਵੀ ਠੀਕ ਨਹੀਂ ਹੋ ਸਕਦਾ। ਕਦੇ-ਕਦੇ ਆਤਮ ਹੱਤਿਆ ਦੇ ਖਿਆਲ ਆਉਂਦੇ ਹਨ। ਡਿਪਰੈਸ਼ਨ ਬੱਚੇ ਤੋਂ ਲੈ ਕੇ ਬਜ਼ੁਰਗ ਕਿਸੇ ਨੂੰ ਵੀ ਹੋ ਸਕਦੀ ਹੈ। ਕਦੇ-ਕਦੇ ਡਿਪਰੈਸ਼ਨ ਉਨ੍ਹਾਂ ਨੂੰ ਵੀ ਹੋ ਜਾਂਦੀ ਹੈ ਜਿਨ੍ਹਾਂ ਕੋਲ ਸਾਨੂੰ ਲੱਗਦਾ ਹੈ ਕਿ ਡਿਪਰੈਸ਼ਨ ਦੀ ਕੋਈ ਵਜ੍ਹਾ ਵੀ ਨਹੀਂ ਸੀ। ਸਾਨੂੰ ਲੱਗਦਾ ਹੈ ਕਿ ਉਨ੍ਹਾਂ ਕੋਲ ਤਾਂ ਕਿਸੇ ਚੀਜ਼ ਦੀ ਕਮੀ ਵੀ ਨਹੀਂ ਹੈ। ਅਸਲ ਵਿਚ ਕੋਈ ਇਨਸਾਨ ਆਪਣੇ ਆਪ ਨੂੰ ਬਾਹਰੀ ਰੂਪ ਵਿਚ ਕਿਵੇਂ ਪੇਸ਼ ਕਰਦਾ ਹੈ, ਉਸ ਤੋਂ ਅਸੀਂ ਉਸਦੇ ਅੰਦਰਲੀ ਮਾਨਸਿਕ ਸਥਿਤੀ ਦਾ ਅੰਦਾਜ਼ਾ ਨਹੀਂ ਲਗਾ ਸਕਦੇ। ਕਈ ਵਾਰ ਸਾਡੀ ਬਾਹਰਲੀ ਅਤੇ ਅੰਦਰੂਨੀ ਸਥਿਤੀ ਵਿਚ ਬਹੁਤ ਫ਼ਰਕ ਹੁੰਦਾ ਹੈ। ਕਈ ਵਾਰ ਲੋਕ ਸਵੀਕਾਰ ਨਹੀਂ ਕਰ ਪਾਉਂਦੇ ਕਿ ਉਹ ਠੀਕ ਨਹੀਂ ਹਨ।

ਆਪਣੀ ਮਾਨਸਿਕ ਸਥਿਤੀ ਨੂੰ ਸਮਝਣ ਲਈ ਆਪਣੇ ਅੰਦਰ ਝਾਤ ਮਾਰਨੀ, ਆਪਣੇ ਜੀਵਨ ਵੱਲ ਤੱਕਣਾ ਜ਼ਰੂਰੀ ਹੈ। ਜਿਹੜੇ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਵੱਡਾ ਬਦਲਾਅ ਆਉਂਦਾ ਹੈ ਜਾਂ ਫਿਰ ਕੋਈ ਆਪਣੇ ਆਲੇ-ਦੁਆਲੇ ਦੇ ਮਾਹੌਲ ਤੋਂ ਤੰਗ ਹੋਵੇ, ਉਨ੍ਹਾਂ ਨੂੰ ਡਿਪਰੈਸ਼ਨ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਜਦੋਂ ਮੌਸਮ ਬਦਲਦਾ ਹੈ ਤੇ ਠੰਢ ਹੋ ਜਾਂਦੀ ਹੈ, ਧੁੱਪ ਘੱਟ ਨਿਕਲਦੀ ਹੈ ਤਾਂ ਸੈਰ ਕਰਨ ਲਈ ਬਾਹਰ ਨਹੀਂ ਨਿਕਲਿਆ ਜਾਂਦਾ, ਉਦੋਂ ਵੀ ਕਾਫ਼ੀ ਲੋਕਾਂ ਨੂੰ ਡਿਪਰੈਸ਼ਨ ਹੋ ਜਾਂਦੀ ਹੈ।

ਡਿਪਰੈਸ਼ਨ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਗ਼ਲਤਫਹਿਮੀਆਂ ਹਨ, ਜਿਨ੍ਹਾਂ ਦਾ ਸਾਨੂੰ ਖਿਆਲ ਰੱਖਣਾ ਚਾਹੀਦਾ ਹੈ। ਜਦੋਂ ਸਾਨੂੰ ਜਾਂ ਸਾਡੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਕੋਈ ਮਾਨਸਿਕ ਤੌਰ 'ਤੇ ਪਰੇਸ਼ਾਨ ਦੱਸਦਾ ਹੈ, ਤਾਂ ਸਾਨੂੰ ਅਕਸਰ ਸ਼ਰਮ ਮਹਿਸੂਸ ਹੁੰਦੀ ਹੈ। ਅਸੀਂ ਛੋਟੀਆਂ ਆਮ ਬਿਮਾਰੀਆਂ ਨੂੰ ਪਾਗਲਪਨ ਦੇ ਨਾਲ ਰਲਾ ਦਿੰਦੇ ਹਾਂ ਜਿਹੜਾ ਕਿ ਸਹੀ ਨਹੀਂ ਹੈ। ਇਸੇ ਕਰਕੇ ਅਸੀਂ ਇਨ੍ਹਾਂ ਗੱਲਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦੇ ਹਾਂ ਤੇ ਵੱਡੀ ਪਰੇਸ਼ਾਨੀ ਵਿਚ ਘਿਰ ਜਾਂਦੇ ਹਾਂ। ਇਹ ਛੋਟੀਆਂ ਸਮੱਸਿਆਵਾਂ ਨੇ ਜੋ ਸਮੇਂ ਸਿਰ ਖੁੱਲ੍ਹ ਕੇ ਗੱਲ ਕਰਨ ਨਾਲ ਬਹੁਤ ਛੇਤੀ ਹੱਲ ਹੋ ਸਕਦੀਆਂ ਹਨ। ਇਹ ਗੱਲਾਂ ਆਮ ਤੌਰ 'ਤੇ ਅਸੀਂ ਆਪਣੇ ਨਜ਼ਦੀਕੀਆਂ ਨਾਲ ਪਰਦੇ 'ਚ ਸਾਂਝੀਆਂ ਕਰਦੇ ਹਾਂ। ਸਾਨੂੰ ਉਨ੍ਹਾਂ ਤੋਂ ਦੋ ਤਰ੍ਹਾਂ ਦੇ ਜੁਆਬ ਮਿਲ ਸਕਦੇ ਹਨ-ਜਾਂ ਤਾਂ ਉਹ ਸਾਨੂੰ ਇਹ ਕਹਿਣਗੇ ਕਿ ਅਸੀਂ ਕੋਈ ਬਾਬੇ, ਸਾਧ, ਜੋਤਸ਼ੀ ਕੋਲ ਜਾਈਏ ਤੇ ਕੋਈ ਉਪਾਅ ਕਰੀਏ ਤੇ ਜਾਂ ਲੋਕ ਸਾਨੂੰ ਸ਼ਰਾਬ ਜਾਂ ਨਸ਼ਾ ਕਰਨ ਨੂੰ ਉਕਸਾਉਣਗੇ ਕਿ ਇਸ ਤਰ੍ਹਾਂ ਕਰਨ ਨਾਲ ਸਭ ਕੁਝ ਭੁੱਲ ਭੁਲਾ ਕੇ ਸਮੱਸਿਆ ਦੂਰ ਹੋ ਜਾਏਗੀ। ਪਰ ਅਸਲ ਵਿਚ ਇਹ ਕੋਈ ਹੱਲ ਨਹੀਂ, ਸਗੋਂ ਸਾਨੂੰ ਹਮੇਸ਼ਾਂ ਲਈ ਇਸ ਸਮੱਸਿਆ ਦੀ ਦਲਦਲ ਵਿਚ ਧੱਕਣ ਦਾ ਰਸਤਾ ਹੈ। ਇਹ ਸਾਡੀਆਂ ਗ਼ਲਤਫਹਿਮੀਆਂ ਹੀ ਨੇ ਕਿ ਜਦੋਂ ਕਿਸੇ ਨੂੰ ਡਿਪਰੈਸ਼ਨ ਹੋ ਜਾਂਦੀ ਹੈ ਤਾਂ ਅਸੀਂ ਅਕਸਰ ਕਹਿੰਦੇ ਸੁਣਿਆ ਹੈ ਕਿ ਸਾਨੂੰ ਕਿਸੇ ਨੇ ਕੁਝ ਕਰ ਦਿੱਤਾ ਹੋਵੇਗਾ ਜਾਂ ਫਿਰ ਸਾਨੂੰ ਨਜ਼ਰ ਲੱਗ ਗਈ ਹੋਈ ਹੈ। ਸੱਚਾਈ ਤਾਂ ਇਹ ਹੈ ਕਿ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਹੁੰਦਾ ਤੇ ਹਰ ਰੋਗ ਦੇ ਪਿੱਛੇ ਕੋਈ ਨਾ ਕੋਈ ਕਾਰਨ ਹੁੰਦਾ ਹੈ। ਗ਼ਲਤਫਹਿਮੀਆਂ 'ਚ ਫਸ ਕੇ ਅਸੀਂ ਥੋੜ੍ਹੇ ਸਮੇਂ ਲਈ ਉਸ ਸਮੱਸਿਆ ਨੂੰ ਅਣਗੌਲਿਆਂ ਕਰਕੇ ਆਪਣੇ ਆਪ ਲਈ ਇਕ ਵੱਡੀ ਬਿਮਾਰੀ ਨੂੰ ਸੱਦਾ ਦਿੰਦੇ ਹਾਂ। ਦੂਜੀ ਤਰ੍ਹਾਂ ਦੇ ਲੋਕ ਉਹ ਹੋਣਗੇ ਜੋ ਤੁਹਾਨੂੰ ਸਲਾਹ ਦੇਣਗੇ ਕਿ ਤੁਸੀਂ ਆਪਣਾ ਰਹਿਣ ਸਹਿਣ ਬਦਲੋ, ਜਿਵੇਂ ਕਸਰਤ ਕਰਨੀ, ਗੁਰਬਾਣੀ ਪੜ੍ਹਨੀ, ਕਿਸੇ ਚੰਗੇ ਕੰਮ ਵਿਚ ਆਪਣੇ ਆਪ ਨੂੰ ਵਿਅਸਤ ਰੱਖਣਾ, ਜਿਸ ਨਾਲ ਤੁਸੀਂ ਇਸ ਸਮੱਸਿਆ ਤੋਂ ਦੂਰ ਹੋ ਸਕਦੇ ਹੋ। ਜਦੋਂ ਇਹ ਸਮੱਸਿਆ ਛੋਟੀ ਹੁੰਦੀ ਹੈ ਤਾਂ ਇਹ ਗੱਲਾਂ ਮਦਦਗਾਰ ਹੁੰਦੀਆਂ ਹਨ, ਪਰ ਕਈ ਵਾਰ ਜਦੋਂ ਲੋਕੀਂ ਜ਼ਿਆਦਾ ਉਦਾਸ ਹੁੰਦੇ ਹਨ ਤਾਂ ਉਹ ਇਨ੍ਹਾਂ ਵਿਚੋਂ ਕੁਝ ਵੀ ਕਰਨ ਵਿਚ ਦਿਲਚਸਪੀ ਨਹੀਂ ਲੈਂਦੇ ਤੇ ਉੱਥੇ ਹੀ ਫਸੇ ਰਹਿੰਦੇ ਹਨ। ਕੁਝ ਲੋਕ ਸਾਨੂੰ ਸਾਇਕੋ ਥੈਰੇਪਿਸਟ ਜਾਂ ਡਾਕਟਰ ਕੋਲ ਜਾਣ ਦੀ ਵੀ ਸਲਾਹ ਦਿੰਦੇ ਹਨ ਜੋ ਕਿ ਜ਼ਿਆਦਾ ਉਦਾਸ ਲੋਕਾਂ ਨੂੰ ਉਦਾਸੀ ਵਿਚੋਂ ਬਾਹਰ ਕੱਢਣ ਵਿਚ ਮਦਦਗਾਰ ਹੁੰਦੇ ਹਨ।

ਡਿਪਰੈਸ਼ਨ ਦਾ ਇਲਾਜ ਸੰਭਵ ਹੈ। ਉਮਰ ਜਾਂ ਹਾਲਾਤ ਕਿਹੋ ਜਿਹੇ ਵੀ ਹੋਣ, ਇਲਾਜ ਲਈ ਸ਼ਰਮ ਜਾਂ ਹਿਚਕਿਚਾਹਟ ਨਹੀਂ ਮੰਨਣੀ ਚਾਹੀਦੀ। ਇਸਦਾ ਇਲਾਜ ਹੋ ਸਕਦਾ ਹੈ ਤੇ ਬਹੁਤੀ ਵਾਰ ਇਹ ਬਿਨਾਂ ਦਵਾਈ ਤੋਂ ਵੀ ਠੀਕ ਕੀਤਾ ਜਾ ਸਕਦਾ ਹੈ। ਜਦੋਂ ਅਸੀਂ ਡਾਕਟਰ ਕੋਲ ਜਾਂਦੇ ਹਾਂ, ਉਹ ਸਾਨੂੰ ਦਵਾਈ ਦੇਣਗੇ ਤੇ ਉਸਦੇ ਨਾਲ-ਨਾਲ ਹੋਰ ਥੈਰੇਪੀਜ਼ ਲੈਣ ਬਾਰੇ ਵੀ ਸੁਝਾਅ ਦੇਣਗੇ, ਜਿਨ੍ਹਾਂ ਵਿਚੋਂ ਸਾਇਕੋਥੈਰੇਪੀ (ਕਾਊਂਸਲਿੰਗ, ਗੱਲਬਾਤ ਨਾਲ ਇਲਾਜ) ਸਭ ਤੋਂ ਵੱਧ ਪ੍ਰਸਿੱਧ ਤੇ ਕਾਮਯਾਬ ਹੈ।

ਸਾਈਕੋਥੈਰੇਪੀ ਬਹੁਤ ਵਧੀਆ ਇਲਾਜ ਪ੍ਰਣਾਲੀ ਹੈ। ਸਮੱਸਿਆ ਚਾਹੇ ਕੋਈ ਵੀ ਹੋਵੇ, ਉਹ ਤੁਹਾਡੇ ਤੋਂ ਤੁਹਾਡੀ ਪਰੇਸ਼ਾਨੀ ਦੀ ਜੜ ਤਕ ਜਾਣਗੇ ਤੇ ਪਰੇਸ਼ਾਨੀ ਦਾ ਹੱਲ ਕੱਢਣਗੇ। ਤੁਹਾਡੇ ਮਨੋਬਲ ਨੂੰ ਇੰਨਾ ਉੱਚਾ ਚੁੱਕਣਗੇ ਤੇ ਤੁਹਾਨੂੰ ਇਸ ਕਾਬਲ ਬਣਾਉਣਗੇ ਕਿ ਤੁਸੀਂ ਆਪਣੀਆਂ ਸਮੱਸਿਆਵਾਂ ਦਾ ਆਪ ਸਾਹਮਣਾ ਕਰ ਸਕੋਗੇ ਤੇ ਉਸਤੋਂ ਛੁਟਕਾਰਾ ਪਾ ਸਕੋਗੇ। ਜਿਵੇਂ ਕਿ ਜੇ ਸਰੀਰ ਦੀ ਕੋਈ ਸਮੱਸਿਆ ਹੁੰਦੀ ਹੈ ਤਾਂ ਅਸੀਂ ਸਰੀਰਿਕ ਕਸਰਤ ਕਰਦੇ ਹਾਂ ਅਤੇ ਹੌਲੀ-ਹੌਲੀ ਠੀਕ ਹੁੰਦੇ ਹਾਂ। ਠੀਕ ਉਸੇ ਤਰ੍ਹਾਂ ਇਕ ਸਾਇਕੋ ਥੈਰੇਪਿਸਟ ਸਾਨੂੰ ਮਨ ਦੀ ਕਸਰਤ ਕਰਾਉਂਦੇ ਨੇ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਂਦੇ ਹਨ, ਜਿਹੜਾ ਕਿ ਖੁਸ਼ਹਾਲ ਜੀਵਨ ਜਿਊਣ ਲਈ ਬਹੁਤ ਜ਼ਰੂਰੀ ਹੈ।

ਅਸੀਂ ਕਈ ਸਾਵਧਾਨੀਆਂ ਰੱਖ ਸਕਦੇ ਹਾਂ ਤਾਂ ਕਿ ਸਾਨੂੰ ਡਿਪਰੈਸ਼ਨ ਨਾ ਹੋਵੇ। ਸਭ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਇਕ ਜ਼ਰੂਰੀ ਸਵਾਲ ਕਰਨਾ ਚਾਹੀਦਾ ਹੈ ਕਿ ਜਿੱਥੇ ਮੈਂ ਆਪਣਾ ਜ਼ਿਆਦਾ ਸਮਾਂ ਬਤੀਤ ਕਰਦਾ ਹਾਂ, ਉਹ ਮਾਹੌਲ ਮੇਰੇ ਲਈ ਕਿਸ ਤਰ੍ਹਾਂ ਦਾ ਹੈ। ਕੀ ਮੈਂ ਉਸ ਵਿਚ ਖ਼ੁਸ਼ ਹਾਂ? ਮੈਂ ਉੱਥੇ ਸੁਰੱਖਿਅਤ ਹਾਂ? ਜੇ ਇਸ ਸੁਆਲ ਦਾ ਜੁਆਬ ਨਹੀਂ ਹੈ ਤਾਂ ਤੁਸੀਂ ਇਕ ਸਾਇਕੋ ਥੈਰੇਪਿਸਟ ਦੀ ਮਦਦ ਲੈ ਸਕਦੇ ਹੋ ਤੇ ਉਹ ਤੁਹਾਡੀ ਪਰੇਸ਼ਾਨੀ ਦੂਰ ਕਰਨ ਵਿਚ ਪੂਰੀ ਤਰ੍ਹਾਂ ਸਹਾਇਤਾ ਕਰਨਗੇ।

ਰੋਜ਼ਾਨਾ ਜ਼ਿੰਦਗੀ ਵਿਚ ਅਸੀਂ ਅਕਸਰ ਕੰਮ ਕਰਨਾ, ਘਰ ਦੀ ਸੰਭਾਲ ਤੇ ਬੱਚਿਆਂ ਦੀ ਸੰਭਾਲ ਵਿਚ ਵਿਅਸਤ ਹੋ ਜਾਂਦੇ ਹਾਂ। ਚਾਹੇ ਅਸੀਂ ਜਿੰਨਾ ਮਰਜ਼ੀ ਵਿਅਸਤ ਹੋਈਏ, ਆਪਣੇ ਮਨ ਦੀ ਖ਼ੁਸ਼ੀ ਲਈ ਸਾਨੂੰ ਸਮਾਂ ਕੱਢਣਾ ਚਾਹੀਦਾ ਹੈ ਤੇ ਉਹ ਕੰਮ ਕਰਨੇ ਚਾਹੀਦੇ ਹਨ, ਜਿਸ ਵਿਚ ਸਾਨੂੰ ਆਨੰਦ ਆਉਂਦਾ ਹੋਵੇ। ਜਿਵੇਂ ਕਿ ਗੁਰਬਾਣੀ ਨਾਲ ਜੁੜਨਾ, ਕਸਰਤ ਕਰਨੀ, ਕੋਈ ਵਧੀਆ ਕਿਤਾਬ ਪੜ੍ਹਨੀ ਜਾਂ ਚੰਗੀ ਫ਼ਿਲਮ ਦੇਖਣੀ, ਚੰਗੀ ਸੰਗਤ ਕਰਨੀ, ਪੌਸ਼ਟਿਕ ਖਾਣਾ, ਸਮੇਂ ਨਾਲ ਸੌਣਾ, ਹਾਸੇ ਵਾਲੀਆਂ ਗੱਲਾਂ ਸੁਣਨੀਆਂ ਤੇ ਕਰਨੀਆਂ ਜਾਂ ਕੋਈ ਮੋਟੀਵੇਸ਼ਨਲ ਲੈਕਚਰ ਸੁਣਨਾ ਆਦਿ। ਅਖੀਰ ਵਿਚ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਜਦੋਂ ਵੀ ਕਿਸੇ ਨੂੰ ਮਾਨਸਿਕ ਪਰੇਸ਼ਾਨੀ ਜਿਵੇਂ ਕਿ ਡਿਪਰੈਸ਼ਨ, ਲਤ, ਗੁੱਸਾ, ਮਾਨਸਿਕ ਤਣਾਅ, ਪਰਿਵਾਰਕ ਝਗੜੇ, ਬੱਚਿਆਂ ਦਾ ਪਾਲਣ ਪੋਸ਼ਣ, ਇਕੱਲਤਾ, ਜ਼ਿੰਦਗੀ ਤੋਂ ਨਿਰਾਸ਼ ਹੋਣਾ ਆਦਿ ਦੇ ਕੋਈ ਵੀ ਲੱਛਣ ਲੱਗਦੇ ਹੋਣ, ਤੁਸੀਂ ਉਸ ਸਬੰਧੀ ਸਾਇਕੋ ਥੈਰੇਪਿਸਟ ਨੂੰ ਮਿਲੋ ਤੇ ਖੁੱਲ੍ਹ ਕੇ ਉਸ ਬਾਰੇ ਗੱਲ ਕਰੋ। ਖੁੱਲ੍ਹ ਕੇ ਗੱਲ ਕਰਨ ਨਾਲ ਤੁਸੀਂ ਆਪਣਾ ਤੇ ਆਪਣੇ ਘਰ ਦੇ ਮੈਂਬਰਾਂ ਦਾ ਚੰਗੀ ਤਰ੍ਹਾਂ ਖਿਆਲ ਰੱਖ ਸਕਦੇ ਹੋ ਤੇ ਖ਼ੁਸ਼ਹਾਲ ਜੀਵਨ ਜੀ ਸਕਦੇ ਹੋ।

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਗਿ. ਸੋਹਣ ਸਿੰਘ ਸੀਤਲ

ਲੜੀਵਾਰ ਕਿਸ਼ਤ - 41


ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

## ਅੰਗਰੇਜ਼ ਲਾਹੌਰ ਪੁੱਜੇ

20 ਫ਼ਰਵਰੀ ਨੂੰ ਅੰਗਰੇਜ਼ ਲਾਹੌਰ ਜਾ ਪੁੱਜੇ ਅਗਲੇ ਦਿਨ ਲਾਰਡ ਹਾਰਡਿੰਗ ਨੇ ਦਲੀਪ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਗੱਦੀ`ਤੇ ਬਿਠਾਇਆ ਤੇ ਐਲਾਨ ਕੀਤਾ, ਕਿ ਦਲੀਪ ਸਿੰਘ ਪੰਜਾਬ ਦਾ 'ਮਹਾਰਾਜਾ" ਰਹੇਗਾ।

ਏਸ ਸਾਰੇ ਰੰਗ ਢੰਗ ਤੋਂ ਪੰਜਾਬ ਵਾਸੀ ਸਮਝ ਰਹੇ ਸਨ, ਕਿ ਹੁਣ ਪਹਿਲਾਂ ਵਰਗਾ ਪੰਜਾਬ ਨਹੀਂ ਰਿਹਾ। ੨੬ ਫਰਵਰੀ ਨੂੰ ਹਾਰਡਿੰਗ ਨੇ ਇਕ ਆਮ ਦਰਬਾਰ ਕੀਤਾ, ਜਿਸ ਵਿਚ ਲਾਲ ਸਿੰਘ 'ਮਿਸਰ' ਪੰਜਾਬ ਦਾ 'ਵਜ਼ੀਰੋ ਤੇ ਤੇਜ ਸਿੰਘ 'ਸੈਨਾਪਤੀ ਬਣਾਏ ਗਏ ਤੇ ਹੋਣ ਵਾਲੀ ਸੁਲ੍ਹਾ ਦੀਆਂ ਮੋਟੀਆਂ ਮੋਟੀਆਂ ਸ਼ਰਤਾਂ ਦਾ ਵੀ ਐਲਾਨ ਕੀਤਾ।

ਰਾਜਾ ਗੁਲਾਬ ਸਿੰਘ ਲਾਹੌਰ ਦਾ ਵਜ਼ੀਰ ਬਣਨ ਲਈ ਚਰੋਕਣੀ ਆਸ ਲਾਈ ਬੈਠਾ ਸੀ। ਉਹ ਕਿਵੇਂ ਸਹਾਰ ਸਕਦਾ ਸੀ, ਕਿ ਲਾਲ ਸਿੰਘ ਵਜ਼ਾਰਤ ਸੰਭਾਲ ਬਹੇ। ਉਹਨੇ (ਗੁਲਾਬ ਸਿੰਘ ਨੇ) ਹਾਰਡਿੰਗ ਨੂੰ ਸਾਫ਼ ਕਹਿ ਦਿੱਤਾ, ਕਿ ਸਭਰਾਵਾਂ ਦੇ ਜੰਗ ਵਿਚ ਖ਼ਾਲਸਾ ਫ਼ੌਜ ਨੂੰ ਮਰਵਾਉਣ ਬਦਲੋ, ਉਸਨੂੰ ਕੁਛ ਮਿਲਣਾ ਚਾਹੀਦਾ ਹੈ। ਨਾਲ ਹੀ ਉਹਨੇ ਇਹ ਵੀ ਕਿਹਾ, 'ਜੇ ਮੈਂ ਲੜਾਈ ਲੰਮੀ ਕਰ ਦੇਂਦਾ, ਤਾਂ ਇਸਦਾ ਨਤੀਜਾ ਕੁਝ ਹੋਰ ਹੀ ਹੁੰਦਾ। ਜੇ ਮੈਂ ਆਪ ਹੀ, ਮਰਜ਼ੀ ਨਾਲ, ਜਾਲ ਵਿਛਾ ਕੇ ਉਸ ਵਿਚ ਕੈਦ ਨਾ ਹੋ ਜਾਂਦਾ ਤੇ ਖ਼ਾਲਸਾ ਫ਼ੌਜ ਨੂੰ ਖਿਲਾਰ ਦੇਂਦਾ ਤਾਂ ਉਹ ਫ਼ਿਰੋਜ਼ਪੁਰ ਤੇ ਦਿੱਲੀ ਵਿਚ ਪਰਲੋ ਲਿਆ ਦੇਂਦੀ" ਉਸਨੂੰ ਨਾਰਾਜ਼ ਵੇਖਕੇ ਹਾਰਡਿੰਗ ਵੀ ਘਬਰਾ ਗਿਆ। ਉਹ ਗੁਲਾਬ ਸਿੰਘ ਦੀ ਕਾਬਲੀਅਤ ਨੂੰ ਜਾਣਦਾ ਸੀ ਤੇ ਇਹ ਵੀ ਜਾਣਦਾ ਸੀ, ਕਿ ਜੇ ਕੋਈ ਏਹੋ ਜਿਹਾ ਆਦਮੀ ਅੰਮ੍ਰਿਤਸਰ ਵਾਲੀ ਫ਼ੌਜ ਨਾਲ ਜਾ ਮਿਲੇ, ਤਾਂ ਅੰਗਰੇਜ਼ਾਂ ਵਾਸਤੇ ਚੰਗਾ ਨਹੀਂ ਹੋਵੇਗਾ। ਸੋ ਹਾਰਡਿੰਗ ਨੇ ਗੁਲਾਬ ਸਿੰਘ ਨਾਲ ਇਕਰਾਰ ਕੀਤਾ, ਕਿ ਉਸਨੂੰ ਕਸ਼ਮੀਰ ਦਾ ਖ਼ੁਦਮੁਖ਼ਤਿਆਰ ਮਹਾਰਾਜਾ ਬਣਾ ਦਿੱਤਾ ਜਾਵੇਗਾ।



## ਪਹਿਲੀ ਸੁਲ੍ਹਾ

ਸਰਕਾਰ ਅੰਗਰੇਜ਼ੀ ਤੇ ਲਾਹੌਰ ਦਰਬਾਰ ਵਿਚ ਸੁਲ੍ਹਾ, ਲਾਹੌਰ, 9 ਮਾਰਚ, 1846 ਈ। "ਸੁਲ੍ਹਾ, ਜੋ ਮਹਾਰਾਜਾ ਰਣਜੀਤ ਸਿੰਘ ਵਾਲੀਏ ਲਾਹੌਰ ਤੇ ਸਰਕਾਰ ਅੰਗਰੇਜ਼ੀ ਵਿਚ 1809ਈ. ਨੂੰ ਹੋਈ ਸੀ, ਸਿੱਖ ਫ਼ੌਜ ਦੇ ਹਮਲੇ ਕਾਰਨ, ਜੋ ਉਸਨੇ ਬਿਨਾਂ ਕਿਸੇ ਵਜ੍ਹਾ ਦੇ ਪਿਛਲੇ ਦਸੰਬਰ ਵਿਚ ਅੰਗਰੇਜ਼ੀ ਇਲਾਕੇ ਉੱਤੇ ਕੀਤਾ, ਟੁੱਟ ਗਈ ਹੈ। ਮਹਾਰਾਜਾ ਲਾਹੌਰ ਦੇ ਉਹ ਸਭ ਇਲਾਕੇ, ਜੋ ਸਤਲੁਜ ਦੇ ਖੱਬੇ ਪਾਸੇ ਹਨ, 1 ਦਸੰਬਰ ਦੇ ਐਲਾਨ ਰਾਹੀਂ ਜ਼ਬਤ ਕਰ ਕੇ ਅੰਗਰੇਜ਼ੀ ਰਾਜ ਵਿਚ ਮਿਲਾ ਲਏ ਗਏ। ਉਸ ਸਮੇਂ ਤੋਂ ਲੈ ਦੋਹਾਂ ਸਰਕਾਰਾਂ ਨੇ ਇਕ ਦੂੱਜੇ ਵਿਰੁੱਧ ਹਮਲੇ ਜਾਰੀ ਰੱਖੇ, ਜਿਸ ਦਾ ਸਿੱਟਾ ਸਰਕਾਰ ਅੰਗਰੇਜ਼ੀ ਦਾ ਲਾਹੌਰ ਉਤੇ ਕਬਜ਼ਾ ਹੈ। ਤੇ ਇਸ ਗੱਲ ਦਾ ਫ਼ੈਸਲਾ ਹੋਇਆ ਹੈ, ਕਿ ਦੋਹਾਂ ਸਰਕਾਰਾਂ ਵਿਚ ਅਮਨ ਕਾਇਮ ਰੱਖਣ ਬਦਲੇ ਕੁਛ ਸ਼ਰਤਾਂ ਉੱਤੇ ਸੁਲ੍ਹਾ ਕੀਤੀ ਜਾਵੇ। ਇਹ ਸੁਲ੍ਹਾ ਨਾਮਾ ਮਹਾਰਾਜਾ ਦਲੀਪ ਸਿੰਘ ਤੇ ਉਹਦੇ ਵਾਰਸਾਂ, ਤੇ ਆਨਰੇਬਲ ਈਸਟ ਇੰਡੀਆ ਕੰਪਨੀ ਵਿੱਚ ਲਿਖਿਆ ਗਿਆ ਹੈ। ਕੰਪਨੀ ਵੱਲੋਂ ਫਰੈਡਰਿਕ ਕਰੀ, ਹੈਨਰੀ ਮਿੰਟਗੁਮਰੀ ਲਾਰੰਸ, ਜਿੰਨ੍ਹਾਂ ਨੂੰ ਗਵਰਨਰ-ਜੈਨਰਲ ਹੈਨਰੀ ਹਾਰਡਿੰਗ ਨੇ ਪੂਰੇ ਅਖ਼ਤਿਆਰ ਦਿੱਤੇ ਹਨ, ਤੇ ਮਹਾਰਾਜਾ ਦਲੀਪ ਸਿੰਘ ਵੱਲੋਂ ਭਾਈ ਰਾਮ ਸਿੰਘ, ਰਾਜਾ ਲਾਲ ਸਿੰਘ, ਸ: ਤੇਜ ਸਿੰਘ, ਸ: ਚਤਰ ਸਿੰਘ ਅਟਾਰੀਵਾਲਾ, ਸ: ਰਣਜੋਰ ਸਿੰਘ ਮਜੀਠਾ, ਦੀਵਾਨ ਦੀਨਾ ਨਾਥ ਤੇ ਫ਼ਕੀਰ ਨੂਰ ਦੀਨ, ਜਿੰਨ੍ਹਾਂ ਨੂੰ 'ਮਹਾਰਾਜੇ' ਵੱਲੋਂ ਪੂਰੇ ਅਖ਼ਤਿਆਰ ਹਨ।

1. ਇਕ ਪਾਸੇ ਸਰਕਾਰ ਅੰਗਰੇਜ਼ੀ ਤੇ ਦੂਜੇ ਪਾਸੇ ਮਹਾਰਾਜਾ ਦਲੀਪ ਸਿੰਘ, ਉਸਦੇ ਵਾਰਸ ਤੇ ਹੱਕਦਾਰਾਂ ਵਿਚ ਸਦਾ ਅਮਨ ਤੇ ਦੋਸਤੀ ਰਹੇਗੀ।

2. ਲਾਹੌਰ ਦਾ ਮਹਾਰਾਜਾ ਉਸ ਸਾਰੇ ਇਲਾਕੇ ਤੋਂ, ਜੋ ਸਤਲੁਜ ਦੇ ਦੱਖਣ ਵੱਲ ਹੈ, ਆਪਣੇ, ਆਪਣੇ ਵਾਰਸਾਂ ਤੇ ਹੱਕਦਾਰਾਂ ਦੇ ਸਾਰੇ ਹੱਕ ਤਿਆਗਦਾ ਹੈ।

3. ਮਹਾਰਾਜਾ ਦਲੀਪ ਸਿੰਘ ਆਪਣੇ ਸਾਰੇ ਕਿਲ੍ਹੇ, ਇਲਾਕੇ, ਮੈਦਾਨ ਤੇ ਪਹਾੜ ਜੋ ਦੁਆਬੇ, ਭਾਵ ਦਰਿਆ ਬਿਆਸ ਤੇ ਸਤਲੁਜ ਦੇ ਵਿਚ ਹਨ, ਦੇ ਸਭ ਰਾਜਸੀ ਹੱਕ ਕੰਪਨੀ ਦੇ ਹਵਾਲੇ ਕਰਦਾ ਹੈ।

4. ਸਰਕਾਰ ਅੰਗਰੇਜ਼ੀ ਡੂਢ ਕਰੋੜ ਰੁਪਿਆ-ਬਰਤ ਨੰਬਰ । ਦੇ ਇਲਾਕੇ, ਜੋ ਲਾਹੌਰ ਨੇ ਅੰਗਰੇਜ਼ਾਂ ਨੂੰ ਦਿੱਤੇ ਹਨ-ਤੋਂ ਵੱਖਰਾ ਹਰਜਾਨਾ ਤੇ ਲੜਾਈ ਦਾ ਖ਼ਰਚ ਲਾਹੌਰ ਸਰਕਾਰ ਦੇ ਸਿਰ ਪਾਉਂਦੀ ਹੈ। ਕਿਉਂਕਿ ਲਾਹੌਰ ਦਰਬਾਰ ਏਨਾ ਰੁਪਇਆ ਦੇ ਨਹੀਂ ਸਕਦਾ ਤੇ ਨਾ ਹੀ ਇਸ ਰੁਪਏ ਬਦਲੇ ਕੋਈ ਜ਼ਾਮਨ ਦੇਂਦਾ ਹੈ, ਇਸ ਵਾਸਤੇ ਮਹਾਰਾਜਾ ਇਕ ਕਰੋੜ ਰੁਪਏ ਬਦਲੇ ਕੰਪਨੀ ਨੂੰ ਉਹ ਸਾਰੇ ਇਲਾਕੇ, ਕਿਲ੍ਹੇ ਤੇ ਉਹਨਾਂ ਦੇ ਹੱਕ, ਜੋ ਦਰਿਆ ਬਿਆਸ ਤੇ ਸਿੰਧ ਵਿਚ ਪਹਾੜੀ ਇਲਾਕਾ ਹੈ, ਜਿਸ ਵਿਚ ਕਸ਼ਮੀਰ ਤੇ ਹਜ਼ਾਰੇ ਦੇ ਸੂਬੇ ਸ਼ਾਮਲ ਹਨ, ਦੇਂਦਾ ਹੈ।

5. ਮਹਾਰਾਜਾ ਕੰਪਨੀ ਨੂੰ ੫੦ ਲੱਖ ਰੁਪਏ ਇਸ ਸੁਲ੍ਹਾ ਦੇ ਪੱਕੇ ਹੋਣ ਤੋਂ ਪਹਿਲਾਂ ਜਾਂ ਉਸ ਸਮੇਂ ਦੇਵੇਗਾ।

6. ਮਹਾਰਾਜਾ ਆਪਣੀ ਸਾਰੀ ਬਾਗ਼ੀ ਫ਼ੌਜ ਨੂੰ ਕੱਢ ਦੇਵੇਗਾ ਤੇ ਉਸ ਤੋਂ ਹਥਿਆਰ ਖੋਹ ਲਵੇਗਾ ਤੇ ਮਹਾਰਾਜਾ ਨਵੇਂ ਸਿਰਿਓਂ ਉਹਨਾਂ ਅਸੂਲਾਂ ਅਨੁਸਾਰ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਚਾਲੂ ਸਨ, ਨਵੀਂ ਤਨਖ਼ਾਹਦਾਰ ਫ਼ੌਜ ਭਰਤੀ ਕਰੇਗਾ। ਜਿਹੜੀ ਫ਼ੌਜ ਇਸ ਸ਼ਰਤ ਅਨੁਸਾਰ ਕੱਢੀ ਜਾਵੇਗੀ, ਮਹਾਰਾਜਾ ਉਸਦਾ ਸਾਰਾ ਹਿਸਾਬ ਮੁਕਾ ਦੇਵੇਗਾ।


☛ ਬਾਕੀ ਅਗਲੇ ਅੰਕ ਵਿੱਚ


ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ
ਕੇ 1000 ਬੰਦਿਆਂ ਤੱਕ
ਦੀ ਪਾਰਟੀ ਦੀ ਕੇਟਰਿੰਗ
ਕਰਦੇ ਹਾਂ

ਗੁਰਦੁਆਰਾ ਸਾਹਿਬ
ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

778-928-4522, 778-565-4141, 778-565-3232

ਪ੍ਰਵਾਸੀ ਕਹਾਣੀ



# ਬੱਦਲਾਂ ਹੇਠ ਛੁਪਿਆ ਸੂਰਜ

ਲਿਖਤ " ਅਵਤਾਰ ਐਸ. ਸੰਘਾ,
ਸੰਪਰਕ: 0437641033

ਪ੍ਰੋ. ਪ੍ਰਤਾਪ ਸਿੰਘ ਦੀ ਉਮਰ 70 ਤੋਂ ਉੱਪਰ ਸੀ ਤੇ ਉਹ ਹੁਣ ਆਪਣੇ ਪਰਿਵਾਰ ਸਮੇਤ ਮੁਹਾਲੀ ਵਿਖੇ ਸੇਵਾਮੁਕਤ ਜ਼ਿੰਦਗੀ ਬਸਰ ਕਰ ਰਿਹਾ ਸੀ। ਉਸ ਨੇ 1974 ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਅੰਗਰੇਜ਼ੀ ਦੀ ਐੱਮ.ਏ. ਕੀਤੀ ਸੀ। ਉਸ ਦੇ ਲੜਕੇ ਸੁਮਿਤ ਨੇ ਹੁਣੇ-ਹੁਣੇ ਮੁਹਾਲੀ ਦੀ ਇੱਕ ਮਸ਼ਹੂਰ ਸੰਸਥਾ ਤੋਂ ਬੀ. ਟੈੱਕ ਕੀਤੀ ਸੀ। ਅੱਜ ਸੁਮਿਤ ਦੀ ਸੰਸਥਾ ਵਿੱਚ ਕਨਵੋਕੇਸ਼ਨ ਅਤੇ ਇਨਾਮ ਵੰਡ ਸਮਾਰੋਹ ਸੀ। ਉਹ ਤਿੰਨ ਸਰਟੀਫਿਕੇਟ ਅਤੇ ਤਿੰਨ ਇਨਾਮ ਘਰ ਲੈ ਕੇ ਆਇਆ ਸੀ। ਉਹ ਦੋ ਮਜ਼ਮੂਨਾਂ ਵਿੱਚ ਫਸਟ ਆਇਆ ਸੀ ਤੇ ਸਮੁੱਚੇ ਨੰਬਰਾਂ ਵਿੱਚ ਵੀ ਉਹ ਅੱਵਲ ਰਿਹਾ ਸੀ। ਪਰਿਵਾਰ ਖੁਸ਼ੀਆਂ ਮਨਾ ਰਿਹਾ ਸੀ। ਮਠਿਆਈਆਂ ਨੂੰ ਭੋਗ ਲਗਾਉਣ ਤੋਂ ਬਾਅਦ ਪਿਉ-ਪੁੱਤਰ ਆਪਣਾ ਅਤੀਤ ਫੋਲ ਕੇ ਬੈਠ ਗਏ। ਅਸਲ ਵਿੱਚ ਸੁਮਿਤ ਦੇ ਮਨ ਵਿੱਚ ਕੁੱਝ ਸਵਾਲ ਖੌਰੂ ਪਾ ਰਹੇ ਸਨ। ਉਹ ਇਹ ਸਵਾਲ ਆਪਣੇ ਪਿਤਾ ਜੀ ਨੂੰ ਪੁੱਛਣਾ ਚਾਹੁੰਦਾ ਸੀ।

''ਡੈਡੀ, ਤੁਸੀਂ ਬੀ.ਏ. ਕਦੋਂ ਕੀਤੀ ਸੀ?''

''ਬੇਟੇ, ਤੇਰਾ ਮਤਲਬ ਕਿਸ ਸਾਲ?''

''ਜੀ ਹਾਂ।''

''1972 ਵਿੱਚ।''

''ਤੁਹਾਡੇ ਇਨਾਮ ਕਿੱਥੇ ਹਨ? ਮੈਂ ਤੁਹਾਨੂੰ ਘਰ ਵਿੱਚ ਕਈ ਵਾਰ ਕਹਿੰਦੇ ਸੁਣਦਾ ਆ ਰਿਹਾ ਹਾਂ ਕਿ ਤੁਸੀਂ ਆਪਣੇ ਕਾਲਜ ਵਿੱਚ ਅੱਵਲ ਨੰਬਰ ਲਿਆ ਕਰਦੇ ਸੀ। ਤੁਸੀਂ ਇਹ ਕਹਿ ਕੇ ਬੜਾ ਰੋਅਬ ਪਾਉਂਦੇ ਰਹੇ ਹੋ ਕਿ ਤੁਸੀਂ ਬਹੁਤ ਮਿਹਨਤੀ ਤੇ ਹੁਸ਼ਿਆਰ ਵਿਦਿਆਰਥੀ ਹੁੰਦੇ ਸੀ।''

''ਪੁੱਤਰ, ਕੀ ਤੂੰ ਸੋਚਦਾ ਹੈ ਕਿ ਮੈਂ ਗੱਪਾਂ ਮਾਰਦਾ ਸੀ? ਬੱਚੇ, ਹੋਸ਼ ਨਾਲ ਗੱਲ ਕਰਿਆ ਕਰ।''

''ਡੈਡ, ਮੈਂ ਛੋਟੇ ਹੁੰਦੇ ਤੋਂ ਘਰ ਵਿੱਚ ਕਦੀ ਵੀ ਤੁਹਾਡੇ ਵੱਲੋਂ ਜਿੱਤਿਆ ਹੋਇਆ ਕੋਈ ਵੀ ਇਨਾਮ ਨਹੀਂ ਦੇਖਿਆ। ਨਾ ਕੋਈ ਪੁਸਤਕ ਤੇ ਨਾ ਕੋਈ ਯਾਦ ਚਿੰਨ੍ਹ ਜਿਨ੍ਹਾਂ ਤੋਂ ਤੁਹਾਡੀ ਵਿਲੱਖਣ ਪ੍ਰਾਪਤੀ ਦਾ ਪਤਾ ਲੱਗ ਸਕੇ। ਤੁਸੀਂ ਛਾਤੀ ਠੋਕ ਕੇ ਕਹਿੰਦੇ ਰਹੇ ਹੋ ਕਿ ਤੁਸੀਂ ਸਾਰੇ ਕਾਲਜ ਵਿੱਚ ਹੁਸ਼ਿਆਰ ਵਿਦਿਆਰਥੀ ਹੁੰਦੇ ਸੀ। ਆਹ ਦੇਖ ਲਓ, ਮੇਰੇ ਇਨਾਮ ਵੀ ਤੇ ਮੇਰੇ ਪ੍ਰਮਾਣ ਪੱਤਰ ਵੀ। ਮੇਰੇ ਇਹ ਇਨਾਮ ਭਵਿੱਖ ਵਿੱਚ ਘਰ ਵਿੱਚ ਸ਼ਿੰਗਾਰ ਦੇ ਰੂਪ ਵਿੱਚ ਪਏ ਰਹਿਣਗੇ। ਤੁਸੀਂ ਸ਼ੁਕਰ ਕਰੋ ਕਿ ਮੈਂ ਤੁਹਾਡੇ ਕਿਸੇ ਵੀ ਇਨਾਮ ਤੋਂ ਉਤਸ਼ਾਹ ਲਏ ਬਗੈਰ ਅੱਜ ਸਮੁੱਚੇ ਅੰਕਾਂ ਵਿੱਚ ਸਭ ਤੋਂ ਵੱਧ ਅੰਕ ਲੈ ਕੇ ਆਇਆ ਹਾਂ। ਤੁਹਾਨੂੰ ਮੈਨੂੰ ਸ਼ਾਬਾਸ਼ ਦੇਣੀ ਚਾਹੀਦੀ ਹੈ। ਜਦ ਮੈਂ ਆਪਣੇ ਦੋਸਤਾਂ ਦੇ ਘਰਾਂ ਵਿੱਚ ਜਾਂਦਾ ਹਾਂ ਤਾਂ ਉਨ੍ਹਾਂ ਦੇ ਘਰਾਂ ਦੇ ਅੰਗੀਠੀ ਪੋਸ਼ ਉੱਤੇ ਕਈ-ਕਈ ਇਨਾਮ ਤੇ ਯਾਦ ਚਿੰਨ੍ਹ ਪਏ ਦੇਖਦਾ ਹਾਂ। ਉਨ੍ਹਾਂ ਦੇ ਮਾਪਿਆਂ ਵੱਲੋਂ ਲਏ ਇਨਾਮ ਦੇਖ ਕੇ ਮੈਨੂੰ ਸ਼ਰਮ ਆਉਣ ਲੱਗ ਪੈਂਦੀ ਹੈ। ਮੈਂ ਸੋਚਣ ਲੱਗ ਪੈਂਦਾ ਹਾਂ ਕਿ ਮੇਰਾ ਬਾਪ ਅੰਗਰੇਜ਼ੀ ਪੜ੍ਹਾਉਂਦਾ ਰਿਹਾ, ਉੱਚੀ ਪੜ੍ਹਾਈ ਤੇ ਵਿਲੱਖਣ ਪ੍ਰਾਪਤੀ ਦੀ ਘਰ ਵਿੱਚ ਕੋਈ ਨਿਸ਼ਾਨੀ ਨਜ਼ਰ ਹੀ ਨਹੀਂ ਆ ਰਹੀ। ਮੇਰੇ ਕਈ ਦੋਸਤਾਂ ਦੇ ਬਾਪ ਉੱਤਮ ਦਰਜੇ ਦੇ ਖਿਡਾਰੀ ਸਨ। ਇੱਕ ਦਾ ਬਾਪ ਸਿਰੇ ਦਾ ਕਬੱਡੀ ਦਾ ਖਿਡਾਰੀ ਸੀ, ਇੱਕ ਦਾ ਬਾਪ ਡਾਕਟਰ ਰਿਹਾ ਏ। ਉਨ੍ਹਾਂ ਦੇ ਘਰ ਇਨਾਮਾਂ ਤੇ ਯਾਦ ਚਿੰਨ੍ਹਾਂ ਨਾਲ ਭਰੇ ਪਏ ਹਨ। ਇਹ ਇਨਾਮ ਮੇਰੇ ਇਨ੍ਹਾਂ ਦੋਸਤਾਂ ਨੂੰ ਆਪਣਾ ਜੀਵਨ ਬਣਾਉਣ ਤੇ ਸੰਵਾਰਨ ਵਿੱਚ ਬੜਾ ਉਤਸ਼ਾਹ ਦਿੰਦੇ ਰਹੇ ਹਨ। ਮੈਨੂੰ ਘਰ ਵਿੱਚ ਇੱਕ ਵੀ ਐਸੀ ਚੀਜ਼ ਨਜ਼ਰ ਨਹੀਂ ਆਉਂਦੀ ਜਿਹੜੀ ਤੁਹਾਡੇ ਉੱਚਤਮ ਅਕਾਦਮਿਕ ਕਰੀਅਰ ਦੀ ਸ਼ਾਹਦੀ ਭਰਦੀ ਹੋਵੇ।''

''ਕੀ ਤੇਰਾ ਲੈਕਚਰ ਖਤਮ ਹੋ ਗਿਆ, ਵੱਡਿਆ ਪੜ੍ਹਾਕੂਆ?''

''ਹਾਂ, ਮੈਂ ਹੋਰ ਕੁਝ ਨਹੀਂ ਕਹਿਣਾ। ਤੁਹਾਡੀ ਆਕੜ ਭੰਨਣੀ ਸੀ, ਉਹ ਮੈਂ ਭੰਨ ਦਿੱਤੀ। ਫੋਕੇ ਰੋਅਬ ਨੂੰ ਹਲੂਣਾ ਦੇਣਾ ਸੀ, ਉਹ ਮੈਂ ਦੇ ਦਿੱਤਾ। ਸਾਡਾ ਐਵੇਂ ਨੱਕ 'ਚ ਦਮ ਕਰੀ ਰੱਖਦੇ ਹੋ। ਆਪ ਪਤਾ ਨਹੀਂ ਕਵਿੇਂ ਡਿੱਗਦੇ-ਢਹਿੰਦੇ ਐੱਮ.ਏ. ਕੀਤੀ ਹੋਊ। ਮੇਰਾ ਇੱਕ ਜਮਾਤੀ ਹੈ। ਉਹਦੇ ਪਿਓ ਨੇ ਦੋ ਵਾਰ ਐੱਮ.ਏ. ਸੁਧਾਰੀ ਸੀ। ਦੋ ਸਾਲ ਵੱਧ ਲਗਾਏ ਸਨ ਤਾਂ ਕਿਤੇ ਮਸਾਂ-ਮਸਾਂ ਸੈਕਿੰਡ ਡਵੀਜ਼ਨ ਲਈ ਸੀ। ਚਾਰ ਸਾਲ ਵਿੱਚ 50% ਅੰਕ। ਅੱਜਕੱਲ੍ਹ ਦੇ ਮਾਪੇ ਐਵੇਂ ਬੱਚਿਆਂ 'ਤੇ ਰੋਅਬ ਪਾਉਂਦੇ ਰਹਿੰਦੇ ਨੇ, ਆਪਣੀ ਪੀੜ੍ਹੀ ਥੱਲੇ ਸੋਟਾ ਫੇਰਦੇ ਨਹੀਂ।''

''ਨਾਲੇ ਕਹਿੰਦਾ ਏਂ, ਤੇਰਾ ਲੈਕਚਰ ਮੁੱਕ ਗਿਆ। ਨਾਲੇ ਬੋਲੀ ਜਾਂਦਾ ਏਂ? ਮੈਂ ਬੋਲਾਂ ਹੁਣ?''

''ਬੋਲੋ।''

''ਸੁਣ ਫੇਰ! ਬੀ.ਏ. ਦੇ ਤਿੰਨ ਸਾਲ ਮੈਂ ਆਪਣੀ ਜਮਾਤ ਵਿੱਚ ਸਮੁੱਚੇ ਨੰਬਰ ਲੈਣ 'ਚ ਵੀ ਤੇ ਵਿਸ਼ੇ ਅਨੁਸਾਰ ਵੀ ਅੱਵਲ ਰਿਹਾ ਸਾਂ। ਹੁਣ ਮੈਂ ਤੈਨੂੰ ਸਕੂਲ ਤੋਂ ਹੀ ਦੱਸਦਾ ਹਾਂ।''

''ਓ.ਕੇ., ਡੈਡ।''

''ਸਾਡੇ ਸਮਿਆਂ ਵਿੱਚ ਪਿੰਡਾਂ ਵਿੱਚ ਮਾਡਲ ਸਕੂਲ ਤੇ ਨਿੱਜੀ ਸਕੂਲ ਨਹੀਂ ਸਨ ਹੁੰਦੇ। ਸਰਕਾਰੀ ਸਕੂਲਾਂ ਵਿੱਚ ਇਨਾਮ ਵੰਡ ਸਮਾਗਮ ਹੁੰਦੇ ਹੀ ਨਹੀਂ ਸਨ। ਜਿਹੜਾ ਕਾਲਜ ਮੈਂ ਬੀ.ਏ. ਕਰਨ ਲਈ ਚੁਣਿਆ ਉਹ 1969 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਜਨਮ ਦਨਿ 'ਤੇ ਸਾਡੇ ਨੇੜੇ ਦੇ ਕਸਬੇ ਵਿੱਚ ਖੁੱਲ੍ਹਿਆ ਸੀ। ਦੋ ਸਾਲ ਇਹ ਪ੍ਰਾਈਵੇਟ ਰਿਹਾ। ਜਮਾਤਾਂ ਵੀ ਦੋ ਹੀ ਸਨ- ਪ੍ਰੈਪ ਤੇ ਬੀ. ਏ. ਭਾਗ ਪਹਿਲਾ। ਫਿਰ ਇਸ ਨੂੰ ਯੂਨੀਵਰਸਿਟੀ ਨਾਲ ਮਾਨਤਾ ਮਿਲੀ। ਮੈਂ ਆਪਣੀ ਸਕੂਲ ਦੀ ਪੜ੍ਹਾਈ ਵੀ ਯੂਨੀਵਰਸਿਟੀ ਸਕੂਲ 'ਚ ਹੀ ਕੀਤੀ ਕਿਉਂਕਿ ਉਸ ਸਮੇਂ ਪੰਜਾਬ ਸਕੂਲ ਸਿੱਖਿਆ ਬੋਰਡ ਅਜੇ ਹੋਂਦ ਵਿੱਚ ਨਹੀਂ ਸੀ ਆਇਆ। ਮੈਂ ਸਾਰੇ ਸਕੂਲ 'ਚੋਂ ਅੱਵਲ ਸਾਂ। ਨੇੜੇ ਖੁੱਲ੍ਹੇ ਕਾਲਜ ਨੇ ਮੈਨੂੰ ਸੱਦ ਕੇ ਕਾਲਜ ਵਿੱਚ ਦਾਖਲ ਕੀਤਾ, ਦਾਖਲਾ ਫੀਸ ਨਹੀਂ ਲਈ ਤੇ ਟਿਊਸ਼ਨ ਫੀਸ ਵੀ ਮੁਆਫ਼ ਕਰ ਦਿੱਤੀ। ਇੱਥੋਂ ਤੱਕ ਕਿ ਕੁਝ ਪੁਸਤਕਾਂ ਵੀ ਮੈਨੂੰ ਮੁਫ਼ਤ ਦੇਣਾ ਚਾਹੁੰਦੇ ਸਨ। ਇਹ ਮੈਂ ਨਹੀਂ ਲਈਆਂ। ਜਦੋਂ ਮੈਂ ਇਸ ਨਵੇਂ ਸ਼ੁਰੂ ਹੋਏ ਕਾਲਜ ਵਿੱਚ ਦਾਖਲ ਹੋ ਗਿਆ ਤਾਂ ਇੰਨੀ ਮਿਹਨਤ ਕੀਤੀ ਕਿ ਸਤੰਬਰ ਦੇ ਘਰੇਲੂ ਟੈਸਟ ਵਿੱਚ ਮੈਂ ਅੰਗਰੇਜ਼ੀ ਦੇ ਸੌ ਵਿੱਚੋਂ ਨੱਬੇ ਨੰਬਰ ਲੈ ਗਿਆ। ਜਦ ਪਹਿਲੇ ਪੀਰੀਅਡ ਵਿੱਚ ਪ੍ਰਿੰਸੀਪਲ ਨੇ ਪਰਚੇ ਵੰਡੇ ਮੈਂ ਜਮਾਤ 'ਚੋਂ ਗ਼ੈਰਹਾਜ਼ਰ ਸਾਂ।''

''ਅੱਛਾ! ਇਸ ਦਾ ਮਤਲਬ ਇਹ ਕਿ ਤੁਸੀਂ ਜਮਾਤਾਂ ਵਿੱਚੋਂ ਗ਼ੈਰਹਾਜ਼ਰ ਵੀ ਹੋ ਜਾਂਦੇ ਸੀ?''

''ਪਤੰਦਰਾ, ਸੁਣ ਵੀ। ਐਵੇਂ ਰੌਲਾ ਨਾ ਪਾਈ ਜਾ। ਉਸ ਦਨਿ ਬਹੁਤ ਭਾਰੀ ਬਾਰਸ਼ ਹੋਈ ਸੀ ਤੇ ਸਾਡੇ ਪਿੰਡ ਦੇ ਰਸਤੇ ਵਿੱਚ ਪਾਣੀ ਹੀ ਪਾਣੀ ਸੀ। ਪਿੰਡ ਦੀ ਸੜਕ ਤਾਂ ਕੱਚੀ ਹੈ ਹੀ ਸੀ। ਸਾਈਕਲਾਂ ਦੇ ਮਡਗਾਰਡਾਂ ਵਿੱਚ ਚੀਕਣੀ ਮਿੱਟੀ ਇੰਨੀ ਬੁਰੀ ਤਰ੍ਹਾਂ ਫਸ ਜਾਇਆ ਕਰਦੀ ਸੀ ਕਿ ਸਾਈਕਲਾਂ ਨੂੰ ਘਾਹ 'ਤੇ ਧੜੰਮ ਧੜੰਮ ਮਾਰ ਕੇ ਇਹ ਮਿੱਟੀ ਲਾਹੀਦੀ ਸੀ। ਮੈਂ ਔਖਾ-ਸੌਖਾ ਸਾਈਕਲ ਦੀ ਖਿੱਚ ਧੂਹ ਕਰਕੇ ਮਸਾਂ ਦੁਪਹਿਰ ਤੱਕ ਕਾਲਜ ਪਹੁੰਚਿਆ ਸਾਂ। ਸਾਡੇ ਦੋ ਪੀਰੀਅਡ ਅੰਗਰੇਜ਼ੀ ਦੇ ਹੋਇਆ ਕਰਦੇ ਸਨ- ਪਹਿਲਾ ਤੇ ਸੱਤਵਾਂ। ਜਦ ਮੈਂ ਸੱਤਵੇਂ ਪੀਰੀਅਡ ਵਿੱਚ ਅੰਗਰੇਜ਼ੀ ਵਿਆਕਰਨ ਦੀ ਜਮਾਤ ਵਿੱਚ ਗਿਆ ਤਾਂ ਪ੍ਰਿੰਸੀਪਲ ਸਾਹਿਬ ਨੇ ਮੈਨੂੰ ਪਰਚਾ ਦਿੱਤਾ ਤੇ ਨਾਲੇ ਮੇਰੇ ਬਾਰੇ ਜਮਾਤ ਵਿੱਚ ਲੈਕਚਰ ਵੀ ਦਿੱਤਾ। ਮੇਰੀ ਯਾਦ ਸ਼ਕਤੀ ਦੀ ਅੰਤਾਂ ਦੀ ਸਿਫਤ ਕੀਤੀ। ਜਦ ਮੈਂ ਆਪਣੀ ਉੱਤਰ ਪੱਤਰੀ ਫੜ ਕੇ ਇਕੱਲੇ ਇਕੱਲੇ ਸਵਾਲ ਦੇ ਨੰਬਰ ਗਿਣੇ ਤਾਂ ਜੋੜ 84 ਬਣਿਆ। ਮੈਂ ਸਾਹਿਬ ਨੂੰ ਦੱਸਿਆ ਕਿ ਟੋਟਲ 84 ਬਣਦਾ ਹੈ, ਨਾ ਕਿ 90, ਇਸ 'ਤੇ ਪ੍ਰਿੰਸੀਪਲ ਨੇ ਮੇਰੇ ਕੋਲੋਂ ਉੱਤਰ ਪੱਤਰੀ ਫੜ ਕੇ ਆਪ ਨੰਬਰ ਗਿਣੇ। ਦੁਬਾਰਾ ਫਿਰ ਗਿਣੇ। ਟੋਟਲ 84 ਹੀ ਨਿਕਲਿਆ। ਇਸ ਤੋਂ ਬਾਅਦ ਪ੍ਰਿੰਸੀਪਲ ਨੇ ਮੇਰੀ ਇਮਾਨਦਾਰੀ 'ਤੇ ਸੰਖੇਪ ਜਿਹਾ ਲੈਕਚਰ ਦਿੱਤਾ। ਉਸ ਦਨਿ ਮੈਂ ਕਾਲਜ ਵਿੱਚ ਹੀਰੋ ਬਣ ਗਿਆ। ਫਿਰ ਮੈਂ ਪਿੱਛੇ ਮੁੜ ਕੇ ਨਹੀਂ ਦੇਖਿਆ। ਮੈਂ ਐੱਮ. ਏ. ਕਰਦੇ ਸਮੇਂ ਜੌਹਨ ਮਿਲਟਨ ਦੇ ਮਹਾਂਕਾਵਿ 'ਪੈਰਾਡਾਈਜ਼ ਲੌਸਟ' ਵਿੱਚ ਪੜ੍ਹਿਆ ਸੀ: 'ਸਵਰਗਾਂ ਵਿੱਚ ਚਾਕਰੀ ਕਰਨ ਨਾਲੋਂ ਨਰਕਾਂ ਵਿੱਚ ਰਾਜ ਕਰਨਾ ਚੰਗਾ ਹੁੰਦਾ ਹੈ।' ਛੋਟੇ ਕਾਲਜ ਵਿੱਚ ਹੀਰੋ ਬਣਨਾ ਵੱਡੇ ਕਾਲਜ ਵਿੱਚ ਪਛੜਿਆ ਹੋਇਆ ਵਿਦਿਆਰਥੀ ਬਣਨ ਨਾਲੋਂ ਚੰਗਾ ਹੁੰਦਾ ਏ। 80 ਵਿਦਿਆਰਥੀਆਂ ਦੀ ਜਮਾਤ ਵਿੱਚੋਂ ਅੱਵਲ ਰਹਿ ਕੇ ਮੈਨੂੰ ਇੰਨਾ ਉਤਸ਼ਾਹ ਮਿਲਿਆ ਕਿ ਮੈਂ ਬੀ. ਏ. ਦੇ ਆਖਰੀ ਸਾਲ ਤੱਕ ਅੱਵਲ ਹੀ ਰਹਿੰਦਾ ਚਲਾ ਗਿਆ। ਮੇਰੀ ਮਿਹਨਤ ਦੇਖ ਕੇ ਪ੍ਰਿੰਸੀਪਲ ਨੇ ਇਸ ਨਿੱਕੇ ਜਿਹੇ ਕਾਲਜ ਵਿੱਚ ਅੰਗਰੇਜ਼ੀ ਦੀ ਆਨਰਜ਼ ਦੀ ਜਮਾਤ ਸ਼ੁਰੂ ਕਰ ਦਿੱਤੀ। ਸਾਹਿਬ ਇਲਾਕੇ ਵਿੱਚ ਕਾਲਜ ਦਾ ਨਾਮ ਮਸ਼ਹੂਰ ਕਰਨਾ ਚਾਹੁੰਦਾ ਸੀ। ਕਾਲਜ ਦੀ ਇਮਾਰਤ ਸਿਰਫ਼ ਸਾਧਾਰਨ ਜਿਹੇ ਚਾਰ ਕਮਰਿਆਂ ਵਿੱਚ ਹੀ ਸੀ, ਇੱਕ ਕਮਰੇ ਵਿੱਚ ਪ੍ਰੈਪ ਕਲਾਸ, ਦੂਜੇ ਕਮਰੇ ਵਿੱਚ ਬੀ.ਏ. ਭਾਗ ਪਹਿਲਾ, ਇੱਕ ਵਿੱਚ ਛੋਟੀ ਜਿਹੀ ਲਾਇਬ੍ਰੇਰੀ ਤੇ ਇੱਕ ਵਿੱਚ ਸਾਹਿਬ ਦਾ ਦਫ਼ਤਰ। ਫੀਸ ਕਲਰਕ ਸਾਹਿਬ ਦੇ ਦਫ਼ਤਰ ਦੇ ਪਿਛਲੇ ਪਾਸੇ ਬਾਹਰ ਨੂੰ ਖੁੱਲ੍ਹਦੀ ਇੱਕ ਖਿੜਕੀ ਵਿੱਚ ਹੀ ਬਹਿੰਦਾ ਹੁੰਦਾ ਸੀ। ਇੱਕ ਪਾਸੇ ਟੁੱਟੀਆਂ ਜਿਹੀਆਂ ਲੇਡੀਜ਼ ਟਾਇਲਟਸ ਸਨ। ਪੁਰਸ਼ਾਂ ਲਈ ਟਾਇਲਟਸ ਕਿਧਰੇ ਮਾੜੀਆਂ ਮੋਟੀਆਂ ਹੀ ਸਨ। ਪ੍ਰਿੰਸੀਪਲ ਸਾਹਿਬ ਨੇ ਮੈਨੂੰ ਨਾਲ ਲੈ ਕੇ ਤੇ ਤਿੰਨ ਵਿਦਿਆਰਥੀ ਹੋਰ ਲੈ ਲਏ ਤੇ ਬੀ. ਏ. ਆਨਰਜ਼ ਅੰਗਰੇਜ਼ੀ ਦੀ ਜਮਾਤ ਸ਼ੁਰੂ ਕਰ ਦਿੱਤੀ। ਇਸ ਬਲੂੰਗੜੇ ਜਿਹੇ ਕਾਲਜ ਵਿੱਚ ਸਿਆਸਤ ਨੇ ਅਜੇ ਦਸਤਕ ਨਹੀਂ ਦਿੱਤੀ ਸੀ। ਮਿਹਨਤ ਅਤੇ ਤਿਆਰੀ ਦਾ ਮਾਹੌਲ ਠਾਠਾਂ ਮਾਰ ਰਿਹਾ ਸੀ। ਕਾਲਜ ਦੇ ਪਹਿਲੇ ਸਾਲ, ਭਾਵ ਬੀ. ਏ. ਭਾਗ ਦੂਜਾ ਵਿੱਚ ਮੈਂ 66% ਨੰਬਰ ਲੈ ਕੇ ਸਾਰੀ ਪੰਜਾਬ ਯੂਨੀਵਰਸਿਟੀ ਵਿੱਚ ਸੈਕਿੰਡ ਰਿਹਾ। ਜਿਹੜਾ ਮੁੰਡਾ ਸਾਰੀ ਯੂਨੀਵਰਸਿਟੀ ਵਿੱਚੋਂ ਅੱਵਲ ਆਇਆ ਉਹ ਜਾਟ ਕਾਲਜ ਹਿਸਾਰ ਦਾ ਸੀ।''

''ਡੈਡੀ, ਇਹ ਹਿਸਾਰ ਕਿੱਧਰੋਂ ਆ ਗਿਆ? ਇਹ ਹਰਿਆਣੇ 'ਚ ਕਵਿੇਂ ਜਾ ਵੜੇ? ਜੇ ਝੂਠ ਹੀ ਬੋਲਣਾ ਏ ਤਾਂ ਐਸਾ ਬੋਲੋ ਜਿਸ 'ਤੇ ਸੁਣਨ ਵਾਲੇ ਨੂੰ ਯਕੀਨ ਆ ਜਾਵੇ।''

''ਕਾਕਾ, ਬੰਦਿਆਂ ਵਾਂਗ ਗੱਲ ਸੁਣ। ਜੱਕੜਾਂ ਨਾ ਮਾਰ। ਮੈਨੂੰ ਪਤਾ ਏ, ਹਿਸਾਰ ਹਰਿਆਣੇ ਵਿੱਚ ਏ। ਕਾਕਾ, ਮੈਂ ਤੈਨੂੰ ਜੰਮਿਆ ਏ, ਨਾ ਕਿ ਤੂੰ ਮੈਨੂੰ। ਉਸ ਸਮੇਂ ਹਰਿਆਣੇ ਦੇ ਬਹੁਤੇ ਕਾਲਜ ਪੰਜਾਬ ਯੂਨੀਵਰਸਿਟੀ ਵਿੱਚ ਹੀ ਹੋਇਆ ਕਰਦੇ ਸਨ। ਹਰਿਆਣਾ 1966 ਵਿੱਚ ਅਜੇ ਬਣਿਆ ਹੀ ਸੀ। ਉੱਥੇ ਕਈ ਯੂਨੀਵਰਸਿਟੀਆਂ ਬਾਅਦ ਵਿੱਚ ਹੋਂਦ ਵਿੱਚ ਆਈਆਂ ਸਨ।''

''ਉਹ ਸੱਚੀ? ਤੁਸੀਂ ਠੀਕ ਹੋ, ਡੈਡ। ਹੋਰ ਬੋਲੋ?''

''ਆਨਰਜ਼ ਦਾ ਦੂਜਾ ਸਾਲ, ਯਾਨੀ ਬੀ. ਏ. ਭਾਗ ਤੀਜਾ ਵੀ ਮੇਰੇ ਲਈ ਪਿਛਲੇ ਸਾਲ ਵਾਂਗ ਹੀ ਰਿਹਾ। ਇਸ ਵਾਰ ਮੈਂ 65% ਨੰਬਰ ਲੈ ਗਿਆ। ਕਾਲਜ ਮੈਰਿਟ ਲਿਸਟ ਆਈ। ਮੈਂ ਆਨਰਜ਼ ਤੇ ਪਾਸ ਕੋਰਸ ਦੇ ਨੰਬਰ ਮਿਲਾ ਕੇ ਸਾਰੀ ਯੂਨੀਵਰਸਿਟੀ ਵਿੱਚੋਂ ਦੂਜੇ ਨੰਬਰ 'ਤੇ ਸਾਂ।''

''ਇਨਾਮ ਕਿੱਥੇ ਹਨ? ਮੈਂ ਘਰ ਵਿੱਚ ਅੱਜ ਤੱਕ ਕੋਈ ਇਨਾਮ ਨਹੀਂ ਦੇਖਿਆ।''

''ਸੁਮਿਤ, ਤੁਹਾਡੇ ਜਿਹੇ ਲੋਕਾਂ ਨੇ ਉਹ ਦਨਿ ਨਹੀਂ ਦੇਖੇ ਜਿਹੜੇ ਅਸੀਂ ਦੇਖੇ ਸਨ। ਮੈਂ ਬੀ. ਏ. ਵਿੱਚ ਹਰੇਕ ਮਜ਼ਮੂਨ ਵਿੱਚ ਆਪਣੀ ਜਮਾਤ ਵਿੱਚੋਂ ਅੱਵਲ ਤਾਂ ਹੈ ਹੀ ਸੀ। ਬੀ. ਏ. ਆਨਰਜ਼ ਅੰਗਰੇਜ਼ੀ ਵਿੱਚ ਮੈਂ ਆਪਣੀ ਸਾਰੀ ਪੰਜਾਬ ਯੂਨੀਵਰਸਿਟੀ ਵਿੱਚੋਂ ਦੂਜੇ ਨੰਬਰ 'ਤੇ ਸੀ। ਤੈਨੂੰ ਇਹ ਸੁਣ ਕੇ ਹੈਰਾਨੀ ਹੋਵੇਗੀ ਕਿ ਗ਼ਰੀਬ ਕਾਲਜ ਜਿਹੜਾ ਲੋਕਾਂ ਦੁਆਰਾ ਦਿੱਤੇ ਦਾਨ ਨਾਲ ਹੋਂਦ ਵਿੱਚ ਆਇਆ ਸੀ ਉਸ ਵਿੱਚ ਪਹਿਲੇ ਪੰਜ ਸਾਲ ਨਾ ਤਾਂ ਕਨਵੋਕੇਸ਼ਨ ਹੋਈ ਤੇ ਨਾ ਹੀ ਇਨਾਮ ਵੰਡ ਸਮਾਗਮ। ਪਹਿਲੇ ਦੋ ਸਾਲ ਤਾਂ ਕਾਲਜ ਦਾ ਰਸਾਲਾ ਵੀ ਨਹੀਂ ਸੀ ਛਪਿਆ। ਹਾਂ, ਇੱਕ ਸਬੂਤ ਹੈ ਮੇਰੀ ਕਾਬਲੀਅਤ ਦਾ। ਮੇਰਾ ਨਾਮ ਕਾਲਜ ਦੇ ਸਨਮਾਨ ਬੋਰਡ 'ਤੇ ਸਭ ਤੋਂ ਸਿਖਰ ਦਰਜ ਹੈ। ਇਹ ਮੇਰੀ ਆਨਰਜ਼ ਵਿੱਚ ਪੁਜੀਸ਼ਨ ਆਉਣ ਕਰਕੇ ਹੈ। ਤੂੰ ਜਾ ਕੇ ਦੇਖ ਲਵੀਂ। ਇਨਾਮ ਤੇ ਯਾਦ ਚਿੰਨ੍ਹ ਸਾਨੂੰ ਕਿਸੇ ਨੇ ਦਿੱਤੇ ਹੀ ਨਹੀਂ। ਬੇਟੇ ਮੈਂ ਬਹੁਤੇ ਸਬੂਤਾਂ ਪੱਖੋਂ ਅਣਗੌਲਿਆ ਹੋਇਆ ਨਾਇਕ ਹਾਂ। ਸਾਰੇ ਦੇ ਸਾਰੇ ਅੱਵਲ ਇਨਾਮ ਮੇਰੇ ਸਨ। ਮੇਰੇ ਨਾਲਦਿਆਂ ਨੂੰ ਪੁੱਛ ਲਵੀਂ। ਮੈਂ ਤੈਨੂੰ ਮਿਲਾ ਦੇਵਾਂਗਾ। ਦੇਵੀਗੜ੍ਹ ਵਾਲਾ ਮੋਤਾ ਸਿੰਘ ਅਜੇ ਜਿਉਂਦਾ ਏ। ਜੈਨਪੁਰੀਆ ਕਰਨਲ ਜੋਗਿੰਦਰ ਸਿੰਘ ਵੀ ਅਜੇ ਜਿਉਂਦਾ ਏ। ਦੋਵੇਂ ਪਝੱਤਰਾਂ ਨੂੰ ਟੱਪ ਗਏ ਹਨ। ਇੱਕ ਮੈਥੋਂ ਇੱਕ ਸਾਲ ਪਿੱਛੇ ਸੀ ਤੇ ਇੱਕ ਮੇਰਾ ਹਮਜਮਾਤੀ ਸੀ। ਕਿਤੇ ਗੱਲ ਕਰਕੇ ਦੇਖੀ ਉਨ੍ਹਾਂ ਨਾਲ। ਤੇਰੇ ਕੰਨਾਂ 'ਚ ਵਿੰਡੇ ਟਿਆਂਕਣ ਲੱਗ ਪੈਣਗੇ। ਐਤਕੀ ਨਵੰਬਰ ਵਿੱਚ ਜਾ ਆਵਾਂਗੇ ਪਿੰਡ, ਨਾਲੇ ਇਨ੍ਹਾਂ ਨੂੰ ਮਿਲ ਆਵਾਂਗੇ ਤੇ ਨਾਲ ਆਪਣੇ ਖੇਤ ਬੰਨੇ ਜਾ ਆਵਾਂਗੇ। ਮੋਤਾ ਸਿੰਘ ਦਾ ਨਾਮ ਵੀ ਬੋਰਡ 'ਤੇ ਦਰਜ ਏ। ਬੇਟੇ, ਜ਼ਿਆਦਾ ਸ਼ੇਖੀ ਵਿੱਚ ਨਹੀਂ ਆਈਦਾ। ਜ਼ਮੀਨ 'ਤੇ ਤੁਰਨਾ ਸਿੱਖੋ।''

''ਠੀਕ ਏ, ਡੈਡ! ਪਰ ਆਪਣੀ ਪੋਸਟ ਗ੍ਰੈਜੂਏਸ਼ਨ 'ਤੇ ਵੀ ਜ਼ਰਾ ਚਾਨਣਾ ਪਾ ਦਿਓ। ਪਤਾ ਲੱਗਾ ਸੀ ਕਿ ਤੁਹਾਡੇ ਐੱਮ. ਏ. ਵਿੱਚ ਚੰਗੇ ਨੰਬਰ ਸਨ।''

''ਇਹ ਵੀ ਸੁਣ ਲੈ। ਪੋਸਟ ਗ੍ਰੈਜੂਏਸ਼ਨ ਸਮੇਂ ਵੀ ਤਕਰੀਬਨ ਉਹੀ ਕੁਝ ਹੋਇਆ ਜੋ ਬੀ. ਏ. ਸਮੇਂ ਹੋਇਆ ਸੀ। ਜਿਹੜੀ ਯੂਨੀਵਰਸਿਟੀ ਵਿੱਚ ਮੈਂ ਦਾਖਲਾ ਲਿਆ ਉਹ ਸ਼ੁਰੂ ਹੀ 1972 ਵਿੱਚ ਹੋਈ ਸੀ। ਪਹਿਲੇ ਦੋ ਸਾਲਾਂ ਵਿੱਚ ਐੱਮ. ਏ. ਅੰਗਰੇਜ਼ੀ ਦੇ ਵਿਦਿਆਰਥੀਆਂ ਦੀ ਗਿਣਤੀ ਹੀ ਬੜੀ ਘੱਟ ਸੀ। ਪਿੰਡਾਂ ਵਿੱਚ ਤਾਂ ਅੰਗਰੇਜ਼ੀ ਬੱਚਿਆਂ ਦੇ ਸਿਰ ਤੋਂ ਦੀ ਲੰਘ ਜਾਂਦੀ ਸੀ। ਆਪਣੇ ਪਿੰਡ ਵਾਲੇ ਪਿਸ਼ੌਰਾ, ਗੇਲਾ, ਘੁੱਗਾ, ਟੀਟਾ ਤੇ ਕਾਵਾਂ ਦੀ ਛੋਟੋ ਸਭ ਤੇਤੀ ਤੇਤੀ ਨੰਬਰ ਲੈ ਕੇ ਮਸਾਂ ਦਸਵੀਂ ਵਿੱਚੋਂ ਪਾਸ ਹੋਏ ਸਨ। ਐੱਮ. ਏ. ਦੇ ਪਹਿਲੇ ਸਾਲ ਯੂਨੀਵਰਸਿਟੀ ਵਿੱਚ ਐੱਮ. ਏ. ਅੰਗਰੇਜ਼ੀ ਦੇ ਸਾਰੇ 50 ਵਿਦਿਆਰਥੀ ਸਨ। ਦੂਜੇ ਸਾਲ ਇਹ ਹੋਰ ਘੱਟ ਗਏ ਸਨ।

ਪੇਂਡੂ ਇਲਾਕਿਆਂ ਵਿੱਚੋਂ ਤਾਂ ਕੋਈ ਅੰਗਰੇਜ਼ੀ ਦੀ ਐੱਮ. ਏ. ਕਰਦਾ ਹੀ ਨਹੀਂ ਸੀ। ਹਾਂ, ਚੰਡੀਗੜ੍ਹ ਵਿੱਚ ਵਿਦਿਆਰਥੀਆਂ ਦੀ ਗਿਣਤੀ ਚੋਖੀ ਸੀ। ਕਵਿਤਾ ਤੇ ਨਾਵਲ ਦੇ ਪਰਚਿਆਂ ਵਿੱਚ ਮੈਂ ਫਸਟ ਡਵੀਜ਼ਨ ਲੈ ਗਿਆ ਸਾਂ। ਦੁੱਖ ਇਹ ਹੈ ਕਿ ਯੂਨੀਵਰਸਿਟੀ ਨੇ ਕਨਵੋਕੇਸ਼ਨ 1975 ਵਿੱਚ ਸ਼ੁਰੂ ਕੀਤੀ। ਪਹਿਲੇ ਦੋ ਸਾਲ ਪ੍ਰਮਾਣ ਪੱਤਰ ਵੈਸੇ ਹੀ ਬੁਲਾ ਕੇ ਦੇ ਦਿੱਤੇ ਸਨ। ਆਜ਼ਾਦੀ ਤੋਂ ਬਾਅਦ ਬਹੁਤ ਸਾਲ ਭਾਰਤ ਬੜਾ ਗ਼ਰੀਬ ਰਿਹਾ। ਵਿੱਦਿਆ ਦੀ ਖ਼ੁਸ਼ਹਾਲੀ ਹੌਲੀ-ਹੌਲੀ ਸ਼ੁਰੂ ਹੋਈ। ਮੈਂ ਆਪਣੀ ਗ੍ਰੈਜੂਏਸ਼ਨ ਸਮੇਂ ਵੀ ਤੇ ਪੋਸਟ ਗ੍ਰੈਜੂਏਸ਼ਨ ਸਮੇਂ ਵੀ ਰਸਮੀ ਤੌਰ 'ਤੇ ਅਣਗੌਲਿਆ ਵਿਦਿਆਰਥੀ ਹੀ ਰਿਹਾ। ਮੈਂ ਸਮਝਦਾ ਹਾਂ ਕਿ ਅਸੀਂ ਫਿਰ ਵੀ ਸੌ ਗੁਣਾ ਚੰਗੇ ਹਾਂ। ਬਹੁਤੀ ਪ੍ਰਤਿਭਾ ਅਨਪੜ੍ਹ ਰਹਿਣ ਕਰਕੇ ਆਪਣੇ ਜੌਹਰ ਦਿਖਾ ਹੀ ਨਹੀਂ ਸਕੀ। ਉਨ੍ਹਾਂ ਨੂੰ ਕਿਸੇ ਨੇ ਸਕੂਲ ਭੇਜਿਆ ਹੀ ਨਹੀਂ। ਉਹ ਅਣਗੌਲੇ ਹੀ ਇਸ ਦੁਨੀਆ ਤੋਂ ਕੂਚ ਕਰ ਗਏ।''

''ਸੁਮਿਤ, ਤੂੰ ਅਮੀਰ ਘਰ 'ਚ ਪੈਦਾ ਹੋਇਆ। ਵੱਡੇ ਸ਼ਹਿਰ ਵਿੱਚ ਪਲਿਆ ਤੇ ਪੜ੍ਹਿਆ। ਮੋਟਰ ਸਾਈਕਲ 'ਤੇ ਸਕੂਲ ਕਾਲਜ ਜਾਂਦਾ ਰਿਹਾ। ਸਾਡੇ ਕੋਲ ਤਾਂ ਸਾਈਕਲ ਵੀ ਨਹੀਂ ਸੀ ਹੁੰਦਾ। ਪੇਂਡੂ ਪੰਜਾਬ ਦੀਆਂ ਸੜਕਾਂ ਟੁੱਟੀਆਂ ਹੁੰਦੀਆਂ ਸਨ। ਉਨ੍ਹਾਂ 'ਤੇ ਗਾਰਾ ਤੇ ਚਿੱਕੜ ਹੁੰਦੇ ਸਨ। ਖੱਡੇ ਹੁੰਦੇ ਸਨ। ਮੈਨੂੰ ਖ਼ੁਸ਼ੀ ਹੈ ਕਿ ਤੂੰ ਇਨਾਮ ਜਿੱਤੇ ਹਨ, ਪਰ ਤੈਨੂੰ ਆਪਣੇ ਤੋਂ ਪਹਿਲੀ ਪੀੜ੍ਹੀ ਦੇ ਬੰਦਿਆਂ ਦਾ ਗ਼ਲਤ ਮੁਲਾਂਕਣ ਨਹੀਂ ਕਰਨਾ ਚਾਹੀਦਾ। ਤੈਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਤੇਰਾ ਕਰੀਅਰ ਬਣਨ ਵਿੱਚ ਤੇਰੇ ਮਾਪਿਆਂ ਦਾ ਯੋਗਦਾਨ ਵੀ ਚੋਖਾ ਹੈ। ਕਿਸ਼ਤੀ ਜਦੋਂ ਕਨਿਾਰੇ ਆ ਲੱਗਦੀ ਹੈ ਤਾਂ ਮੱਖੀ ਕਹਿੰਦੀ ਏ, ਅਸੀਂ ਬੇੜੀ ਚੰਗੀ ਚਲਾਈ ਸੀ।

ਪਾਪੂਲਰ ਦਾ ਬੂਟਾ ਜਿੰਨਾ ਮਰਜ਼ੀ ਤੇਜ਼ ਵਧੇ, ਪਰ ਉਹ ਆਸਮਾਨ ਨੂੰ ਕਦੇ ਵੀ ਛੂਹ ਨਹੀਂ ਸਕਦਾ। ਤੇਰੇ ਦਾਦੇ ਦਾ ਦੇਸ਼ ਦੀ ਵੰਡ ਸਮੇਂ ਸਭ ਕੁਝ ਲੁੱਟ ਪੁੱਟ ਗਿਆ ਸੀ। ਉਹ ਨੰਗ ਹੋ ਕੇ ਬਾਰ 'ਚੋਂ ਆਇਆ ਸੀ। ਉਸ ਦੇ ਜੀਵਨ ਦੀ ਕਲਪਨਾ ਕਰ। ਉਹਨੇ ਮੈਨੂੰ ਐੱਮ. ਏ. ਕਰਵਾਈ। ਅਸੀਂ ਤੈਨੂੰ ਮੌਕਾ ਦਿੱਤਾ। ਉਹ ਵੀ ਇੱਕ ਮਹਾਂਨਗਰ ਵਿੱਚ। ਜੀਵਨ ਚੱਲਦਾ ਰਹਿੰਦਾ ਏ।''

''ਤੁਸੀਂ ਠੀਕ ਫਰਮਾਇਆ, ਡੈਡੀ ਜੀ। ਤੁਹਾਡੇ ਭਾਸ਼ਣ ਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ। ਤੁਸੀਂ ਸੱਚ-ਮੁੱਚ ਮਹਾਨ ਹੋ। ਤੁਸੀਂ ਸਹੂਲਤਾਂ ਤੋਂ ਬਗੈਰ ਵੀ ਟੀਸੀ 'ਤੇ ਪਹੁੰਚੇ। ਜੋ ਕੁਝ ਅਸੀਂ ਅੰਤਾਂ ਦੀਆਂ ਸਹੂਲਤਾਂ ਪ੍ਰਾਪਤ ਕਰਕੇ ਪਾਇਆ ਓਹੀ ਕੁਝ ਤੁਸੀਂ ਸਹੂਲਤਾਂ ਤੋਂ ਬਗੈਰ ਪ੍ਰਾਪਤ ਕਰਕੇ ਦਿਖਾਇਆ ਸੀ। ਤੁਸੀਂ ਸੱਚਮੁੱਚ ਹੀ ਇੱਕ ਸੂਰਜ ਵਾਂਗ ਹੋ। ਅਸੀਂ ਫੋਕੇ ਬੱਦਲ ਬਣ ਬਣ ਕੇ ਤੁਹਾਡੀ ਚਮਕ 'ਤੇ ਐਵੇਂ ਪਰਦਾ ਪਾਈ ਜਾ ਰਹੇ ਹਾਂ। ਹਾਲਾਤ ਦਾ ਸ਼ਿਕਾਰ ਹੋਣਾ ਅਣਗੌਲਿਆ ਹੋਣਾ ਨਹੀਂ ਮੰਨਿਆ ਜਾਂਦਾ। ਤੁਹਾਡੇ ਪ੍ਰਮਾਣ ਪੱਤਰ ਤੁਹਾਡੀ ਸਰਵ-ਉੱਚਤਮ ਪ੍ਰਤਿਭਾ ਦੀ ਮੂੰਹ ਬੋਲਦੀ ਤਸਵੀਰ ਹਨ। ਮੈਂ ਤੁਹਾਡੀ ਪ੍ਰਤਿਭਾ ਅਤੇ ਪ੍ਰਾਪਤੀ ਅੱਗੇ ਸਿਰ ਝੁਕਾਉਂਦਾ ਹਾਂ, ਡੈਡ।'' ਫਿਰ ਦੋਵੇਂ ਪਿਓ ਤੇ ਪੁੱਤਰ ਸ਼ਾਂਤ ਚਿੱਤ ਹੋ ਗਏ।

# ਸੰਭਾਲੀਏ ਪੰਜਾਬ ਦੀ ਜਵਾਨੀ, ਵਿਦੇਸ਼ ਨੂੰ ਉਡਾਰੀਆਂ ਮਾਰਨ ਲਈ ਕਾਹਲੇ ਨੇ ਪੰਜਾਬ ਦੇ ਨੌਜਵਾਨ

**–ਦਮਨਜੀਤ ਕੌਰ। ਮੋਬਾਈਲ : 99150–65993**



ਕੈਨੇਡਾ ਸਿਰਫ਼ ਇਕ ਦੇਸ਼ ਨਾ ਹੋ ਕੇ ਸਾਡੇ ਪੰਜਾਬੀਆਂ ਦੀ ਕਮਜ਼ੋਰੀ ਵੀ ਹੈ। ਅੱਜ ਪੰਜਾਬ ’ਚ ਜੇ ਤੁਸੀਂ 10 ਲੋਕਾਂ ਨੂੰ ਪੁੱਛੋ ਕਿ ਉਹ ਕੈਨੇਡਾ ਜਾਣ ਦੇ ਚਾਹਵਾਨ ਹਨ ਤਾਂ 9 ਲੋਕਾਂ ਦਾ ਜਵਾਬ ਹਾਂ ’ਚ ਹੋਵੇਗਾ। ਬੱਚੇ ਤਾਂ ਬਾਰ੍ਹਵੀਂ ਪਾਸ ਕਰਨ ਤੋਂ ਬਾਅਦ ਹੀ ਕੈਨੇਡਾ ਜਾਣ ਬਾਰੇ ਸੋਚਦੇ ਹਨ ਜਦਕਿ ਉਨ੍ਹਾਂ ਦੇ ਮਾਪੇ ਪਹਿਲਾਂ ਹੀ ਮਨ ਬਣਾ ਲੈਂਦੇ ਹਨ ਕਿ ਹੁਣ ਇਸ ਨੂੰ ਆਈਲੈਟਸ ਕਰਵਾ ਕੇ ਵਿਦੇਸ਼ ਭੇਜ ਦਿੱਤਾ ਜਾਵੇ। ਵਿਦੇਸ਼ ਜਾਣ ਦਾ ਸਭ ਤੋਂ ਵੱਡਾ ਕਾਰਨ ਇਹੀ ਹੈ ਕਿ ਪੰਜਾਬ ਵਿਚ ਰੁਜ਼ਗਾਰ ਦੇ ਮੌਕੇ ਘੱਟ ਹਨ। ਇਸ ਤੋਂ ਇਲਾਵਾ ਵਧੀਆ ਲਾਈਫਸਟਾਈਲ ਲਈ ਲੋਕ ਵਿਦੇਸ਼ ਵੱਲ ਰੁਖ਼ ਕਰਦੇ ਹਨ। ਬਹੁਤੇ ਲੋਕ ਤਾਂ ਆਪਣੇ ਬੱਚਿਆਂ ਨੂੰ ਵੇਖਾ–ਵੇਖੀ ਹੀ ਬਾਹਰ ਭੇਜ ਦਿੰਦੇ ਹਨ। ਬਾਰ੍ਹਵੀਂ ਤੋਂ ਬਾਅਦ ਬੱਚੇ ਇੰਨੇ ਸਿਆਣੇ ਨਹੀਂ ਹੁੰਦੇ ਕਿ ਉਨ੍ਹਾਂ ਨੂੰ ਆਈਲੈਟਸ ਕਰਵਾ ਕੇ ਬਾਹਰਲੇ ਮੁਲਕਾਂ ਵਿਚ ਭੇਜ ਦਿੱਤਾ ਜਾਵੇ। ਜਿਸ ਸੂਬੇ ’ਚ ਮਾਂ–ਪਿਓ ਗੁਆਂਢੀਆਂ ਘਰ ਵੀ ਆਪਣੇ ਬੱਚੇ ਸੋਚ–ਸਮਝ ਕੇ ਭੇਜਦੇ ਹਨ, ਉਹੀ ਸੂਬੇ ਦੇ ਮਾਂ–ਪਿਓ ਅੱਜ ਸਿਰਫ਼ ਚਕਾਚੌਂਧ ਕਾਰਨ ਹੀ ਆਪਣੇ ਬੱਚਿਆਂ ਨੂੰ ਝੱਟ ਦੇਣੀ ਵਿਦੇਸ਼ ਭੇਜਣ ਦੀਆਂ ਕੋਸ਼ਿਸ਼ਾਂ ’ਚ ਲੱਗ ਜਾਂਦੇ ਹਨ। ਪੰਜਾਬ ’ਚ ਵੱਡੇ–ਵੱਡੇ ਆਈਲੈਟਸ ਸੈਂਟਰ ਖੁੰਬਾਂ ਵਾਂਗ ਖੁੱਲ੍ਹ ਗਏ ਹਨ ਅਤੇ ਰੋਜ਼ ਪਤਾ ਨਹੀਂ ਕਿੰਨੇ ਹੀ ਨੌਜਵਾਨ ਉਨ੍ਹਾਂ ’ਚ ਦਾਖ਼ਲਾ ਲੈਂਦੇ ਹਨ। ਕੀ ਕੁਝ ਸਮੇਂ ਤੋਂ ਕਿਸੇ ਨੇ ਇਸ ਗੱਲ ’ਤੇ ਗ਼ੌਰ ਕੀਤਾ ਹੈ ਕਿ ਵਿਦੇਸ਼ ’ਚ ਸਾਡੇ ਕਿੰਨੇ ਹੀ ਨੌਜਵਾਨ ਰੋਜ਼ ਕਿਸੇ ਨਾ ਕਿਸੇ ਹਾਦਸੇ ਦਾ ਸ਼ਿਕਾਰ ਹੋ ਕੇ ਉਨ੍ਹਾਂ ਜਹਾਜ਼ਾਂ ਵਿਚ ਹੀ ਲਾਸ਼ਾਂ ਬਣ ਕੇ ਪਰਤ ਰਹੇ ਹਨ ਜਿਨ੍ਹਾਂ ’ਚ ਉਹ ਚਾਈਂ–ਚਾਈਂ ਗਏ ਸਨ। ਕਿੰਨੀਆਂ ਹੀ ਖ਼ਬਰਾਂ ਆਈਆਂ ਕਿ ਕੈਨੇਡਾ ਵਿਚ ਫਲਾਣੀ ਜਗ੍ਹਾ ਪੰਜਾਬੀ ਨੌਜਵਾਨ ਦਾ ਕਤਲ ਹੋ ਗਿਆ ਜਾਂ ਉਹ ਕਿਸੇ ਲੜਾਈ ਵਿਚ ਮਾਰਿਆ ਗਿਆ। ਕੁਝ ਸਮਾਂ ਪਹਿਲਾਂ ਕੈਨੇਡਾ ਦੇ ਐਡਮਿੰਟਨ ਵਿਚ 16 ਸਾਲਾਂ ਦੇ ਪੰਜਾਬ ਤੋਂ ਗਏ ਨੌਜਵਾਨ ਕਰਨਵੀਰ ਸਿੰਘ ਸਹੋਤਾ ਨੂੰ ਇਕ ਗਰੁੱਪ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਪੰਜਾਬ ਦੇ ਮੋਗਾ ਤੋਂ ਗਏ 23 ਸਾਲਾ ਪ੍ਰਭਜੋਤ ਸਿੰਘ ਦਾ ਵੀ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ। ਕਪੂਰਥਲਾ ਦੀ ਰਹਿਣ ਵਾਲੀ 24 ਸਾਲਾ ਹਰਮਨਦੀਪ ਕੌਰ ਸਕਿਉਰਿਟੀ ਗਾਰਡ ਵਜੋਂ ਕੰਮ ਕਰਦੀ ਮੁਟਿਆਰ ਦਾ ਵੀ ਗੋਰੇ ਵੱਲੋਂ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ। ਹੋਰ ਪਤਾ ਨਹੀਂ ਕਿੰਨੀਆਂ ਹੀ ਅਣਗਿਣਤ ਖ਼ਬਰਾਂ ਹਨ ਜੋ ਇਹ ਦੱਸਦੀਆਂ ਹਨ ਕਿ ਵਿਦੇਸ਼ਾਂ ’ਚ ਸਾਡੇ ਬੱਚੇ ਨਫ਼ਰਤ ਦਾ ਸ਼ਿਕਾਰ ਹੋ ਕੇ ਜਾਨਾਂ ਗੁਆ ਰਹੇ ਹਨ। ਅੱਜ ਇਕ ਪੀਐੱਚਡੀ ਵਿਦਿਆਰਥੀ ਦੀ ਵੁੱਕਤ ਇਕ ਆਈਲੈਟਸ ਕਰਨ ਵਾਲੇ ਨੌਜਵਾਨ ਨਾਲੋਂ ਘੱਟ ਹੈ, ਜੋ ਵੱਡੀ ਤ੍ਰਾਸਦੀ ਹੈ। ਇਹ ਚਿੰਤਾ ਵਾਲੀ ਗੱਲ ਹੈ ਕਿ ਸਾਡੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਸੁਰੱਖਿਅਤ ਮਾਹੌਲ ਨਹੀਂ ਮਿਲ ਰਿਹਾ। ਹੁਣ ਕਈ ਕਹਿਣਗੇ ਕਿ ਮਾਹੌਲ ਤਾਂ ਇੱਥੇ ਵੀ ਸੁਰੱਖਿਅਤ ਨਹੀਂ ਪਰ ਇੱਥੇ ਤੁਸੀਂ ਆਪਣੇ ਮਾਪਿਆਂ ਕੋਲ ਤਾਂ ਹੈਗੇ ਹੋ ਨਾ। ਵਿਦੇਸ਼ਾਂ ਵਿਚ ਜਦੋਂ ਤੁਹਾਡਾ ਕੋਈ ਆਪਣਾ ਇਸ ਤਰ੍ਹਾਂ ਦੀ ਘਟਨਾ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉੱਥੇ ਤੁਹਾਡਾ ਕੋਈ ਆਪਣਾ ਨਹੀਂ ਹੁੰਦਾ... ਕਿੰਨੇ–ਕਿੰਨੇ ਦਿਨ ਘਰਦਿਆਂ ਨੂੰ ਆਪਣੇ ਬੱਚਿਆਂ ਦੀਆਂ ਲਾਸ਼ਾਂ ਨੂੰ ਉਡੀਕਣਾ ਪੈਂਦਾ ਹੈ। ਜੇ ਅਸੀਂ ਘੱਟ ਵਿਚ ਗੁਜ਼ਾਰਾ ਕਰਨਾ ਸਿੱਖ ਜਾਈਏ ਤਾਂ ਬਹੁਤ ਸਾਰੀਆਂ ਮੰਦਭਾਗੀਆਂ ਘਟਨਾਵਾਂ ਤੋਂ ਬਚਿਆ ਜਾ ਸਕਦਾ ਹੈ। ਕੈਨੇਡਾ ਸਰਕਾਰ ਨੂੰ ਕਾਨੂੰਨਾਂ ਨੂੰ ਹੋਰ ਸਖ਼ਤ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਪੰਜਾਬੀ ਨੌਜਵਾਨ ਨਸਲਵਾਦ ਦਾ ਸ਼ਿਕਾਰ ਨਾ ਹੋ ਸਕਣ। ਇਕ ਵਜ੍ਹਾ ਹੋਰ ਇਹ ਵੀ ਹੈ ਕਿ ਸਾਡੇ ਨੌਜਵਾਨ ਇੱਥੋਂ ਜਾ ਕੇ ਬਾਹਰ ਖੁੱਲ੍ਹੇ ਮਾਹੌਲ ਵਿਚ ਖੁੱਲ੍ਹ ਜਾਂਦੇ ਹਨ ਅਤੇ ਗ਼ਲਤ ਕੰਮਾਂ ਵਿਚ ਪੈ ਕੇ ਗ਼ਲਤ ਮਾਹੌਲ ਸਿਰਜਦੇ ਹਨ। ਉਹ ਗੈਂਗਵਾਰ ਦਾ ਹਿੱਸਾ ਬਣ ਜਾਂਦੇ ਹਨ ਤੇ ਆਪਣੇ ਹੀ ਪੰਜਾਬੀ ਨੌਜਵਾਨਾਂ ’ਤੇ ਵਾਰ ਕਰਦੇ ਹਨ। ਮਾਪੇ ਆਪਣੀ ਸਾਰੀ ਉਮਰ ਦੀ ਕਮਾਈ ਆਪਣੇ ਬੱਚਿਆਂ ’ਤੇ ਲਾ ਕੇ ਉਨ੍ਹਾਂ ਨੂੰ ਵਿਦੇਸ਼ਾਂ ਵਿਚ ਭੇਜਦੇ ਹਨ ਅਤੇ ਜਦੋਂ ਇਹੀ ਬੱਚੇ ਬਾਹਰ ਜਾ ਕੇ ਆਪਣੀ ਆਜ਼ਾਦੀ ਦਾ ਗ਼ਲਤ ਫ਼ਾਇਦਾ ਚੁੱਕਦੇ ਹਨ ਤੇ ਗ਼ਲਤ ਕੰਮਾਂ ਵਿਚ ਪੈ ਕੇ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ ਤਾਂ ਇਸ ਦਾ ਖ਼ਮਿਆਜ਼ਾ ਪੰਜਾਬ ਬੈਠੇ ਉਨ੍ਹਾਂ ਦੇ ਮਾਪਿਆਂ ਨੂੰ ਭੁਗਤਣਾ ਪੈਂਦਾ ਹੈ। ਜੇਕਰ ਅਸੀਂ ਇੱਥੇ ਰਹਾਂਗੇ ਤਾਂ ਹੀ ਆਪਣੇ ਪੰਜਾਬ ਨੂੰ ਬਦਲ ਸਕਾਂਗੇ। ਮੈਨੂੰ ਲੱਗਦਾ ਹੈ ਕਿ ਦੁਨੀਆ ਦੀ ਹਰ ਸ਼ੈਅ ਨਾਲੋਂ ਸਭ ਤੋਂ ਜ਼ਿਆਦਾ ਮਾਅਨੇ ਇਹ ਰੱਖਦਾ ਹੈ ਕਿ ਤੁਸੀਂ ਆਪਣੇ ਘਰ ਹੋਵੋ ਤੇ ਆਪਣੇ ਮਾਪਿਆਂ ਦੇ ਕੋਲ ਹੋਵੋ ਪਰ ਅੱਜ ਦੇ ਦੌਰ ਵਿਚ ਅਸੀਂ ਇਨ੍ਹਾਂ ਗੱਲਾਂ ਨੂੰ ਤਵੱਜੋ ਨਾ ਦੇ ਕੇ ਆਪਣੇ ਬੱਚਿਆਂ ਨੂੰ ਆਪਣਿਆਂ ਤੋਂ ਦੂਰ ਕਰ ਰਹੇ ਹਾਂ ਅਤੇ ਕਈ ਵਾਰ ਉਹ ਇੰਨਾ ਦੂਰ ਹੋ ਜਾਂਦੇ ਹਨ ਕਿ ਫਿਰ ਅਸੀਂ ਉਨ੍ਹਾਂ ਦਾ ਦੁਬਾਰਾ ਚਿਹਰਾ ਵੀ ਨਹੀਂ ਦੇਖ ਪਾਉਂਦੇ। ਸੋ, ਇੱਥੇ ਸਾਨੂੰ ਸਾਰਿਆਂ ਨੂੰ ਖ਼ੁਦ ਸੋਚਣ, ਸਮਝਣ ਤੇ ਸੰਭਲਣ ਦੀ ਲੋੜ ਹੈ।

# ਸੇਵਾ ਦਾ ਮੁੱਲ

**ਹਰਜੀਤ ਸਿੰਘ, ਸੰਪਰਕ: 92177–01415**

‘‘ਤੁਸੀਂ ਕਦੋਂ ਆ ਰਹੇ ਹੋ, ਭਾ’ਜੀ ?’’ ਭਾਰਤ ਵਿੱਚ ਰਹਿ ਰਹੇ ਵੱਡੇ ਭਰਾ ਨੇ ਅਮਰੀਕਾ ਵਿੱਚ ਰਹਿ ਰਹੇ ਛੋਟੇ ਭਰਾ ਨੂੰ ਪੁੱਛਿਆ। ਭਾਵੇਂ ਉਹ ਵੱਡਾ ਸੀ, ਪਰ ਛੋਟੇ ਭਰਾ ਨੂੰ ਭਾ’ਜੀ ਕਹਿੰਦਾ ਸੀ ਕਿਉਂਕਿ ਉਸ ਕੋਲ ਦੌਲਤ ਬਹੁਤ ਸੀ।

‘‘ਕਿਉਂ ਕੀ ਹੋਇਆ?’’ ਛੋਟੇ ਨੇ ਪੁੱਛਿਆ। ‘‘ਮਾਤਾ ਨੇ ਕਈ ਦਿਨਾਂ ਤੋਂ ਕੁਝ ਨਹੀਂ ਖਾਧਾ। ਬਸ ਪਾਣੀ ਹੀ ਪੀਂਦੀ ਹੈ, ਬਿਨਾਂ ਖਾਧਿਆਂ ਕਿੰਨੇ ਕੁ ਦਿਨ ਕੱਢੇਗੀ। ਇਸ ਲਈ ਪੁੱਛਿਆ।’’ ‘‘ਇਹ ਅਮਰੀਕਾ ਹੈ, ਇੰਡੀਆ ਨਹੀਂ। ਮੈਨੂੰ ਬਹੁਤ ਕੰਮ ਹਨ, ਮੈਂ ਨਹੀਂ ਆ ਸਕਦਾ।’’ ਇਹ ਆਖ ਕੇ ਉਸ ਨੇ ਫੋਨ ਬੰਦ ਕਰ ਦਿੱਤਾ। ‘‘ਤੁਸੀਂ ਫੋਨ ਕਿਉਂ ਕੀਤਾ, ਜਦੋਂ ਪਤਾ ਹੈ ਕਿ ਉਸ ਨੇ ਨਹੀਂ ਆਉਣਾ ਅਤੇ ਨਾ ਹੀ ਸਾਡੀ ਕੋਈ ਮਦਦ ਕਰਨੀ ਹੈ। ਫਿਰ ਕਿਉਂ ਜ਼ਲੀਲ ਹੁੰਦੇ ਹੋ?’’ ਪਤਨੀ ਨੇ ਪਤੀ ਨੂੰ ਆਖਿਆ।

ਮਾਂ ਛੇ ਸਾਲ ਤੋਂ ਬਿਮਾਰ ਸੀ। ਸੱਜਾ ਪਾਸਾ ਬਿਲਕੁਲ ਸੁੰਨ ਸੀ। ਮੂੰਹ ਵਿੱਚ ਜ਼ੁਬਾਨ ਹੁੰਦਿਆਂ ਵੀ ਬੋਲ ਮੁੱਕ ਗਏ ਸਨ। ਸਾਰੀ ਦਿਹਾੜੀ ਅੱਥਰੂਆਂ ਨਾਲ ਭਰੀਆਂ ਅੱਖਾਂ, ਛੱਤ ਵੱਲ ਵੇਖਦੀਆਂ ਰਹਿੰਦੀਆਂ। ਟੱਟੀ–ਪਿਸ਼ਾਬ ਵੀ ਉੱਪਰ ਕਰ ਦਿੰਦੀ। ਉਸ ਨੂੰ ਪਤਾ ਹੀ ਨਾ ਲੱਗਦਾ। ਉਹ ਬੇਚਾਨ ਹੋ ਜਾਂਦੀ। ਗੰਦਗੀ ਨਾਲ ਹੱਥ ਲਿਬੇੜ ਲੈਂਦੀ ਅਤੇ ਲਿਬੜੇ ਹੱਥ ਆਪਣੇ ਕੱਪੜਿਆਂ ਅਤੇ ਮੰਜੇ ਦੀ ਚਾਦਰ ਨਾਲ ਸਾਫ਼ ਕਰ ਲੈਂਦੀ। ਧੰਨ ਸੀ ਉਸ ਦੀ ਵੱਡੀ ਨੂੰਹ। ਉਸ ਨੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਉਹ ਤੁਰੰਤ ਉਸ ਦੇ ਕੱਪੜੇ ਬਦਲਦੀ। ਚਾਦਰ ਬਦਲਦੀ। ਉਸ ਦੇ ਸਰੀਰ ’ਤੇ ਪਾਊਡਰ ਪਾਉਂਦੀ। ਉਸ ਦੀ ਮਿਹਨਤ ਕਾਰਨ ਹੀ ਲੰਬੇ ਸਮੇਂ ਮੰਜੇ ’ਤੇ ਪਏ ਰਹਿਣ ਦੇ ਬਾਵਜੂਦ ਉਸ ਦੇ ਬੈਡ ਸੋਰ ਨਹੀਂ ਬਣੇ ਸਨ ਤੇ ਨਾ ਹੀ ਕਦੀ ਉਸ ਦੇ ਕੱਪੜਿਆਂ ਜਾਂ ਬਿਸਤਰੇ ਵਿੱਚੋਂ ਬੋ ਆਈ ਸੀ।

ਜੇਕਰ ਕੋਈ ਪੁੱਛਦਾ ਕਿ ਤੈਨੂੰ ਆਪਣੀ ਸੱਸ ਦੀ ਗੰਦਗੀ ਆਪਣੇ ਹੱਥਾਂ ਨਾਲ ਸਾਫ਼ ਕਰਦੀ ਨੂੰ ਕਚਿਆੜ ਨਹੀਂ ਆਉਂਦੀ। ਦਸਤਾਨੇ ਹੀ ਪਾ ਲਿਆ ਕਰ ਤਾਂ ਉਹ ਅੱਗੋਂ ਕਹਿੰਦੀ, ‘‘ਕੀ, ਇੱਕ ਮਾਂ ਨੂੰ ਆਪਣੇ ਬੱਚਿਆਂ ਦੀ ਟੱਟੀ ਹੱਥ ਨਾਲ ਸਾਫ਼ ਕਰਦਿਆਂ, ਕਚਿਆਣ ਆਉਂਦੀ ਹੈ? ਕੀ ਉਹ ਦਸਤਾਨੇ ਪਾਉਂਦੀ ਹੈ? ਮੇਰੀ ਸੱਸ ਹੁਣ ਮੇਰੀ ਬੱਚੀ ਹੈ। ਮੈਨੂੰ ਕੋਈ ਫ਼ਰਕ ਨਹੀਂ ਪੈਂਦਾ। ਵੈਸੇ ਸਾਡੇ ਕੋਲ ਦਸਤਾਨੇ ਲਿਆਉਣ ਵਾਸਤੇ ਪੈਸੇ ਹੀ ਨਹੀਂ ਹੁੰਦੇ।’’ ਸਵਾਲ ਕਰਨ ਵਾਲਾ ਸ਼ਰਮਿੰਦਾ ਜਿਹਾ ਹੋ ਕੇ ਤੁਰ ਗਿਆ।

ਉਸ ਦਾ ਵੱਡਾ ਪੁੱਤਰ ਇੱਕ ਪ੍ਰਾਈਵੇਟ ਸਕੂਲ ਵਿੱਚ ਕੰਮ ਕਰਦਾ ਸੀ। ਕਰੋਨਾ ਦੀ ਦਹਿਸ਼ਤ ਕਾਰਨ ਜਦੋਂ ਲੌਕਡਾਊਨ ਲੱਗ ਗਿਆ ਤਾਂ ਸਕੂਲ ਮੈਨੇਜਮੈਂਟ ਨੇ ਉਸ ਦੀ ਛੁੱਟੀ ਕਰ ਦਿੱਤੀ। ਮਾਂ ਵਾਸਤੇ ਦਵਾਈਆਂ ਤਾਂ ਦੂਰ ਦੀ ਗੱਲ ਉਸ ਲਈ ਰੋਟੀ ਦਾ ਜੁਗਾੜ ਵੀ ਔਖਾ ਹੋ ਗਿਆ। ਉਸ ਦੀ ਘਰ ਵਾਲੀ ਜੋ ਲੋਕਾਂ ਦੇ ਘਰਾਂ ਵਿੱਚ ਕੰਮ ਕਰਦੀ ਸੀ, ਦਾ ਕੰਮ ਵੀ ਲੌਕਡਾਊਨ ਕਾਰਨ ਬੰਦ ਹੋ ਗਿਆ। ਉਸ ਦੇ ਦੋਵਾਂ ਬੇਟਿਆਂ ਦੀ ਪੜ੍ਹਾਈ ਖਤਰੇ ਵਿੱਚ ਸੀ। ਪਹਿਲਾਂ ਪਹਿਲ ਤਾਂ ਅਮਰੀਕਾ ਵਿੱਚ ਰਹਿਣ ਵਾਲੇ ਪੁੱਤਰ ਨੇ ਇੱਕ ਦਵਾਈਆਂ ਦੀ ਦੁਕਾਨ ’ਤੇ ਮਾਂ ਲਈ ਦਵਾਈਆਂ ਆਦਿ ਦਾ ਪ੍ਰਬੰਧ ਕਰ ਦਿੱਤਾ, ਪਰ ਦੋ ਤਿੰਨ ਮਹੀਨਿਆਂ ਬਾਅਦ ਉਸ ਨੇ ਦਵਾਈਆਂ ਆਦਿ ਦੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ।

‘‘ਦਵਾਈਆਂ ਲੈ ਕੇ ਨਹੀਂ ਆਏ?’’ ਪਤਨੀ ਨੇ ਖਾਲੀ ਹੱਥ ਆਉਂਦੇ ਪਤੀ ਨੂੰ ਵੇਖ ਕੇ ਆਖਿਆ। ‘‘ਛੋਟੇ ਵੀਰ ਨੇ ਮਾਂ ਲਈ ਦਵਾਈਆਂ ਦੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ ਹੈ।’’ ਮਾਂ ਭਾਵੇ ਬੋਲ ਨਹੀਂ ਸੀ ਸਕਦੀ, ਹਿਲ ਜੁਲ ਨਹੀਂ ਸੀ ਸਕਦੀ, ਪਰ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਕੁਝ ਸਮਝਦੀ ਸੀ। ਪੁੱਤਰ ਦੀ ਇਹ ਗੱਲ ਸੁਣ ਕੇ ਉਹ ਰੋ ਰੋ ਕੇ ਬੇਹਾਲ ਹੋ ਗਈ। ਉਸ ਦਿਨ ਤੋਂ ਬਾਅਦ ਜਦੋਂ ਵੀ ਕੋਈ ਉਸ ਦੀ ਖ਼ਬਰ ਲੈਣ ਆਉਂਦਾ, ਉਹ ਬੇਚੈਨ ਹੋ ਜਾਂਦੀ, ਉੱਚੀ ਉੱਚੀ ਰੋਂਦੀ ਅਤੇ ਓਨਾ ਚਿਰ ਚੁੱਪ ਨਾ ਕਰਦੀ ਜਦੋਂ ਤੱਕ ਉਹ ਉਸ ਦੇ ਕਮਰੇ ਤੋਂ ਬਾਹਰ ਨਾ ਚਲਾ ਜਾਂਦਾ। ‘‘ਮਾਂ ਰਾਤ ਦੋ ਕੁ ਵਜੇ ਪੂਰੀ ਹੋ ਗਈ ਸੀ, ਭਾ’ਜੀ, ਤੁਹਾਨੂੰ ਉਡੀਕੀਏ, ਕਿ ਸਸਕਾਰ ਕਰ ਦਈਏ? ਮੇਰੇ ਕੋਲ ਕੋਈ ਪੈਸਾ ਨਹੀਂ ਹੈ, ਸਸਕਾਰ ਦਾ ਖਰਚਾ, ਪਾਠ ਦਾ ਖਰਚਾ, ਭੋਗ ’ਤੇ ਆਏ ਗਏ ਰਿਸ਼ਤੇਦਾਰਾਂ ਲਈ ਰੋਟੀ ਦਾ ਖਰਚਾ, ਲਗਭਗ 50000 ਰੁਪਏ ਆਵੇਗਾ। ਤੁਸੀਂ ਛੇਤੀ ਆ ਜਾਓ।’’ ਵੱਡੇ ਭਰਾ ਨੇ ਛੋਟੇ ਨੂੰ ਆਖਿਆ।

‘‘ਵੇਖ ਮੈਂ ਇੰਡੀਆ ਨਹੀਂ ਆਉਣਾ, ਜੋ ਕੁਝ ਕਰਨਾ ਹੈ, ਤੂੰ ਹੀ ਕਰਨਾ ਹੈ। ਬਾਕੀ ਤੂੰ ਪੈਸਿਆਂ ਦੀ ਗੱਲ ਕੀਤੀ ਹੈ। ਪੈਸਿਆਂ ਦਾ ਫ਼ਿਕਰ ਨਾ ਕਰ। 50000 ਰੁਪਏ ਛੱਡ ਤੈਨੂੰ ਲੱਖ ਰੁਪਿਆ ਭੇਜ ਦਿੰਦਾ ਹਾਂ। ਭੋਗ ਦੀ ਰੋਟੀ ਵਿਆਹ ਵਰਗੀ ਕਰਨੀ ਹੈ। ਲੋਕਾਂ ਨੂੰ ਪਤਾ ਲੱਗੇ ਕਿ ਮੈਂ ਅਮਰੀਕਾ ਰਹਿੰਦਾ ਹਾਂ। ਪਰ ਮੇਰੀ ਇੱਕ ਸ਼ਰਤ ਹੈ।’’

‘‘ਮੈਨੂੰ ਤੁਹਾਡੀ ਹਰ ਸ਼ਰਤ ਮਨਜ਼ੂਰ ਹੈ, ਬਸ ਪੈਸੇ ਭੇਜ ਦਿਉ।’’ ‘‘ਕਾਹਲਾ ਨਾ ਪੈ। ਸ਼ਰਤ ਤਾਂ ਸੁਣ। ਮੈਂ ਤੇਰੀ ਛੇ ਸਾਲ ਦੀ ਸੇਵਾ ਖਰੀਦਣੀ ਹੈ। ਭੋਗ ਦੇ ਕਾਰਡ ’ਤੇ ਤੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦਾ ਨਾਂ ਨਹੀਂ ਹੋਵੇਗਾ, ਬਲਕਿ, ਮੇਰਾ ਅਤੇ ਮੇਰੇ ਪੁੱਤਰ ਦਾ ਹੋਵੇਗਾ। ਅਰਦਾਸ ਵਿੱਚ ਵੀ ਬਾਬਾ ਮੇਰਾ ਹੀ ਨਾਂ ਲਵੇਗਾ। ਸੋਚ ਸਮਝ ਲੈ, ਫਿਰ ਫੋਨ ਕਰ ਲਈਂ।’’ ਇਹ ਕਹਿੰਦਿਆਂ ਫੋਨ ਬੰਦ ਹੋ ਗਿਆ।

‘‘ਭਾ’ਜੀ ਕਹਿੰਦੇ ਹਨ, ਚਿੰਤਾ ਨਾ ਕਰ, 50000 ਤਾਂ ਕੀ, ਲੱਖ ਰੁਪਏ ਭੇਜ ਦਿੰਦਾ ਹਾਂ।’’ ਪਤੀ ਨੇ ਪਤਨੀ ਨੂੰ ਆਖਿਆ।

‘‘ਇਹ ਤਾਂ ਚਮਤਕਾਰ ਹੋ ਗਿਆ, ਸਾਡੀ ਚਿੰਤਾ ਮੁੱਕ ਗਈ, ਆਖਰ ਮਾਂ, ਮਾਂ ਹੀ ਹੁੰਦੀ ਹੈ, ਸਾਡੇ ਕੋਲ ਤਾਂ ਸਸਕਾਰ ਜੋਗੇ ਪੈਸੇ ਵੀ ਨਹੀਂ ਸੀਗੇ।’’

‘‘ਪਰ ਉਸ ਦੀ ਇੱਕ ਸ਼ਰਤ ਹੈ।’’

ਸ਼ਰਤ ਸੁਣਦਿਆਂ ਹੀ ਪਤਨੀ ਸੁੰਨ ਹੋ ਗਈ। ਪਤਨੀ ਦੀ ਚੁੱਪ ਨੂੰ ਸਹਿਮਤੀ ਸਮਝਦਿਆਂ, ਵੱਡੇ ਭਰਾ ਨੇ ਛੋਟੇ ਭਰਾ ਨੂੰ ਫੋਨ ਕੀਤਾ।

‘‘ਭਾ’ ਜੀ ਮੈਨੂੰ ਤੁਹਾਡੀਆਂ ਸਾਰੀਆਂ ਸ਼ਰਤਾਂ ਮਨਜ਼ੂਰ ਹਨ। ਬਸ! ਪੈਸੇ ਭੇਜ ਦਿਓ।’’

‘‘ਠੀਕ ਹੈ, ਪੈਸਿਆਂ ਦੀ ਚਿੰਤਾ ਨਾ ਕਰ, ਮੈਂ ਭਾਵੇਂ ਅਮਰੀਕਾ ਵਿੱਚ ਬੈਠਾ ਹਾਂ, ਪਰ ਤੈਨੂੰ ਸਵੇਰੇ ਅੱਠ ਵਜੇ ਤੱਕ ਪੈਸੇ ਪਹੁੰਚ ਜਾਣਗੇ, ਪਰ ਸ਼ਰਤ ਯਾਦ ਰੱਖੀਂ।’’

ਸਵੇਰੇ 8 ਵਜੇ ਇੱਕ ਵਿਅਕਤੀ ਆਇਆ ਤੇ ਬੋਲਿਆ, ‘‘ਇਹ ਇੱਕ ਲੱਖ ਰੁਪਏ, ਸਰਦਾਰ ਫਲਾਣਾ ਸਿੰਘ ਨੇ ਅਮਰੀਕਾ ਤੋਂ ਭੇਜੇ ਹਨ, ਨਾਲੇ ਇਹ ਵੀ ਆਖਿਆ ਸੀ ਕਿ ਸ਼ਰਤਾਂ ਨਾ ਭੁੱਲਿਓ।’’ ਬਾਹਰੋਂ ਆਏ ਵਿਅਕਤੀ ਨੇ ਆਖਿਆ।

ਪੈਸੇ ਫੜਦਿਆਂ ਹੀ, ਉਹ ਫੁੱਟ–ਫੁੱਟ ਕੇ ਰੋਣ ਲੱਗ ਪਿਆ। ਉਸ ਨੂੰ ਲੱਗਿਆ ਜਿਵੇਂ ਉਸ ਦੀ ਮਾਂ ਦੀ ਮੌਤ ਰਾਤ ਨੂੰ ਨਹੀਂ, ਬਲਕਿ ਹੁਣੇ ਹੀ ਹੋਈ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.





ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)

# ਆਪਣਿਆਂ ਦੇ ਮੋਢੇ



ਲੇਖਕ : ਗੁਰਮਲਕੀਅਤ ਸਿੰਘ ਕਾਹਲੋਂ

ਸਦੀ ਦੇ ਹਾੜ੍ਹ ਸਿਆਲ ਪਿੰਡੇ 'ਤੇ ਹੰਢਾ ਕੇ ਰੱਬ ਨੂੰ ਪਿਆਰੇ ਹੋਏ ਭੋਲਾ ਸਿੰਘ ਫੌਜੀ ਦੇ ਸਸਕਾਰ ਲਈ ਚਾਰ ਜਣੇ ਅਰਥੀ ਚੁੱਕ ਕੇ ਤੁਰਨ ਲੱਗੇ ਸੀ। ਸੱਠਾਂ ਤੋਂ ਟੱਪਿਆ ਉਸ ਦਾ ਪੁੱਤਰ ਮੰਗਾ ਸਿੰਘ ਤੇਜ਼ੀ ਨਾਲ ਤੁਰਦਾ ਮੂਹਰੇ ਆਣ ਖੜੋਤਾ ਤੇ ਪਾਲੇ ਨੂੰ ਪਾਸੇ ਹੋਣ ਦਾ ਇਸ਼ਾਰਾ ਕਰਕੇ ਅਰਥੀ ਨੂੰ ਮੋਢਾ ਦੇਣ ਲਈ ਝੁਕਿਆ। ਸਭ ਦੀ ਹੈਰਾਨੀ ਕੁਦਰਤੀ ਸੀ। 'ਕਿਤੇ ਠੇਡਾ ਖਾ ਕੇ ਈ ਨਾ ਡਿੱਗ ਪਵੇ,' ਸਵਾਲ ਕਈਆਂ ਦੇ ਮਨਾਂ 'ਚ ਉੱਭਰਿਆ। ਖ਼ੁਦ ਬਣਾਉਟੀ ਲੱਤ ਸਹਾਰੇ ਤੁਰਦਾ ਤੇ ਸੱਜੇ ਹੱਥ ਦਾ ਕੰਮ ਵੀ ਖੱਬੇ ਤੋਂ ਲੈਂਦੇ ਬਜ਼ੁਰਗ ਵੱਲੋਂ ਮੋਢਾ ਦੇਣ 'ਤੇ ਉਹ ਹੈਰਾਨ ਸਨ, ਪਰ ਉਸ ਨੇ ਪਿਓ ਨੂੰ ਖ਼ੁਦ ਤੋਰ ਕੇ ਆਉਣ ਦਾ ਹੌਸਲਾ ਇਕੱਠਾ ਕਰ ਲਿਆ ਸੀ। ਪਾਲੇ ਨੇ ਮਾਸੜ ਨਾਲ ਜ਼ਿੱਦ ਕਰਨੀ ਠੀਕ ਨਾ ਸਮਝੀ ਤੇ ਉਹ ਨਾਲ ਨਾਲ ਹੋ ਕੇ ਚੱਲਣ ਲੱਗਾ।

ਜ਼ੈਲਦਾਰਾਂ ਦੇ ਨਿਆਈਂ ਵਾਲੇ ਖੇਤਾਂ ਕੋਲੋਂ ਲੰਘਦੇ ਪਹੇ ਦੇ ਮੋੜ ਵਾਲੇ ਸ਼ਮਸ਼ਾਨਘਾਟ 'ਚ ਸਸਕਾਰ ਦੀਆਂ ਤਿਆਰੀਆਂ ਉਹ ਕਰ ਆਏ ਸੀ। ਬਾਕੀ ਤਿੰਨੇ ਮੋਢੇ ਰਸਤੇ ਵਿੱਚ ਬਦਲੇ ਜਾ ਰਹੇ ਸੀ, ਪਰ ਪਾਲੇ ਦਾ ਮਾਸੜ ਉਸ ਦੇ ਕਹਿਣ 'ਤੇ ਵੀ ਪਾਸੇ ਨਾ ਹੋਇਆ। ਉਸ ਨੂੰ ਤੁਰਦਿਆਂ ਵੇਖ ਲੱਗਦਾ ਸੀ ਜਿਵੇਂ ਬਣਾਉਟੀ ਲੱਤ ਵਿੱਚ ਜਾਨ ਪੈ ਗਈ ਹੋਵੇ ਤੇ ਕੱਟੀ ਹਥੇਲੀ ਸਾਲਮ ਹੱਥ ਬਣ ਗਈ ਹੋਵੇ। ਪਿੱਛੇ ਤੁਰੇ ਜਾਂਦੇ ਲੋਕਾਂ ਦੇ ਚੇਤਿਆਂ 'ਚੋਂ ਭੋਲਾ ਸਿੰਘ ਵੱਲੋਂ ਕੀਤੇ ਚੰਗੇ ਕੰਮ ਉੱਭਰ ਰਹੇ ਸੀ। ਉਸ ਦਾ ਸਦੀ ਤੱਕ ਪੁੱਜਣਾ ਉਸ ਦੀਆਂ ਚੰਗਿਆਈਆਂ ਦਾ ਸਬੂਤ ਸੀ।

'ਵਾਹਿਗੁਰੂ ਨੇ ਉਸ ਨੂੰ ਸੋਹਣੀ ਤੇ ਲੰਮੀ ਆਉਧ ਪੁਗਾਉਣ ਤੋਂ ਬਾਅਦ ਆਪਣੇ ਚਰਨਾਂ 'ਚ ਨਿਵਾਸ ਦੇਣ ਲਈ ਸੱਦਿਆ' ਦਾ ਖ਼ਿਆਲ ਸਭ ਨੂੰ ਉਸ ਵਰਗਾ ਬਣਨ ਲਈ ਉਕਸਾਉਣ ਲੱਗਾ। ਫੌਜੀ ਨੂੰ ਪਿੰਡੋਂ ਅੰਤਿਮ ਸਫ਼ਰ 'ਤੇ ਆਉਂਦੇ ਵੇਖ ਖੂੰਡੇ ਉੱਪਰੋਂ ਹੱਥ ਜੋੜ ਕੇ ਖੜ੍ਹਾ ਜ਼ੈਲਦਾਰ ਕੋਲ ਆਉਣ 'ਤੇ ਨਾਲ ਰਲ ਗਿਆ। ਟਿਕਾਣੇ ਪਹੁੰਚ ਕੇ ਅਰਥੀ ਨੂੰ ਚਿਣੀਆਂ ਲੱਕੜਾਂ 'ਤੇ ਰੱਖਣ ਵੇਲੇ ਮੰਗਾ ਸਿੰਘ ਹੱਥ ਪਵਾਉਣ ਲੱਗਾ। ਡੇਢ ਹੱਥ ਨਾਲ ਲੱਕੜਾਂ ਚੁੱਕ ਕੇ ਉਹ ਬਾਪੂ ਉੱਪਰ ਰੱਖਦਾ ਰਿਹਾ। ਬਣਾਉਟੀ ਲੱਤ ਦੇ ਭਾਰ ਝੱਲਣ ਦਾ ਡਰ ਉਸ ਦੇ ਚੇਤੇ 'ਚੋਂ ਵਿਸਰ ਗਿਆ ਸੀ। ਭਾਈ ਜੀ ਨੇ ਫੌਜੀ ਦੀ ਰੂਹ ਨੂੰ ਆਪਣੇ ਚਰਨਾ 'ਚ ਨਿਵਾਸ ਦੇਣ ਦੀ ਅਰਦਾਸ ਕੀਤੀ। ਬਲਦੇ ਕੱਖ ਫੜ ਕੇ ਚਿਖਾ ਦੇ ਗਿਰਦ ਘੁੰਮਦਿਆਂ ਉਹ ਮਨ 'ਤੇ ਕਾਬੂ ਨਾ ਪਾ ਸਕਿਆ। ਮਨ 'ਚੋਂ ਦਰਦ ਦਾ ਉਬਾਲ ਬਣ ਕੇ ਨਿਕਲੀ ਭੁੱਬ ਨੇ ਸਭ ਦੀਆਂ ਅੱਖਾਂ ਚੋਣ ਲਾ ਦਿੱਤੀਆਂ। ਉਸ ਲਈ ਖੜ੍ਹਨਾ ਔਖਾ ਹੋ ਗਿਆ। ਉਸ ਨੂੰ ਲੱਗਿਆ ਜਿਵੇਂ ਸਿਰ ਦੀ ਛਾਂ ਤੋਂ ਵਾਂਝਾ ਹੋ ਗਿਆ ਹੋਏ। ਸ਼ਿੰਦੇ ਨੇ ਉਸ ਨੂੰ ਫੜ ਕੇ ਰੁੱਖ ਦੀ ਛਾਂਵੇਂ ਬਹਾਇਆ ਤੇ ਪਾਣੀ ਪਿਲਾਇਆ। ਬਲਦੀ ਚਿਤਾ ਵੱਲ ਵੇਖਦਿਆਂ ਉਸ ਨੂੰ ਖ਼ੁਦ ਪਤਾ ਨਾ ਲੱਗਾ ਕਿ ਕਦ ਉਹ 50 ਸਾਲ ਪਿੱਛੇ ਚਲੇ ਗਿਆ ਤੇ ਹੱਡਬੀਤੀਆਂ ਦੇ ਦ੍ਰਿਸ਼ ਫਿਲਮ ਬਣ ਕੇ ਉਸ ਦੀਆਂ ਅੱਖਾਂ ਮੂਹਰੇ ਘੁੰਮਣ ਲੱਗ ਪਏ।

ਉਸ ਦਾ ਬਾਪ ਫੌਜੀ ਸੀ ਜਿਸ ਨੇ 20 ਕੁ ਸਾਲ ਦੀ ਨੌਕਰੀ ਦੌਰਾਨ ਪਹਿਲਾਂ ਬਰਮਾ ਦੇ ਜੰਗਲਾਂ ਵਿੱਚ ਕਈ ਦਿਨਾਂ ਦੇ ਫਾਕੇ ਕੱਟੇ ਹੋਏ ਸੀ ਤੇ ਫਿਰ ਕਸ਼ਮੀਰ ਦੀਆਂ ਪਹਾੜੀਆਂ ਦੇ ਬਰਫ਼ ਲੱਦੇ ਤੋਦਿਆਂ ਕੋਲ ਘੁਰਨਿਆਂ ਵਿੱਚ ਪੈ ਕੇ ਜੱਖ ਰਾਤਾਂ ਲੰਘਾਈਆਂ ਸੀ। ਇੱਕ ਵਾਰ ਉਸ ਨੂੰ ਚਾਰ ਸਾਲ ਘਰ ਜਾਣ ਦੀ ਛੁੱਟੀ ਨਹੀਂ ਸੀ ਮਿਲੀ। ਵਿਆਹ ਦੇ ਕਈ ਸਾਲਾਂ ਬਾਅਦ ਤੱਕ ਉਨ੍ਹਾਂ ਦੀ ਝੋਲੀ ਔਲਾਦ ਪੱਖੋਂ ਖਾਲੀ ਸੀ, ਪਰ ਦੋਹਾਂ ਨੇ ਕਦੇ ਇਸ ਦਾ ਝੋਰਾ ਮਨਾਂ 'ਤੇ ਨਾ ਲਾਇਆ। ਕੋਈ ਪੁੱਛਦਾ ਤਾਂ ਅਕਸਰ ਉਹ 'ਰੱਬ ਦੀ ਮਰਜ਼ੀ' ਕਹਿ ਕੇ ਗੱਲ ਟਾਲ ਦਿੰਦੇ। ਰੱਬ ਉੱਤੇ ਅਟੱਲ ਵਿਸ਼ਵਾਸ ਉਨ੍ਹਾਂ ਦੇ ਮਨਾਂ 'ਤੇ ਉੱਕਰਿਆ ਹੋਇਆ ਸੀ। ਗੁਰਦੁਆਰੇ, ਮੰਦਰ, ਮਸੀਤ ਤੇ ਗਿਰਜਾ ਘਰ ਉਨ੍ਹਾਂ ਲਈ ਇੱਕ ਸਮਾਨ ਸਨ। ਕਹਿੰਦੇ 'ਸਾਰੇ ਰੱਬ ਦੇ ਘਰ ਨੇ, ਦਿੱਖ ਵੱਖਰੀ ਆ, ਫਿਰ ਕੀ ਹੋਇਆ'। ਜਿੱਥੇ ਵੀ ਜਾਂਦੇ, ਮੱਥਾ ਟੇਕਣ ਲੱਗਿਆਂ ਉਨ੍ਹਾਂ ਦੇ ਹੱਥ ਖੁੱਲ੍ਹੇ ਤੇ ਤਲੀਆਂ ਉੱਪਰਲੇ ਪਾਸੇ ਹੁੰਦੀਆਂ। ਕਹਿੰਦੇ, ਰੱਬ ਤੋਂ ਮੰਗਣਾ ਈ ਆ ਤਾਂ ਝਿਜਕ ਕਾਹਦੀ।

ਸਰਹੱਦ 'ਤੇ ਬੈਠਿਆਂ ਕਦੇ ਕਦੇ ਭੋਲਾ ਸਿੰਘ ਨੂੰ ਘਰ ਦੀ ਯਾਦ ਸਤਾਉਂਦੀ। ਸੋਚਦਾ, ਸੁਰਜੀਤ ਨੇ ਵਿਆਹ ਇਕੱਲੇ ਰਹਿਣ ਵਾਸਤੇ ਥੋੜ੍ਹਾ ਕਰਾਇਆ ਸੀ, ਪਰ ਰੱਬ ਨੇ ਉਸ ਦੀ ਹੂਕ ਨੇੜੇ ਹੋ ਕੇ ਸੁਣੀ। ਸਰਕਾਰ ਦੀ ਸਕੀਮ ਆਈ, ਵੀਹ ਸਾਲਾਂ ਵਾਲੇ ਜਿਹੜੇ ਰਿਟਾਇਰ ਹੋਣਾ ਚਾਹੁਣ ਲਿਖ ਕੇ ਦੇਣ। ਭੋਲਾ ਸਿੰਘ ਨੇ ਅਰਜ਼ੀ ਭਰ ਦਿੱਤੀ ਤੇ ਦੋ ਮਹੀਨੇ ਬਾਅਦ ਉਹ ਬਿਸਤਰਾ ਤੇ ਕੱਪ ਪਲੇਟ ਲੈ ਕੇ ਘਰ ਆ ਗਿਆ। ਸਾਲ ਬਾਅਦ ਉਨ੍ਹਾਂ ਦੇ ਘਰ ਪੁੱਤ ਨੇ ਜਨਮ ਲਿਆ। ਰੱਬ ਮੂਹਰੇ ਹੱਥ ਅੱਡ ਅੱਡ ਕੇ ਲਿਆ ਸੀ। ਨਾਂ ਰੱਖਿਆ ਮੰਗਾ ਸਿੰਘ। ਮੰਗਾ ਜਵਾਨ ਹੋਇਆ। ਪਿਉ-ਪੁੱਤ ਖੇਤਾਂ 'ਚ ਹੁੰਦੇ ਤਾਂ ਕੰਮ ਨੂੰ ਮੂਹਰੇ ਲਾ ਕੇ ਤੋਰ ਲੈਂਦੇ। ਪਿੰਡ 'ਚ ਉਨ੍ਹਾਂ ਦੀ ਠੁੱਕ ਬੱਝ ਗਈ। ਖ਼ੁਸ਼ੀਆਂ ਅਜੇ ਵਧਣ ਈ ਲੱਗੀਆਂ ਸੀ ਕਿ ਭਾਣਾ ਵਾਪਰ ਗਿਆ। ਪਿੰਡ 'ਚ ਬਿਜਲੀ ਨਵੀਂ ਨਵੀਂ ਆਈ ਸੀ। ਖੇਤਾਂ ਦੀ ਸਿੰਚਾਈ ਲਈ ਉਨ੍ਹਾਂ ਮੋਟਰ ਲਵਾ ਲਈ। ਖੰਭੇ ਤੋਂ ਬਿਜਲੀ ਠੀਕ ਕਰਦਿਆਂ ਮੰਗੇ ਨੂੰ ਜ਼ਬਰਦਸਤ ਕਰੰਟ ਲੱਗਾ। ਖੰਭੇ ਤੋਂ ਅੱਗ ਦੀ ਨੀਲੀ ਲਾਟ ਤੇ ਮੰਗੇ ਦੀ ਡਾਟ ਫੌਜੀ ਦੇ ਅੱਖੀਂ ਤੇ ਕੰਨੀ ਪਈ। ਭੱਜ ਕੇ ਕੋਲ ਪਹੁੰਚਿਆ ਤਾਂ ਮੰਗਾ ਬੇਹੋਸ਼ ਸੀ। ਜਾਨ ਬਚਾਉਣ ਲਈ ਡਾਕਟਰਾਂ ਨੂੰ ਉਸ ਦੀ ਸੱਜੀ ਲੱਤ ਗੋਡੇ ਹੇਠੋਂ ਤੇ ਸੱਜਾ ਹੱਥ ਤਲੀ ਤੋਂ ਕੱਟਣਾ ਪਿਆ। ਮੰਗਾ ਅੱਧ ਅਧੂਰਾ ਹੋ ਕੇ ਹਸਪਤਾਲੋਂ ਘਰ ਪਹੁੰਚਿਆ।

"ਬਿਜਲੀ ਮੂਹਰੇ ਕੀ ਜ਼ੋਰ ਸੀ, ਡਾਹਢੇ ਨੇ ਸਾਹਾਂ ਵਾਲੀ ਡੋਰ ਨਹੀਂ ਟੁੱਟਣ ਦਿੱਤੀ।" ਰੱਬ ਦੇ ਸ਼ੁਕਰਾਨੇ 'ਚ ਫੌਜੀ ਤੇ ਫੌਜਣ ਦੇ ਮੂੰਹੋਂ ਨਿਕਲਦਾ ਤੇ ਹੱਥ ਜੁੜ ਜਾਂਦੇ।

ਕਿਸੇ ਦੱਸ ਪਾਈ, ਪੂਨੇ ਨਕਲੀ ਲੱਤਾਂ ਲੱਗਦੀਆਂ ਹਨ। ਪੈਸੇ ਪੱਖੋਂ ਹੱਥ ਖੁੱਲ੍ਹਾ ਸੀ। ਪਿਉ, ਪੁੱਤ ਪੂਨੇ ਗਏ ਤੇ ਮੰਗੇ ਦੀ ਫਾਹੁੜੀ ਉੱਥੇ ਈ ਸੁੱਟ ਆਏ। ਛੜੀ ਨੂੰ ਸੱਜੇ ਹੱਥ ਦੇ ਅੰਗੂਠੇ 'ਚ ਫਸਾ ਕੇ ਉਹ ਆਪਣੀਆਂ ਲੱਤਾਂ 'ਤੇ ਤੁਰਦਾ ਘਰ ਪਰਤਿਆ, ਪਰ ਭਾਰੇ ਕੰਮਾਂ ਮੂਹਰੇ ਉਸ ਦੀ ਅਪੰਗਤਾ ਆਣ ਖੜੋਂਦੀ। ਫਿਰ ਵੀ ਉਹ ਹੌਸਲਾ ਨਾ ਹਾਰਦਾ। ਉਨ੍ਹਾਂ ਵੱਲ ਵੇਖਦਾ ਜਿਨ੍ਹਾਂ ਦੀਆਂ ਦੋਵੇਂ ਲੱਤਾਂ ਨਹੀਂ ਹੁੰਦੀਆਂ।

"ਉਹ ਵੀ ਤਾਂ ਜਿਊਂਦੇ ਈ ਨੇ, ਮੇਰੇ ਤਾਂ ਖੱਬੇ ਹੱਥ ਪੈਰ ਦੋਵੇਂ ਚੱਲਦੇ ਨੇ।" ਤੇ ਉਹ ਮਨੋਂ ਤਕੜਾ ਹੋ ਜਾਂਦਾ। ਮੰਗੇ ਦੇ ਮਾਂ-ਬਾਪ ਨੂੰ ਉਸ ਦਾ ਘਰ ਵਸਾਉਣ ਦੀ ਚਿੰਤਾ ਸਤਾਉਂਦੀ। ਉਸ ਦਿਨ ਉਹ ਗੁਰਦੁਆਰੇ ਭਾਈ ਜੀ ਤੋਂ ਕਥਾ ਸੁਣ ਰਹੇ ਸੀ। ਜ਼ਿੰਦਗੀ ਨੂੰ ਚਾਰ ਪਹਿਰਾਂ 'ਚ ਵੰਡਦੇ ਹੋਏ ਬਾਬੇ ਨਾਨਕ ਦੀਆਂ ਸਿੱਖਿਆਵਾਂ ਨੂੰ ਭਾਈ ਜੀ ਵਿਸਥਾਰ ਨਾਲ ਸਮਝਾ ਰਹੇ ਸੀ। ਜ਼ਿੰਦਗੀ ਦੇ ਚੌਥੇ ਪਹਿਰ ਦੇ ਵਿਸਥਾਰ ਉੱਤੇ ਜ਼ਿਆਦਾ ਜ਼ੋਰ ਦਿੰਦੇ ਭਾਈ ਜੀ ਦੀ ਇੱਕ ਇੱਕ ਗੱਲ ਹਕੀਕਤ ਬਣ ਕੇ ਦੋਹਾਂ ਦੇ ਮਨਾਂ ਉੱਤੇ ਉੱਕਰੀ ਜਾਣ ਲੱਗ ਪਈ। ਬਜ਼ੁਰਗ ਅਵਸਥਾ ਵਿੱਚ ਪਹੁੰਚੇ ਫੌਜੀ ਤੇ ਫੌਜਣ ਦੇ ਮਨਾਂ ਵਿੱਚ ਅੰਤ ਨੇੜੇ ਹੋਣ ਦਾ ਅਹਿਸਾਸ ਜਾਗ ਆਇਆ।

"ਬਾਬਾ ਨਾਨਕ ਜੀ, ਆਹ ਤੁਹਾਡਾ ਈ ਸੰਦੇਸ਼ ਭਾਈ ਜੀ ਨੇ ਸੁਣਾਇਆ ਕਿ ਅਸੀਂ ਹੁਣ ਆਖਰੀ ਪਹਿਰ 'ਚ ਪਹੁੰਚ ਗਏ ਆਂ, ਤੁਸੀਂ ਦੇਰ ਸਵੇਰ ਸਾਡੀ ਹਰ ਗੱਲ ਮੰਨਦੇ ਰਹੇ ਓ, ਆਹ ਮੰਗਾ ਸਿੰਘ ਦਿੱਤਾ ਵੀ ਤੁਸੀਂ ਸੀ, ਪਰ ਹੁਣ ਇਸ ਨੂੰ ਜ਼ਿੰਦਗੀ ਜਿਊਣ ਜੋਗਾ ਵੀ ਤੁਸੀਂ ਬਣਾਉਣੈ।" ਦੋਹਾਂ ਦੇ ਮਨਾਂ 'ਚੋਂ ਇੱਕੋ ਵੇਲੇ ਅਰਦਾਸ ਹੋਈ। ਕਥਾ ਸਮਾਪਤ ਹੋਈ। ਪ੍ਰਸ਼ਾਦ ਲੈ ਕੇ ਮੱਥਾ ਟੇਕਦਿਆਂ ਅੱਡੇ ਹੱਥਾਂ ਨਾਲ ਰੱਬ ਤੋਂ ਉਹੀ ਮੰਗ ਮੰਗੀ। ਘਰ ਪਹੁੰਚੇ ਤਾਂ ਨਾਲਦੇ ਪਿੰਡੋਂ ਆਇਆ ਉਨ੍ਹਾਂ ਦਾ ਜਾਣਕਾਰ ਮੰਗੇ ਕੋਲ ਬੈਠਾ ਸੀ। ਸੁਰਜੀਤ ਦੇ ਹੱਥਾਂ 'ਚ ਘੁੱਟਿਆ ਪ੍ਰਸ਼ਾਦ ਅਜੇ ਕੋਸਾ ਹੀ ਸੀ। ਮੰਗਾ ਸਿੰਘ ਤੇ ਉਸ ਬੰਦੇ ਨੇ ਹੱਥ ਧੋਤੇ ਤੇ ਸੁਰਜੀਤ ਮੂਹਰੇ ਕੀਤੇ। ਗੁਰਬਾਣੀ ਸੰਦੇਸ਼ 'ਚ ਗੜੁੱਚ ਕੜਾਹ ਦੇ ਕਣ ਕਣ ਨੇ ਦੋਹਾਂ ਦੇ ਮਨਾਂ ਨੂੰ ਆਪਣੇ ਰੰਗ 'ਚ ਰੰਗ ਲਿਆ। ਉਸ ਬੰਦੇ ਨੇ ਮੰਗੇ ਦੇ ਰਿਸ਼ਤੇ ਦੀ ਗੱਲ ਤੋਰੀ। ਲੜਕੀ ਉਸ ਦੀ ਸਾਲੀ ਦੀ ਬੇਟੀ ਸੀ। ਦੋਹਾਂ ਜੀਆਂ ਦੇ ਹੱਥ ਆਪਣੇ ਆਪ ਜੁੜ ਗਏ, ਇੱਕੋ ਵੇਲੇ ਸ਼ੁਕਰ-ਗੁਜ਼ਾਰ ਹੁੰਦੇ ਬੋਲੇ,

"ਬਾਬਾ ਜੀ ਤੁਸੀਂ ਸਾਡੇ ਕੋਲ ਹੀ ਬੈਠੇ ਸੀ, ਸਾਡੀ ਮੰਗ ਨੂੰ ਐਨੀ ਛੇਤੀ ਸਵੀਕਾਰ ਕਰਕੇ ਉਸ ਨੂੰ ਕਾਰਵਾਈ ਲਈ ਅੱਗੇ ਵੀ ਤੋਰ ਦਿੱਤਾ?" ਫੌਜੀ ਆਪਣੇ ਫੌਜ ਵਾਲੇ ਲਹਿਜੇ ਵਿੱਚ ਕਦੇ ਕਦੇ ਰੱਬ ਨਾਲ ਵੀ ਹਾਸਾ ਮਜ਼ਾਕ ਕਰ ਲੈਂਦਾ ਸੀ। ਅਗਲੇ ਦਿਨ ਨਾਲ ਦੇ ਪਿੰਡ ਗੁਰਦੁਆਰੇ ਵਿੱਚ ਦੋਹਾਂ ਪਰਿਵਾਰਾਂ ਦੇ ਮਿਲਾਪ ਦਾ ਪ੍ਰੋਗਰਾਮ ਬਣਾ ਕੇ ਬੂਟਾ ਸਿੰਘ ਚਲੇ ਗਿਆ।

"ਹੈ ਨਾ ਹੈਰਾਨੀ ਵਾਲੀ ਗੱਲ, ਰਿਸ਼ਤੇਦਾਰੀ ਦਾ ਬੂਟਾ ਲਾਉਣ ਵੀ ਬਾਬਾ ਜੀ ਨੇ ਬੂਟਾ ਸਿੰਘ ਨੂੰ ਈ ਭੇਜਿਆ।" ਸੁਰਜੀਤ ਨੂੰ ਖ਼ੁਦ ਪਤਾ ਨਾ ਲੱਗਾ, ਉਸ ਦੇ ਗਦ ਗਦ ਹੋਏ ਮਨ 'ਚੋਂ ਆਹ ਖ਼ਿਆਲ ਕਿਵੇਂ ਪੁੰਗਰ ਆਇਆ।

ਅਗਲੇ ਦਿਨ ਸਾਰੇ ਗੁਰੂ ਮੂਹਰੇ ਅਰਜੋਈ ਕਰਕੇ ਗੁਰਦੁਆਰਾ ਹਾਲ ਦੇ ਕੋਨੇ ਵਿੱਚ ਜਾ ਬੈਠੇ। ਹੱਥ ਜੋੜਦਿਆਂ ਫੌਜੀ ਨੇ ਗੱਲ ਤੋਰੀ। "ਅਸੀਂ ਗੁਰੂ ਦੀ ਹਜ਼ੂਰੀ 'ਚ ਬੈਠੇ ਆਂ, ਤੇ ਉਹ ਸਾਰਾ ਕੁਝ ਵੇਖ ਰਿਹਾ। ਚੰਗਾ ਹੋਵੇ ਆਪਾਂ ਸੱਚ ਦਾ ਪੱਲਾ ਫੜੀ ਰੱਖੀਏ ਤਾਂ ਕਿ ਵਾਹਿਗੁਰੂ ਨੂੰ ਨਿਬੇੜਾ ਕਰਨ 'ਚ ਬਹੁਤੇ ਵਰਕੇ ਨਾ ਫਰੋਲਣੇ ਪੈਣ। ਜੋ ਗੱਲ ਮਨ ਵਿੱਚ ਆਏ ਨਿਝਕ ਹੋ ਕੇ ਇੱਕ ਦੂਜੇ ਨੂੰ ਪੁੱਛੋ। ਦੋਹਾਂ ਦੀ ਜ਼ਿੰਦਗੀ ਦੇ ਸਾਥ ਦਾ ਸਵਾਲ ਐ। ਗੱਲ ਮੈਂ ਆਪਣੇ ਤੋਂ ਸ਼ੁਰੂ ਕਰਦਾਂ। ਮੈਨੂੰ ਰਿਸ਼ਤਾ ਮਨਜ਼ੂਰ ਆ।" ਕੁੜੀ ਦੇ ਮਾਂ-ਪਿਉ ਨੇ ਹਾਂ ਵਜੋਂ ਸਿਰ ਹਿਲਾ ਦਿੱਤੇ। ਫੌਜੀ ਨੇ ਕੁੜੀ ਦੇ ਮਨ ਦੀ ਟੋਹ ਲਾਉਣੀ ਜ਼ਰੂਰੀ ਸਮਝੀ। ਉਹ ਪਹਿਲਾਂ ਤਾਂ ਕੁਝ ਸੰਗੀ, ਫਿਰ ਸਿਰ ਉੱਚਾ ਕੀਤਾ,

"ਤੁਹਾਨੂੰ ਇਹੋ ਸ਼ੱਕ ਹੋਊ ਕਿ ਇਨ੍ਹਾਂ ਦੀ ਇੱਕ ਲੱਤ ਤੇ ਅੱਧਾ ਹੱਥ ਨਹੀਂ ਹੈਗਾ, ਕੱਲ੍ਹ ਇਹ ਕੁਝ ਦੱਸਣ ਤੋਂ ਬਾਅਦ ਹੀ ਮਾਸੜ ਜੀ ਤੁਹਾਡੇ ਪਿੰਡ ਗਏ ਸੀ। ਇਨ੍ਹਾਂ ਦੀ ਦੂਜੀ ਲੱਤ ਮੈਂ ਬਣਾਂਗੀ ਤੇ ਅਸੀਂ ਦੌੜ ਲਾਇਆ ਕਰਾਂਗੇ। ਨਾਲੇ ਇਨ੍ਹਾਂ ਦੇ ਅੰਗ ਕਿਸੇ ਲੜਾਈ ਝਗੜੇ ਜਾਂ ਨਸ਼ਿਆਂ ਦੀ ਭੇਟ ਨਹੀਂ ਚੜ੍ਹੇ। ਉਹ ਰੱਬੀ ਭਾਣਾ ਸੀ, ਜੋ ਕਿਸੇ ਨਾਲ ਵਾਪਰ ਸਕਦਾ। ਮੈਨੂੰ ਇਨ੍ਹਾਂ ਦਾ ਪੱਲਾ ਫੜਨਾ ਮਨਜ਼ੂਰ ਆ।"

ਕੁੜੀ ਦੀ ਗੱਲ ਨੇ ਮਾਂ-ਪਿਉ ਤੇ ਫੌਜੀ ਸਮੇਤ ਸਾਰਿਆਂ ਦੇ ਸਿਰ ਫਖ਼ਰ ਨਾਲ ਉੱਚੇ ਕਰ ਦਿੱਤੇ। ਫਤਿਹ ਦੇ ਜੈਕਾਰੇ ਨਾਲ ਹਾਲ ਗੂੰਜ ਉੱਠਿਆ। ਭਾਈ ਜੀ ਨੇ ਮੰਗਣੇ ਦੀ ਅਰਦਾਸ ਕੀਤੀ ਤੇ ਮੁੰਡੇ ਕੁੜੀ ਨੇ ਇੱਕ ਦੂਜੇ ਦੇ ਗਲ ਸਿਰੋਪੇ ਪਾਏ। ਅਗਲੇ ਮਹੀਨੇ ਵਿਆਹ ਦਾ ਦਿਨ ਤੈਅ ਹੋ ਗਿਆ। ਵਿਆਹ ਦੇ ਸਾਰੇ ਕਾਰਜ ਖ਼ੁਸ਼ੀ ਖ਼ੁਸ਼ੀ ਸਿਰੇ ਚੜ੍ਹੇ ਤੇ ਮੰਗੇ ਦੀ ਵਹੁਟੀ ਬਣ ਕੇ ਆਈ ਪ੍ਰੀਤ ਦੇ ਪੈਰ ਉਸ ਘਰ 'ਚ ਪੈਂਦੇ ਹੀ ਅੱਜ ਹੋਰ, ਕੱਲ੍ਹ ਹੋਰ ਹੋਣਾ ਸ਼ੁਰੂ ਹੋ ਗਿਆ। ਫੌਜੀ ਫੌਜਣ ਗੁਰਦੁਆਰੇ ਜਾਣ ਲੱਗਦੇ, ਪ੍ਰੀਤ ਪਹਿਲਾਂ ਤਿਆਰ ਹੁੰਦੀ। ਮੰਗਾ ਸਿੰਘ ਨੂੰ ਬਲਦਾਂ ਵਾਲਾ ਹਲ਼ ਵਾਹੁਣ 'ਚ ਔਖ ਹੁੰਦੀ ਸੀ, ਪ੍ਰੀਤ ਦੇ ਜ਼ੋਰ ਦੇਣ 'ਤੇ ਟਰੈਕਟਰ ਖਰੀਦ ਲਿਆ ਗਿਆ। ਬਣਾਉਟੀ ਲੱਤ ਸਾਈਕਲ ਦੇ ਪੈਡਲ 'ਤੇ ਭਾਰ ਨਹੀਂ ਸੀ ਪਾ ਸਕਦੀ, ਘਰ 'ਚ ਸਕੂਟਰ ਆਣ ਖੜੋਤਾ। ਖੇਤਾਂ 'ਚ ਬੀਜ ਜਾਂ ਖਾਦ ਦਾ ਛੱਟਾ ਦੇਣਾ ਹੁੰਦਾ, ਪ੍ਰੀਤ ਝੋਲੀ ਬੰਨ੍ਹ ਕੇ ਖੇਤ ਗਾਹੁਣ ਤੁਰ ਪੈਂਦੀ। ਜੇ ਬਿਜਲੀ ਦੀ ਵਾਰੀ ਰਾਤ ਨੂੰ ਹੁੰਦੀ ਤਾਂ ਉਹ ਕਹੀ ਮੋਢੇ 'ਤੇ ਰੱਖ ਕੇ ਨੱਕੇ ਮੋੜਨ ਪਤੀ ਦੇ ਮੂਹਰੇ ਤੁਰਦੀ। ਛੋਟਾ ਮੋਟਾ ਹਰ ਕੰਮ ਪਤੀ ਤੋਂ ਪੁੱਛ ਕੇ ਕਰਦੀ ਤਾਂ ਕਿ ਮੰਗਾ ਸਿੰਘ ਦੇ ਮਨ 'ਚ ਕਿਤੇ ਹੀਣ ਭਾਵਨਾ ਨਾ ਆਏ ਕਿ ਪ੍ਰੀਤ ਨੇ ਉਸ 'ਤੇ ਤਰਸ ਕਰਕੇ ਰਿਸ਼ਤਾ ਮਨਜ਼ੂਰ ਕੀਤਾ ਸੀ। ਪਤੀ ਤੇ ਸੱਸ ਸਹੁਰੇ ਮੂਹਰੇ ਜੀ ਜੀ ਕਰਦੀ ਦੀ ਜੀਭ ਨਾ ਥੱਕਦੀ। ਸੱਸ ਦੇ ਹੱਥੋਂ ਝਾੜੂ ਫੜ ਕੇ ਆਪ ਫੇਰਨ ਲੱਗਦੀ। ਫੌਜੀ ਨੂੰ ਪਿਆਸ ਬਾਅਦ 'ਚ ਲੱਗਦੀ, ਠੰਢੇ ਪਾਣੀ ਦਾ ਗਲਾਸ ਉਸ ਦੇ ਕੋਲ ਪਹਿਲਾਂ ਰੱਖਿਆ ਹੁੰਦਾ। ਭੁਲੱਕੜ ਹੋ ਗਈ ਸੱਸ ਵੱਲੋਂ ਕੋਈ ਗੱਲ ਦੁਹਰਾਏ ਜਾਣ 'ਤੇ ਵੀ ਉਹ ਇਉਂ ਕੰਨ ਲਾ ਕੇ ਸੁਣਦੀ ਜਿਵੇਂ ਪਹਿਲੀ ਵਾਰ ਸੁਣ ਰਹੀ ਹੋਵੇ। ਕੋਈ ਦਿਨ ਤਿਉਹਾਰ ਹੁੰਦਾ, ਨਣਦ ਦੇ ਸੰਧਾਰੇ ਦੀ ਤਿਆਰੀ ਪਹਿਲਾਂ ਹੋਈ ਹੁੰਦੀ। ਦੋਹਤੀ ਦਾ ਵਿਆਹ ਆਇਆ, ਨਾਨਕ ਸ਼ੱਕ ਵੇਖ ਕੇ ਪਿੰਡ ਵਾਲੇ ਹੈਰਾਨ ਰਹਿ ਗਏ। ਪੇਕੇ ਜਾਂਦੀ ਤਾਂ ਸਕੂਟਰ 'ਤੇ ਮੰਗਾ ਸਿੰਘ ਦੇ ਪਿੱਛੇ ਬੈਠਦੀ। ਸ਼ਹਿਰ ਦਾ ਕੰਮ ਹੁੰਦਾ, ਮਨ 'ਚ ਭਰੋਸਾ ਬੰਨ੍ਹਾਉਣ ਲਈ ਪਤੀ ਨੂੰ ਇਕੱਲਿਆਂ ਭੇਜਦੀ। ਸੱਸ ਪੇਕੇ ਜਾਂਦੀ ਤਾਂ ਉਸ ਦੇ ਭਤੀਜਿਆਂ ਦੇ ਬੱਚਿਆਂ ਲਈ ਸਮਾਨ ਨਾਲ ਬੈਗ ਭਰਿਆ ਹੁੰਦਾ। ਪਿੰਡ 'ਚ ਹਰ ਵਰਤੋਂ ਵਿਹਾਰ ਲਈ ਸੱਸ ਨੂੰ ਮੂਹਰੇ ਲਾਉਂਦੀ। ਫੌਜੀ ਨਾਲ ਖਾਰ ਖਾਂਦੇ ਲੋਕਾਂ ਦੇ ਘਰੀਂ ਵੀ ਪ੍ਰੀਤ ਦੀਆਂ ਸਿਫ਼ਤਾਂ ਹੋਣ ਲੱਗੀਆਂ। ਚੰਗੀ ਔਰਤ ਦੀ ਉਦਾਹਰਨ ਦੇਣ ਲੱਗਿਆਂ ਪਿੰਡ ਦੇ ਲੋਕਾਂ ਨੂੰ ਪ੍ਰੀਤ ਚੇਤੇ ਆਉਣ ਲੱਗਦੀ।

ਦਿਨ ਲੰਘਦੇ ਗਏ। ਪ੍ਰੀਤ ਨੇ ਦੋ ਲੜਕਿਆਂ ਨੂੰ ਜਨਮ ਦਿੱਤਾ। ਸੁਰਿੰਦਰ ਤੋਂ ਸ਼ਿੰਦਾ ਬਣ ਗਿਆ, ਉਹ ਸਰੀਰ ਪੱਖੋਂ ਹੱਟਾ ਕੱਟਾ ਨਿਕਲਿਆ। ਮਾਪਿਆਂ ਨੇ ਉਸ ਦੀ ਸਕੂਲੀ ਪੜ੍ਹਾਈ ਕਰਵਾ ਕੇ ਖੇਤੀ ਦੇ ਕੰਮ ਲਾ ਲਿਆ, ਪਰ ਛੋਟੇ ਜਸਵਿੰਦਰ ਨੂੰ ਪੜ੍ਹਾਈ 'ਚ ਹੁਸ਼ਿਆਰ ਹੋਣ ਕਰਕੇ, 'ਜਿੰਨਾ ਮਰਜ਼ੀ ਪੜ੍ਹ ਲੈ' ਦੀ ਖੁੱਲ੍ਹ ਦੇ ਦਿੱਤੀ। ਪੋਤਿਆਂ ਦੇ ਮੂੰਹ ਚੁੰਮਣ ਦੀਆਂ ਇੱਛਾਵਾਂ ਪੂਰੀਆਂ ਕਰਕੇ ਫੌਜਣ ਚੱਲ ਵਸੀ ਸੀ ਤੇ ਫੌਜੀ ਅਧਰੰਗ ਦਾ ਸ਼ਿਕਾਰ ਹੋ ਗਿਆ। ਪ੍ਰੀਤ ਨੂੰ ਸਹੁਰੇ ਦੀ ਸੇਵਾ ਸੰਭਾਲ 'ਚ ਜ਼ਿਆਦਾ ਧਿਆਨ ਦੇਣ ਪੈਂਦਾ। ਘਰ ਵਿੱਚ ਜੀਆਂ ਦੀ ਬਰਕਤ ਦੇ ਨਾਲ ਪ੍ਰੀਤ ਦੀਆਂ ਜ਼ਿੰਮੇਵਾਰੀਆਂ ਵੀ ਵੱਡੀਆਂ ਹੁੰਦੀਆਂ ਗਈਆਂ। ਹਿੰਮਤ ਹਾਰਨਾ ਤਾਂ ਮੰਗਾ ਸਿੰਘ ਦੇ ਸੁਭਾਅ 'ਚ ਨਹੀਂ ਸੀ, ਪਰ ਉਮਰ ਦੇ ਤਕਾਜ਼ੇ ਕਾਰਨ ਉਹ ਪਹਿਲਾਂ ਵਰਗੀ ਭੱਜ ਦੌੜ ਨਾ ਕਰ ਸਕਦਾ। ਸ਼ਿੰਦਾ ਜਵਾਨ ਹੋ ਗਿਆ। ਰਿਸ਼ਤੇ ਤਾਂ ਉਸ ਨੂੰ ਵੀਹਵੇਂ ਸਾਲ ਤੋਂ ਪਹਿਲਾਂ ਆਉਣ ਲੱਗ ਪਏ ਸੀ, ਪਰ ਪ੍ਰੀਤ ਦਾ ਮਨ ਸੀ, ਪੁੱਤ ਭਰ ਜਵਾਨ ਤੇ ਜ਼ਿੰਮਵਾਰੀਆਂ ਸੰਭਾਲਣ ਜੋਗਾ ਹੋ ਜਾਏ। 22ਵੇਂ ਸਾਲ 'ਚ ਉਸ ਦਾ ਵਿਆਹ ਕਰ ਦਿੱਤਾ ਤੇ ਪ੍ਰੀਤ ਨੇ ਆਉਂਦੇ ਸਾਰ ਨੂੰਹ ਨੂੰ ਘਰ ਦੀਆਂ ਚਾਬੀਆਂ ਸੌਂਪ ਦਿੱਤੀਆਂ। ਸਾਰਾ ਲੈਣ ਦੇਣ ਉਸੇ ਹੱਥੋਂ ਕਰਾਉਣ ਲੱਗੀ। ਪਿੰਕੀ ਵੀ ਸੱਸ ਦੇ ਮਾਣ ਤਾਣ 'ਚ ਕਸਰ ਨਾ ਛੱਡਦੀ। ਪ੍ਰੀਤ ਨੂੰ ਆਪਣੇ ਦਿਨ ਯਾਦ ਆਉਂਦੇ। ਜ਼ਿੰਮੇਵਾਰੀਆਂ ਨਿਭਾਉਂਦੀ ਪਿੰਕੀ ਨੂੰ ਵੇਖ ਕੇ ਆਂਢੀ ਗੁਆਂਢੀ ਪ੍ਰੀਤ ਬਾਰੇ ਕਹਿੰਦੇ,

"ਬਈ ਚਾਚੀ ਨੇ ਤਾਂ ਜੋ ਬੀਜਿਆ ਸੀ, ਉਹੀ ਵੱਢ ਰਹੀ ਆ। ਜਿਹੋ ਜਿਹੀ ਦੇਵੀ ਆਪ ਸੀ, ਰੱਬ ਨੇ ਨੂੰਹ ਵੀ ਉਸੇ ਵਰਗੀ ਦੇ ਦਿੱਤੀ।"

ਪਿੰਡ ਦੀਆਂ ਨਘੋਚਣਾਂ ਨੂੰ ਉਸ ਘਰ 'ਚੋਂ ਕੋਈ ਮਾੜੀ ਗੱਲ ਨਾ ਲੱਭਦੀ ਤਾਂ ਉਨ੍ਹਾਂ ਨੂੰ ਕਿਸੇ ਜੀਅ ਦੇ ਰੰਗ ਤੇ ਕਿਸੇ ਦੇ ਕੱਦ ਬਾਰੇ ਗੱਲ ਬਣਾ ਕੇ ਆਪਣਾ ਝੱਸ ਪੂਰਾ ਕਰਨਾ ਪੈਂਦਾ। ਸੌਖੀ ਤਾਂ ਪ੍ਰੀਤ ਦੀ ਨਣਦ ਬਥੇਰੀ ਸੀ, ਪਰ ਪ੍ਰੀਤ ਜਾਣਦੀ ਸੀ ਕਿ ਕੁੜੀਆਂ ਨੂੰ ਪੇਕਿਆਂ ਦੀ ਝਾਕ ਹੁੰਦੀ ਆ। ਇਹ ਗੱਲ ਉਸ ਨੇ ਪਿੰਕੀ ਨੂੰ ਵੀ ਸਮਝਾ ਦਿੱਤੀ। ਵੀਰੋ ਭੂਆ ਜਦ ਵੀ ਆਉਂਦੀ, ਪਿੰਕੀ ਉਸ ਨੂੰ ਹਫ਼ਤਾ ਮੁੜਨ ਨਾ ਦਿੰਦੀ। ਨਿੱਕਾ ਜਿਹਾ ਬੈਗ ਲੈ ਕੇ ਆਈ ਭੂਆ ਦੇ ਹੱਥ ਦੋ ਭਰੇ ਹੋਏ ਬੈਗ ਫੜਾ ਕੇ ਤੋਰਦੀ ਤੇ ਬੱਸ ਅੱਡੇ ਤੱਕ ਛੱਡਣ ਜਾਂਦੀ। ਪੋਤ ਨੂੰਹ ਵੱਲੋਂ ਘਰ ਦੀ ਸੰਭਾਲ ਤੋਂ ਖ਼ੁਸ਼ ਫੌਜੀ ਦੀਆਂ ਅੱਖਾਂ ਭਰ ਆਉਂਦੀਆਂ। ਫੌਜਣ ਉਸ ਦੀਆਂ ਅੱਖਾਂ ਮੂਹਰੇ ਆਣ ਖੜ੍ਹਦੀ,

"ਤੁਹਾਨੂੰ ਕਹਿੰਦੀ ਹੁੰਦੀ ਸੀ ਨਾ, ਵਾਹਿਗੁਰੂ ਦੇਣ ਲੱਗਿਆਂ ਗਿਣਤੀ ਨਹੀਂ ਕਰਦਾ, ਬਸ ਨਿਸ਼ਚਾ ਚਾਹੀਦਾ। ਔਹ ਵੇਖ ਲਓ, ਕਸਰ ਤਾਂ ਪ੍ਰੀਤ ਨੇ ਵੀ ਕੋਈ ਨਹੀਂ ਸੀ ਛੱਡੀ, ਪਰ ਆਹ ਪਿੰਕੀ ਉਸ ਨੂੰ ਪਿੱਛੇ ਛੱਡੀ ਜਾਂਦੀ ਆ?" ਤੇ ਫੌਜੀ ਦੇ ਹੱਥ ਰੱਬ ਦੇ ਸ਼ੁਕਰਾਨੇ 'ਚ ਜੁੜ ਜਾਂਦੇ ਤੇ ਮੂੰਹੋਂ ਇਹੀ ਬੋਲ ਹੁੰਦਾ,

"ਤੂੰ ਤੇ ਕਾਹਲ ਹੀ ਕਰ ਗਈ, ਜੇ ਐਹ ਕੁਝ ਵੇਖਣ ਦੀ ਉਡੀਕ ਕਰ ਲੈਂਦੀ ਤਾਂ ਆਪਾਂ ਇੱਥੋਂ ਇਕੱਠੇ ਜਾਂਦੇ ਤੇ ਹੱਥ ਜੋੜ ਕੇ ਧਰਮਰਾਜ ਮੂਹਰੇ ਖੜ੍ਹ ਕੇ ਉਸ ਦਾ ਸ਼ੁਕਰਾਨਾ ਕਰਦੇ।" ਤੇ ਉਹ ਐਨਕਾਂ ਲਾਹ ਕੇ ਪਾਸੇ ਰੱਖਦਾ ਤੇ ਰੁਮਾਲ ਫੜ ਕੇ ਅੱਖਾਂ ਪੂੰਝਣ ਲੱਗ ਪੈਂਦਾ। ਥੋੜ੍ਹਾ ਸੰਭਲਦਾ ਤਾਂ ਹੋਰ ਇੱਛਾ ਆਣ ਖੜ੍ਹਦੀ। ਅਜੇ ਤੇ ਜੱਸੇ ਨੂੰ ਵੀ ਘੋੜੀ ਚੜ੍ਹਦਿਆਂ ਵੇਖਣਾ। ਬਸ ਉਸ ਦੀ ਪੜ੍ਹਾਈ ਪੂਰੀ ਹੋਜੇ, ਫਿਰ ਮੰਗੇ ਤੇ ਪ੍ਰੀਤ ਨੂੰ ਕਹੂੰ ਉਸ ਲਈ ਆਏ ਪਹਿਲੇ ਰਿਸ਼ਤੇ ਵਾਲਿਆਂ ਨੂੰ ਹਾਂ ਕਰ ਦੇਣ।

"ਜਿਹੜਾ ਵੀ ਕੋਈ ਰਿਸ਼ਤਾ ਲੈ ਕੇ ਆਊ, ਮੁੰਡੇ ਦੀ ਪੜ੍ਹਾਈ ਵੱਲ ਵੇਖ ਕੇ ਈ ਆਊ ?" ਤੇ ਨਾਲੋ ਨਾਲ ਉਹ ਆਪਣੇ ਮਨ ਨੂੰ ਚੰਗੇ ਰਿਸ਼ਤੇ ਦੀ ਧਰਵਾਸ ਬੰਨ੍ਹਾ ਲੈਂਦਾ।

# ਵਧ ਰਹੀ ਅਸਹਿਣਸ਼ੀਲਤਾ ਲਈ ਜ਼ਿੰਮੇਵਾਰ ਕੌਣ?



ਲਿਖਤ : ਡਾ. ਇਕਬਾਲ ਸਿੰਘ ਸਕਰੌਦੀ
ਸੰਪਰਕ : 84276-85020

ਜੇਕਰ ਇਸ ਸੰਸਾਰ ਦੇ ਸਾਰੇ ਧਾਰਮਿਕ, ਨੈਤਿਕ ਅਤੇ ਨੀਤੀ ਸਿੱਖਿਆ ਦੇ ਗ੍ਰੰਥਾਂ ਦਾ ਅਧਿਐਨ ਕਰੀਏ ਤਾਂ ਉਨ੍ਹਾਂ ਵਿਚੋਂ ਮੂਲ਼ ਧੁਨੀ ਇਹੋ ਉਜਾਗਰ ਹੁੰਦੀ ਹੈ ਕਿ ਮਨੁੱਖ ਨੂੰ ਸ਼ਾਂਤ, ਸਹਿਜ, ਸੰਜਮ, ਸੰਤੋਖ ਅਤੇ ਸਹਿਣਸ਼ੀਲਤਾ ਦੇ ਧਾਰਨੀ ਹੋਣ ਦੀ ਸਿੱਖਿਆ ਅਤੇ ਸੰਦੇਸ਼ ਦਿੱਤਾ ਗਿਆ ਹੈ। ਪਰੰਤੂ ਇਹ ਵੀ ਕਿਹਾ ਜਾਂਦਾ ਹੈ ਕਿ ਸਮੁੱਚੇ ਸੰਸਾਰ ਵਿਚ ਸਭ ਤੋਂ ਵੱਧ ਝਗੜੇ, ਕਲੇਸ਼, ਈਰਖਾ, ਦਵੈਸ਼ ਅਤੇ ਅਸ਼ਾਂਤੀ ਵੀ ਧਰਮ ਦੇ ਨਾਂ ਉੱਤੇ ਹੀ ਫ਼ੈਲਾਈ ਜਾਂਦੀ ਰਹੀ ਹੈ। ਅੱਜ ਦੇ ਦੌਰ ਵਿਚ ਸ਼ਾਂਤੀ ਦਾ ਉਪਦੇਸ਼ ਦੇਣ ਵਾਲ਼ੇ ਤਥਾ ਕਥਿਤ ਬਾਬੇ, ਸੰਤ, ਪੁਜਾਰੀ, ਭਾਈ ਜੀ ਅਤੇ ਹੋਰ ਵੱਖਵੱਖ ਡੇਰਿਆਂ ਉੱਤੇ ਕਬਜ਼ਾ ਕਰੀ ਬੈਠੇ ਇਹ ਲੋਕ ਜਨ ਸਧਾਰਨ ਨੂੰ ਗਿਆਨ ਦੇਣ ਲਈ ਅਧਿਆਤਮਕਤਾ ਦੀ ਗੱਲ ਤਾਂ ਕਰਦੇ ਹਨ ਪਰੰਤੂ ਆਪਣੀ ਸੁਰੱਖਿਆ ਲਈ ਆਪਣੇ ਆਲ਼ੇ ਦੁਆਲ਼ੇ ਬੰਦੂਕਧਾਰੀਆਂ ਅਤੇ ਸਟੇਨਗੰਨਾਂ ਲੈ ਕੇ ਖੜ੍ਹੇ ਸ਼ਰਧਾਲੂਆਂ, ਸ਼ਾਗਿਰਦਾਂ ਦੀ ਵੱਡੀ ਭੀੜ ਵੀ ਜਮ੍ਹਾਂ ਰੱਖਦੇ ਹਨ। ਸਿੱਖਿਆ ਖੇਤਰ ਨਾਲ਼ ਜੁੜੇ ਵਿਦਵਾਨ, ਬੁੱਧੀਜੀਵੀ, ਸਿੱਖਿਆ ਸ਼ਾਸਤਰੀ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਅਧਿਆਪਕਾਂ ਵੱਲੋਂ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਦਿੱਤੀ ਜਾਵੇ, ਜਿਸ ਵਿਚ ਸਹਿਹੋਂਦ ਅਤੇ ਭਰਾਤਰੀ ਭਾਵ ਪੈਦਾ ਕਰਨ ਵਾਲ਼ਾ ਗਿਆਨ ਹੋਵੇ। ਹਰ ਮਨੁੱਖ ਵਿਚ ਇੱਕ ਦੂਜੇ ਨੂੰ ਬਰਦਾਸ਼ਤ ਕਰਨ ਦਾ ਮਾਦਾ ਹੋਵੇ। ਉਹ ਆਮ ਗੱਲਬਾਤ ਅਤੇ ਵਿਚਾਰ ਚਰਚਾ ਕਰਦੇ ਹੋਏ ਸਹਿਜ ਹੋਣ। ਇੱਕ ਦੂਜੇ ਦੀ ਭਾਵਨਾ ਨੂੰ ਸਮਝਣ ਅਤੇ ਸਤਿਕਾਰ ਕਰਨ। ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਇਸ ਸੰਦਰਭ ਵਿਚ ਆਪਣੀ ਕ੍ਰਿਤ ਜਪੁਜੀ ਸਾਹਿਬ ਵਿਚ ਦਰਜ ਕਰਦੇ ਹਨਗਾਵੀਐ ਸੁਣੀਐ ਮਨਿ ਰੱਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥ ਪਰੰਤੂ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਵਧ ਰਹੇ ਅਕਾਦਮਿਕ ਅਤੇ ਆਰਥਿਕ ਮੁਕਾਬਲੇ ਨੇ ਵਿਦਿਆਰਥੀਆਂ ਵਿਚੋਂ ਸਹਿਣਸ਼ੀਲਤਾ ਦਾ ਮਾਦਾ ਲਗਪਗ ਖ਼ਤਮ ਕਰ ਦਿੱਤਾ ਹੈ। ਇਸ ਘਟ ਰਹੀ ਸਹਿਣਸ਼ੀਲਤਾ ਅਤੇ ਵਧ ਰਹੀ ਅਸਹਿਣਸ਼ੀਲਤਾ ਕਾਰਨ ਹਰ ਪਾਸੇ ਝਗੜੇ, ਕਲੇਸ਼, ਦਵੈਸ਼, ਨਫ਼ਰਤ ਵਧ ਰਹੀ ਹੈ। ਹੁਣ ਕੋਈ ਵੀ ਵਿਅਕਤੀ ਦੋ ਮਿੰਟ ਲਈ ਇੰਤਜ਼ਾਰ ਕਰਨ ਨੂੰ ਤਿਆਰ ਨਹੀਂ ਹੈ। ਅਸੀਂ ਹੁਣ ਧਾਰਮਿਕ ਸਥਾਨਾਂ ਉੱਤੇ ਜਾ ਕੇ ਵੀ ਸਹਿਜ ਨਹੀਂ ਹੁੰਦੇ। ਮੰਦਿਰ, ਮਸਜਿਦ, ਗੁਰਦੁਆਰੇ, ਚਰਚ ਆਦਿ ਵਿਚ ਮੱਥਾ ਟੇਕਣ ਵੇਲੇ ਵੀ ਮਨ ਵਿਚ ਕਾਹਲ ਪਈ ਰਹਿੰਦੀ ਹੈ। ਕਿਸੇ ਧਾਰਮਿਕ ਸਥਾਨ ਉੱਤੇ ਬਹੁਤ ਵੱਡੀ ਗਿਣਤੀ ਸ਼ਰਧਾਲੂਆਂ ਵੱਲੋਂ ਮੱਥਾ ਟੇਕਣ ਜਾਣ ਦੀ ਸੂਰਤ ਵਿਚ ਉਥੋਂ ਦੇ ਪ੍ਰਬੰਧਕਾਂ ਵੱਲੋਂ ਬਹੁਤ ਹੀ ਮਹੱਤਵਪੂਰਨ ਵਿਅਕਤੀਆਂ, ਰਾਜਸੀ ਲੀਡਰਾਂ, ਹੋਰ ਸਮਾਜ ਦੇ ਧਨੀ ਲੋਕਾਂ ਲਈ ਜਨ ਸਧਾਰਨ ਵਾਲ਼ੇ ਮਾਰਗ ਤੋਂ ਇਲਾਵਾ ਇੱਕ ਹੋਰ ਛੋਟਾ ਰਸਤਾ ਵੀ ਰੱਖਿਆ ਗਿਆ ਹੁੰਦਾ ਹੈ, ਜੋ ਲੋੜ ਅਨੁਸਾਰ ਹੀ ਖੋਲ੍ਹਿਆ ਜਾਂਦਾ ਹੈ ਤਾਂ ਜੋ ਵਧੇਰੇ ਮਹੱਤਵਪੂਰਨ ਵਿਅਕਤੀਆਂ ਨੂੰ ਮੱਥਾ ਟੇਕਣ ਵਿਚ ਦੇਰੀ ਨਾ ਹੋਵੇ। ਬੱਸ ਸਟੈਂਡ, ਰੇਲਵੇ ਸਟੇਸ਼ਨ ਉੱਤੇ ਲਾਈਨ ਵਿਚ ਖੜ੍ਹ ਕੇ ਟਿਕਟ ਕਟਾਉਂਦਿਆਂ, ਪੋਸਟ ਆਫ਼ਿਸ, ਬੈਂਕ, ਬੀਮਾ ਕੰਪਨੀ ਜਾਂ ਹੋਰ ਕਿਸੇ ਸਰਕਾਰੀ ਜਾਂ ਪ੍ਰਾਈਵੇਟ ਦਫ਼ਤਰ ਵਿਚ ਕੋਈ ਵੀ ਕੰਮ ਕਰਵਾਉਂਦਿਆਂ ਅਸੀਂ ਸਹਿਜਤਾ ਬਿਲਕੁਲ ਛੱਡ ਚੁੱਕੇ ਹਾਂ। ਬਹੁਤੇ ਲੋਕਾਂ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਨਿਯਮਾਂ ਨੂੰ ਛਿੱਕੇ ਟੰਗ ਕੇ ਪਹਿਲਾਂ ਆਪਣਾ ਕੰਮ ਕਰਵਾ ਲੈਣ। ਇਹ ਸਾਰਾ ਕੁਝ ਘਟ ਰਹੀ ਸਹਿਣਸ਼ੀਲਤਾ ਕਾਰਨ ਹੀ ਹੋ ਰਿਹਾ ਹੈ। ਜੇਕਰ ਸੜਕ ਉੱਤੇ ਚੱਲਦੇ ਸਮੇਂ ਕੋਈ ਅੱਗੇ ਜਾ ਰਿਹਾ ਵਾਹਨ ਆਪਣੇ ਤੋਂ ਪਿਛਲੇ ਵਾਹਨ ਨੂੰ ਸਮੇਂ ਸਿਰ ਰਸਤਾ ਨਾ ਦੇ ਸਕੇ ਤਾਂ ਸਹਿਜਤਾ ਗੁਆ ਕੇ ਇੱਕ ਧਿਰ ਦੂਜੀ ਧਿਰ ਨੂੰ ਕੋਸਣ ਲੱਗ ਪੈਂਦੀ ਹੈ। ਗਾਲ੍ਹਾਂ ਕੱਢੀਆਂ ਜਾਂਦੀਆਂ ਹਨ। ਕਈ ਵਾਰੀ ਤਾਂ ਹੱਥੋਪਾਈ ਤੱਕ ਨੌਬਤ ਆ ਜਾਂਦੀ ਹੈ। ਇਹ ਸਭ ਕੁਝ ਘਟ ਰਹੀ ਸਹਿਣਸ਼ੀਲਤਾ ਦਾ ਹੀ ਸਿੱਟਾ ਹੈ। ਗੁੱਸਾ ਆਉਣਾ, ਗੁੱਸੇ ਵਿਚ ਬੇਕਾਬੂ ਹੋ ਕੇ ਕੁੱਟ ਮਾਰ ਤੱਕ ਪਹੁੰਚ ਜਾਣਾ ਬਹੁਤ ਹੀ ਮਾੜੀ ਗੱਲ ਹੈ। ਸਾਡੀ ਸਿੱਖਿਆ ਪ੍ਰਣਾਲੀ ਵਿਚ ਸਾਨੂੰ ਇਹ ਸਿਖਾਉਣ ਵਿਚ ਕਿਧਰੇ ਕਮੀ ਰਹਿ ਗਈ ਹੈ ਕਿ ਦੂਜੇ ਇਨਸਾਨ ਦੀ ਕਿਸ ਪ੍ਰਕਾਰ ਕਦਰ ਕਰਨੀ ਹੈ? ਮਾਨਸ ਦੀ ਜਾਤ ਨੂੰ ਇੱਕ ਸਮਾਨ ਸਮਝਣਾ ਹੈ। ਮਾਨਵ ਦਾ ਸਤਿਕਾਰ ਕਿਸ ਤਰ੍ਹਾਂ ਕਰਨਾ ਹੈ? ਦੂਜਿਆਂ ਦਾ ਸਤਿਕਾਰ ਕਰਨਾ ਤਾਂ ਬਹੁਤ ਵੱਡੀ ਗੱਲ ਹੈ। ਹੁਣ ਹਾਲਾਤ ਇਹ ਬਣੇ ਪਏ ਹਨ ਕਿ ਬਹੁਤੇ ਆਪਣੇ ਆਪ ਦਾ, ਆਪਣੇ ਮਾਂ-ਬਾਪ ਦਾ ਸਤਿਕਾਰ ਵੀ ਨਹੀਂ ਕਰਦੇ। ਪਤੀ ਪਤਨੀ ਵਿਚ ਤਣਾਅ ਵਧ ਰਿਹਾ ਹੈ। ਭਰਾ, ਭਰਾ ਦੇ ਖ਼ੂਨ ਦਾ ਪਿਆਸਾ ਹੋ ਚੁੱਕਾ ਹੈ। ਅਜਿਹੇ ਹਾਲਾਤ ਵਿਚ ਸਾਡਾ ਸਮਾਜ ਕਿੱਧਰ ਨੂੰ ਜਾ ਰਿਹਾ ਹੈ? ਸੱਚਮੁੱਚ ਇਹ ਬਹੁਤ ਹੀ ਭਿਆਨਕ ਸਥਿਤੀ ਬਣੀ ਹੈ। ਪਿੱਛੇ ਜਿਹੇ ਕੁਝ ਵਿਅਕਤੀਆਂ ਨੇ ਇੱਕ ਨੌਜਵਾਨ ਦਾ ਕਤਲ ਇਸ ਲਈ ਕਰ ਦਿੱਤਾ, ਕਿਉਂਕਿ ਉਸ ਨੇ ਉਨ੍ਹਾਂ ਦੀ ਕਾਰ ਨੂੰ ਸਾਈਡ ਦੇਣ ਵਿਚ ਕੁਤਾਹੀ ਕਰ ਦਿੱਤੀ ਸੀ। ਇਸੇ ਪ੍ਰਕਾਰ ਪਿਛਲੇ ਸਾਲ ਕਮਰੇ ਦਾ ਕਿਰਾਇਆ ਸਮੇਂ ਸਿਰ ਨਾ ਦੇਣ ਕਾਰਨ ਮਾਮੂਲੀ ਤਕਰਾਰ ਉੱਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੜ੍ਹਦੇ ਇੱਕ ਵਿਦਿਆਰਥੀ ਦਾ ਛੁਰਾ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਅਜਿਹੀਆਂ ਘਟਨਾਵਾਂ ਸਮਾਜ ਨੂੰ ਕਿਸ ਪਾਸੇ ਲੈ ਕੇ ਜਾ ਰਹੀਆਂ ਹਨ? ਅਜਿਹੀਆਂ ਦਰਦਨਾਕ ਘਟਨਾਵਾਂ ਕਿਉਂ ਵਾਪਰ ਰਹੀਆਂ ਹਨ? ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਅਜਿਹੀ ਮਾਨਸਿਕਤਾ ਕਿਉਂ ਬਣ ਰਹੀ ਹੈ? ਕੀ ਇਸ ਸਭ ਕੁਝ ਦਾ ਜ਼ਿੰਮੇਵਾਰ ਸਮਾਜ ਹੈ? ਕੀ ਇਸ ਦਾ ਜ਼ਿੰਮੇਵਾਰ ਸਾਡਾ ਸਿੱਖਿਆ ਤੰਤਰ ਹੈ? ਕੀ ਇਸ ਦੇ ਜ਼ਿੰਮੇਵਾਰ ਸਾਡੇ ਪਰਿਵਾਰ ਹਨ? ਕੀ ਇਸ ਦੇ ਜ਼ਿੰਮੇਵਾਰ ਸਾਡੇ ਨੌਜਵਾਨ ਖ਼ੁਦ ਹਨ? ਕੀ ਇਸ ਦੇ ਜ਼ਿੰਮੇਵਾਰ ਨਸ਼ੇ ਹਨ? ਜਾਂ ਇਸ ਕਿਸਮ ਦੀਆਂ ਹੋਰ ਚੀਜ਼ਾਂ ਹਨ? ਅੱਜ ਵਿਦਿਆਰਥੀਆਂ ਨੂੰ, ਨੌਜਵਾਨਾਂ ਨੂੰ, ਮੁਟਿਆਰਾਂ ਨੂੰ ਕੇਵਲ ਇਹੋ ਸਿੱਖਿਆ ਦਿੱਤੀ ਜਾ ਰਹੀ ਹੈ ਕਿ ਬੱਸ ਅੱਗੇ ਵਧਣਾ ਹੈ। ਕੀ ਸਿੱਖਿਆ ਵਿਚ ਸਿਰਫ਼ ਇਹ ਸੋਚ ਹੁੰਦੀ ਹੈ ਕਿ ਹਰ ਹਾਲਤ ਵਿਚ ਦੂਜਿਆਂ ਨੂੰ ਪਛਾੜ ਕੇ ਪਹਿਲੇ ਨੰਬਰ ਉੱਤੇ ਹੀ ਆਉਣਾ ਹੈ? ਕੀ ਇਸ ਪ੍ਰਕਾਰ ਦੀ ਸਫ਼ਲਤਾ ਹਾਸਲ ਕਰਨ ਲਈ ਨੈਤਿਕਤਾ ਦੇ ਮਾਪਦੰਡ ਕੋਈ ਮਾਅਨੇ ਨਹੀਂ ਰੱਖਦੇ? ਬਿਲਕੁਲ ਇਸੇ ਪ੍ਰਕਾਰ ਹੀ ਅੱਜ ਹਰੇਕ ਵਿਅਕਤੀ ਦੀ ਅਮੀਰ ਬਣਨ ਦੀ ਲਾਲਸਾ ਇੰਨੀ ਵਧ ਗਈ ਹੈ ਕਿ ਪੈਸਾ ਕਮਾਉਣ ਲਈ ਯੋਗ ਜਾਂ ਅਯੋਗ ਸਾਧਨ ਕੋਈ ਮਾਇਨੇ ਨਹੀਂ ਰੱਖਦੇ? ਅਜਿਹੀ ਸਥਿਤੀ ਵਿਚ ਕਿਸ ਤਰ੍ਹਾਂ ਦੇ ਨਾਗਰਿਕ ਤਿਆਰ ਹੋ ਰਹੇ ਹਨ? ਅੱਜ ਦਾ ਨੌਜਵਾਨ ਵਰਗ ਨਾ ਤਾਂ ਹੱਥੀਂ ਕੰਮ ਕਰਨਾ ਚਾਹੁੰਦਾ ਹੈ। ਨਾ ਵੱਡਿਆਂ ਦੀ ਇੱਜ਼ਤ ਕਰਨੀ ਚਾਹੁੰਦਾ ਹੈ। ਨਾ ਆਪਣੇ ਮਾਪਿਆਂ ਨੂੰ ਸਤਿਕਾਰ ਦੇਣਾ ਚਾਹੁੰਦਾ ਹੈ। ਸੋਚਣ ਅਤੇ ਵਿਚਾਰਨ ਵਾਲ਼ੀ ਗੱਲ ਹੈ ਕਿ ਅਜਿਹੀਆਂ ਪ੍ਰਸਥਿਤੀਆਂ ਵਿਚ ਸਾਡੇ ਸਮਾਜ ਦੀ ਸਿਰਜਣਾ ਕਿਹੋ ਜਿਹੀ ਹੋਵੇਗੀ? ਸਾਡਾ ਸਮਾਜ ਕਿੱਧਰ ਨੂੰ ਜਾਵੇਗਾ? ਹੁਣ ਸਮਾਜ ਸ਼ਾਸਤਰੀਆਂ ਨੂੰ ਤਾਂ ਇੰਝ ਲੱਗਣ ਲੱਗ ਪਿਆ ਹੈ ਕਿ ਕੀ ਅਸੀਂ ਹੌਲੀਹੌਲੀ ਅਮਰੀਕਾ ਵਾਲੇ 'ਸ਼ੂਟ-ਆਊਟ' ਕਰਨ ਵਾਲ਼ੀਆਂ ਘਟਨਾਵਾਂ ਵੱਲ ਤਾਂ ਨਹੀਂ ਵਧ ਰਹੇ? ਅਜਿਹੀਆਂ ਪ੍ਰਸਥਿਤੀਆਂ ਵਿਚ ਸਾਡੇ ਸਿੱਖਿਆ ਸ਼ਾਸਤਰੀਆਂ, ਸਮਾਜ ਦੇ ਸੂਝਵਾਨ ਤੇ ਜ਼ਹੀਨ ਸੋਚ ਦੇ ਧਾਰਨੀ ਪਤਵੰਤਿਆਂ, ਸਾਡੀਆਂ ਸਰਕਾਰਾਂ ਨੂੰ ਸਾਡੇ ਵਿੱਦਿਅਕ ਢਾਂਚੇ ਉੱਪਰ ਗੌਰ, ਨਜ਼ਰਸਾਨੀ ਜ਼ਰੂਰ ਕਰਨੀ ਚਾਹੀਦੀ ਹੈ। ਕਿਤੇ ਅਜਿਹਾ ਤਾਂ ਨਹੀਂ ਕਿ ਵਿਦਿਆਰਥੀਆਂ ਨੂੰ ਜੋ ਪੜ੍ਹਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਜੋ ਸਿਖਾਇਆ ਜਾ ਰਿਹਾ ਹੈ, ਉਹ ਚੰਗੇ ਨਾਗਰਿਕ ਪੈਦਾ ਕਰਨ ਵਿਚ ਸਹਾਈ ਨਾ ਹੋ ਰਿਹਾ ਹੋਵੇ। ਇਸ ਸਾਰੇ ਮਾਮਲੇ ਨੂੰ ਬਹੁਤ ਹੀ ਗੰਭੀਰਤਾ ਅਤੇ ਸੰਜੀਦਗੀ ਨਾਲ਼ ਵਿਚਾਰ ਕੇ ਇਸ ਦਾ ਯੋਗ ਅਤੇ ਢੁੱਕਵਾਂ ਹੱਲ ਕਰਨ ਵੱਲ ਵਧਣਾ ਚਾਹੀਦਾ ਹੈ। ਹੁਣ ਅਜਿਹੀ ਸਮਾਜਿਕ ਹਾਲਤ ਬਣ ਗਈ ਹੈ ਕਿ ਕੋਈ ਕਿਸੇ ਨੂੰ ਰੋਕ ਟੋਕ ਨਹੀਂ ਰਿਹਾ। ਕੋਈ ਕਿਸੇ ਨੂੰ ਵਰਜ ਨਹੀਂ ਰਿਹਾ। ਜਿਸ ਦਾ ਜੋ ਦਿਲ ਕਰਦਾ ਹੈ, ਉਹੀ ਕਰ ਰਿਹਾ ਹੈ। ਇਹ ਸਮੱਸਿਆ ਨਸ਼ੇ ਤੋਂ ਵੀ ਕਿਤੇ ਵੱਧ ਗੰਭੀਰ ਹੈ। ਜੇਕਰ ਇਸ ਗੰਭੀਰ ਮਸਲੇ ਵੱਲ ਫੌਰੀ ਤੌਰ ਉੱਤੇ ਸਾਡੇ ਸਮਾਜ ਸ਼ਾਸਤਰੀਆਂ, ਅਧਿਆਪਕਾਂ ਅਤੇ ਪਰਿਵਾਰਾਂ ਦੇ ਮੁਖੀਆਂ ਨੇ ਧਿਆਨ ਨਾ ਦਿੱਤਾ ਤਾਂ ਹਾਲਾਤ ਹੋਰ ਵੀ ਜ਼ਿਆਦਾ ਵਿਗੜਨ ਦੀਆਂ ਸੰਭਾਵਨਾਵਾਂ ਹਨ। ਅਸਹਿਣਸ਼ੀਲਤਾ ਨਾਂ ਦੀ ਬਿਮਾਰੀ ਸਾਰੇ ਸਮਾਜ ਵਿਚ ਅਮਰ ਵੇਲ ਵਾਂਗ ਵਧ ਰਹੀ ਹੈ। ਜੇਕਰ ਇਸ ਦਾ ਫੌਰੀ ਕੋਈ ਹੱਲ ਨਾ ਕੀਤਾ ਗਿਆ। ਇਸ ਨੂੰ ਜਲਦੀ ਨਾ ਰੋਕਿਆ ਗਿਆ ਤਾਂ ਇਹ ਸਾਡੇ ਸਮਾਜ ਲਈ ਬਹੁਤ ਹੀ ਘਾਤਕ ਸਿੱਧ ਹੋ ਸਕਦੀ ਹੈ। ਕੋਈ ਸਮਾਂ ਸੀ, ਜਦੋਂ ਖੇਡਾਂ ਆਪਸੀ ਪਿਆਰ, ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਵਧਾਉਣ ਲਈ ਖੇਡੀਆਂ ਜਾਂਦੀਆਂ ਸਨ। ਖੇਡ ਵਿਚ ਜੇਤੂ ਧਿਰ ਨੇ ਆਪਣੀ ਖ਼ੁਸ਼ੀ ਦੂਜਿਆਂ ਨਾਲ਼ ਸਲੀਕੇ ਨਾਲ਼ ਸਾਂਝੀ ਕਰਨੀ ਹੁੰਦੀ ਹੈ ਅਤੇ ਹਾਰੀ ਹੋਈ ਧਿਰ ਨੇ ਆਪਣੀ ਹਾਰ ਨੂੰ ਸਹਿਜਤਾ ਨਾਲ਼ ਲੈਂਦੇ ਹੋਏ ਖੇਡ ਦੌਰਾਨ ਕੀਤੀਆਂ ਆਪਣੀਆਂ ਗ਼ਲਤੀਆਂ ਉੱਤੇ ਨਜ਼ਰਸਾਨੀ ਕਰਕੇ ਅੱਗੋਂ ਲਈ ਆਪਣੀ ਖੇਡ ਨੂੰ ਬਿਹਤਰ ਬਣਾਉਣਾ ਹੁੰਦਾ ਹੈ। ਪਰੰਤੂ ਵਧ ਰਹੀ ਅਸਹਿਣਸ਼ੀਲਤਾ ਦੇ ਕਾਰਨ ਜਿੱਤ ਅਤੇ ਮੁਕਾਬਲੇ ਦੀ ਲਾਲਸਾ ਨੇ ਖੇਡਾਂ ਨੂੰ ਵੀ ਜੰਗ ਦਾ ਰੂਪ ਦੇ ਦਿੱਤਾ ਹੈ। ਹੁਣ ਖਿਡਾਰੀ ਕਬੱਡੀ, ਹਾਕੀ, ਫੁੱਟਬਾਲ, ਕ੍ਰਿਕਟ ਆਦਿ ਖੇਡ ਖੇਡਣ ਲਈ ਟੀਕੇ ਤੱਕ ਲਾਉਣ ਲੱਗ ਪਏ ਹਨ। ਤਾਂ ਜੋ ਉਹ ਹਰ ਹਾਲਤ ਵਿਚ ਜਿੱਤ ਹਾਸਲ ਕਰ ਸਕਣ। ਜੇਕਰ ਫਿਰ ਵੀ ਵਿਰੋਧੀ ਟੀਮ ਜਿੱਤ ਜਾਂਦੀ ਹੈ ਤਾਂ ਗਾਲੀ ਗਲੋਚ, ਹੱਥੋਪਾਈ ਅਤੇ ਕਤਲ ਕਰ ਦੇਣ ਤੱਕ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਵਧ ਰਹੀ ਅਸਹਿਣਸ਼ੀਲਤਾ ਕਾਰਨ ਜਦੋਂ ਜਦੋਂ ਸਾਡੇ ਸਮਾਜ ਵਿਚ ਦਰਦਨਾਕ, ਖੌਫ਼ਨਾਕ ਘਟਨਾਵਾਂ ਵਾਪਰਦੀਆਂ ਹਨ, ਉਦੋਂ ਹੀ ਸਮਾਜ ਸ਼ਾਸਤਰੀਆਂ ਨੂੰ ਚਿੰਤਾ ਅਤੇ ਫ਼ਿਕਰ ਸਤਾਉਣ ਲੱਗ ਪੈਂਦਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਇਸ ਗੰਭੀਰ ਮਸਲੇ ਉੱਤੇ ਸੋਚ-ਵਿਚਾਰ ਅਤੇ ਚਿੰਤਨ ਕਰਨ ਦੀ ਲੋੜ ਹੈ।

*ਇਹ ਸਾਰਾ ਕੁਝ ਘਟ ਰਹੀ ਸਹਿਣਸ਼ੀਲਤਾ ਕਾਰਨ ਹੀ ਹੋ ਰਿਹਾ ਹੈ। ਜੇਕਰ ਸੜਕ ਉੱਤੇ ਚੱਲਦੇ ਸਮੇਂ ਕੋਈ ਅੱਗੇ ਜਾ ਰਿਹਾ ਵਾਹਨ ਆਪਣੇ ਤੋਂ ਪਿਛਲੇ ਵਾਹਨ ਨੂੰ ਸਮੇਂ ਸਿਰ ਰਸਤਾ ਨਾ ਦੇ ਸਕੇ ਤਾਂ ਸਹਿਜਤਾ ਗੁਆ ਕੇ ਇੱਕ ਧਿਰ ਦੂਜੀ ਧਿਰ ਨੂੰ ਕੋਸਣ ਲੱਗ ਪੈਂਦੀ ਹੈ। ਗਾਲ੍ਹਾਂ ਕੱਢੀਆਂ ਜਾਂਦੀਆਂ ਹਨ। ਕਈ ਵਾਰੀ ਤਾਂ ਹੱਥੋਪਾਈ ਤੱਕ ਨੌਬਤ ਆ ਜਾਂਦੀ ਹੈ। ਇਹ ਸਭ ਕੁਝ ਘਟ ਰਹੀ ਸਹਿਣਸ਼ੀਲਤਾ ਦਾ ਹੀ ਸਿੱਟਾ ਹੈ। ਗੁੱਸਾ ਆਉਣਾ, ਗੁੱਸੇ ਵਿਚ ਬੇਕਾਬੂ ਹੋ ਕੇ ਕੁੱਟ ਮਾਰ ਤੱਕ ਪਹੁੰਚ ਜਾਣਾ ਬਹੁਤ ਹੀ ਮਾੜੀ ਗੱਲ ਹੈ। ਸਾਡੀ ਸਿੱਖਿਆ ਪ੍ਰਣਾਲੀ ਵਿਚ ਸਾਨੂੰ ਇਹ ਸਿਖਾਉਣ ਵਿਚ ਕਿਧਰੇ ਕਮੀ ਰਹਿ ਗਈ ਹੈ ਕਿ ਦੂਜੇ ਇਨਸਾਨ ਦੀ ਕਿਸ ਪ੍ਰਕਾਰ ਕਦਰ ਕਰਨੀ ਹੈ? ਮਾਨਸ ਦੀ ਜਾਤ ਨੂੰ ਇੱਕ ਸਮਾਨ ਸਮਝਣਾ ਹੈ। ਮਾਨਵ ਦਾ ਸਤਿਕਾਰ ਕਿਸ ਤਰ੍ਹਾਂ ਕਰਨਾ ਹੈ? ਦੂਜਿਆਂ ਦਾ ਸਤਿਕਾਰ ਕਰਨਾ ਤਾਂ ਬਹੁਤ ਵੱਡੀ ਗੱਲ ਹੈ। ਹੁਣ ਹਾਲਾਤ ਇਹ ਬਣੇ ਪਏ ਹਨ ਕਿ ਬਹੁਤੇ ਆਪਣੇ ਆਪ ਦਾ, ਆਪਣੇ ਮਾਂ-ਬਾਪ ਦਾ ਸਤਿਕਾਰ ਵੀ ਨਹੀਂ ਕਰਦੇ। ਪਤੀ ਪਤਨੀ ਵਿਚ ਤਣਾਅ ਵਧ ਰਿਹਾ ਹੈ। ਭਰਾ, ਭਰਾ ਦੇ ਖ਼ੂਨ ਦਾ ਪਿਆਸਾ ਹੋ ਚੁੱਕਾ ਹੈ। ਅਜਿਹੇ ਹਾਲਾਤ ਵਿਚ ਸਾਡਾ ਸਮਾਜ ਕਿੱਧਰ ਨੂੰ ਜਾ ਰਿਹਾ ਹੈ?*

Passport Photos
Family Partrait
Graduation
Fashion | Glamour
Photo Restoration
Photography
for all occasions

ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Kulwinder Bains
Certified Credit Counellor
778-998-9402
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
DDS: Diverse Debt Solutions Ltd.
unit # 205-12899-76 Ave. Surrey

# ਪੰਜਾਬ ਦੇ ਮੁਲਾਜ਼ਮਾਂ 'ਚ ਬੇਚੈਨੀ ਕਿਉਂ?

ਲਿਖਤ : ਗੁਰਮੀਤ ਸਿੰਘ ਪਲਾਹੀ, 98158 - 02070

ਪੰਜਾਬ ਸਰਕਾਰ ਦੇ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਲਈ ਲਗਾਤਾਰ ਸਾਲਾਂ ਤੋਂ ਸੰਘਰਸ਼ ਦੇ ਰਾਹ ਹਨ। ਜਦੋਂ ਵੀ ਕੋਈ ਚੋਣ, ਭਾਵੇਂ ਉਹ ਲੋਕ ਸਭਾ ਦੀ ਹੋਵੇ, ਵਿਧਾਨ ਸਭਾ ਦੀ ਹੋਵੇ ਜਾਂ ਕੋਈ ਜ਼ਿਮਨੀ ਚੋਣ, ਮੁਲਾਜ਼ਮ ਉਸ ਵੇਲੇ ਮੌਕੇ ਦੀ ਸਰਕਾਰ 'ਤੇ ਦਬਾਅ ਬਣਾਉਂਦੇ ਹਨ, ਆਪਣੀਆਂ ਮੰਗਾਂ ਹਾਕਮਾਂ ਅੱਗੇ ਵੀ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਅੱਗੇ ਵੀ ਰੱਖਦੇ ਹਨ ਤਾਂ ਕਿ ਉਨ੍ਹਾਂ ਦੀ ਸੁਣਵਾਈ ਹੋ ਸਕੇ। ਪਰ ਬਹੁਤੀ ਵੇਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ। ਪੰਜਾਬ ਦੇ ਹਜ਼ਾਰਾਂ ਮੁਲਾਜ਼ਮ ਅਸੰਤੁਸ਼ਟ ਹਨ। ਸਰਕਾਰ ਦੇ ਵਿਵਹਾਰ ਤੋਂ ਉਹ ਮਹਿਸੂਸ ਕਰਨ ਲੱਗ ਪਏ ਹਨ ਕਿ ਸਰਕਾਰ ਉਨ੍ਹਾਂ ਦੀ ਗੱਲ ਨਹੀਂ ਸੁਣਦੀ। ਉਨ੍ਹਾਂ ਦੀਆਂ ਮੰਗਾਂ ਸਿਰਫ਼ ਉਨ੍ਹਾਂ ਦੇ ਵੇਤਨ ਜਾਂ ਸਿਰਫ ਵੇਤਨ ਤਰੁੱਟੀਆਂ ਨਾਲ ਹੀ ਸਬੰਧਤ ਨਹੀਂ ਹਨ। ਉਨ੍ਹਾਂ ਦੀਆਂ ਮੰਗਾਂ, ਉਨ੍ਹਾਂ ਨੂੰ ਨੌਕਰੀ 'ਚ ਪੱਕੇ ਕਰਨ, ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ, ਅਧਿਆਪਕਾਂ ਜਾਂ ਹੋਰ ਮੁਲਾਜ਼ਮਾਂ ਤੋਂ ਲਏ ਜਾ ਰਹੇ ਵਾਧੂ ਕੰਮਾਂ ਨਾਲ ਵੀ ਸਬੰਧਤ ਰਹਿੰਦੀਆਂ ਹਨ ਅਤੇ ਇਸ ਗੱਲ ਨਾਲ ਵੀ ਕਿ ਸਰਕਾਰਾਂ ਉਨ੍ਹਾਂ ਦਾ ਸ਼ੋਸ਼ਣ ਕਰਦੀਆਂ ਹਨ, ਸਿਰਫ਼ ਲਾਰੇ-ਲੱਪੇ ਲਾ ਕੇ ਸਮਾਂ ਟਪਾਉਂਦੀਆਂ ਹਨ ਅਤੇ ਉਨ੍ਹਾਂ ਦੀਆਂ ਸਹੀ ਮੰਗਾਂ, ਜਿਨ੍ਹਾਂ ਉਤੇ ਕਈ ਵੇਰ ਕੋਈ ਪੈਸਾ ਵੀ ਨਹੀਂ ਲੱਗਣਾ ਹੁੰਦਾ, ਵੀ ਨਹੀਂ ਮੰਨਦੀਆਂ। ਸੂਬੇ ਪੰਜਾਬ 'ਚ ਅੰਤਾਂ ਦੀ ਬੇਰੁਜ਼ਗਾਰੀ ਹੈ। ਪੜ੍ਹੇ ਲਿਖੇ ਨੌਜਵਾਨ ਡਿਗਰੀਆਂ ਹੱਥ ਲਈ ਫਿਰਦੇ ਹਨ, ਸਰਕਾਰੀ ਦਫ਼ਤਰਾਂ, ਸਕੂਲਾਂ 'ਚ ਅਸਾਮੀਆਂ ਖਾਲੀ ਹਨ, ਪਰ ਉਨ੍ਹਾਂ ਨੂੰ ਨਿਯੁਕਤੀਆਂ ਨਹੀਂ ਮਿਲਦੀਆਂ। ਜੇਕਰ ਨਿਯੁਕਤੀਆਂ ਮਿਲਦੀਆਂ ਹਨ, ਉਹ ਸਿਰਫ ਸੈਂਕੜੇ ਨੌਜਵਾਨਾਂ ਨੂੰ। ਇਸ ਨਾਲ ਨੌਜਵਾਨਾਂ 'ਚ ਬੇਚੈਨੀ ਵਧਦੀ ਹੈ, ਉਹ ਵਿਦੇਸ਼ਾਂ ਵੱਲ ਭੱਜਦੇ ਹਨ। ਕੀ ਸਿਰਫ ਕੀਤੇ ਹੋਏ ਐਲਾਨ ਨੌਜਵਾਨਾਂ ਨੂੰ ਸੰਤੁਸ਼ਟ ਕਰਨ ਲਈ ਕਾਫੀ ਹਨ? ਮੌਜੂਦਾ ਹਾਕਮਾਂ ਵਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਤੇ ਪਹਿਲਾਂ ਐਮ.ਪੀ. ਚੋਣਾਂ ਵੇਲੇ ਵੀ ਸਰਕਾਰੀ ਮੁਲਾਜ਼ਮਾਂ ਨਾਲ ਵਾਅਦੇ ਕੀਤੇ ਗਏ, ਪਰ ਸਰਕਾਰ ਦਾ ਅੱਧਾ ਸਮਾਂ ਟੱਪਣ ਉਪਰੰਤ ਵੀ ਇਹ ਵਾਅਦੇ ਲਾਰਿਆਂ ਦਾ ਰੂਪ ਧਾਰਨ ਕਰਦੇ ਜਾਪਦੇ ਹਨ। ਇਨ੍ਹਾਂ ਵਿਚੋਂ ਜਿਹੜੇ ਵਾਇਦੇ ਪੂਰੇ ਕਰਨ ਲਈ ਕੁਝ ਦਿਨ ਹੀ ਮੰਗੇ ਗਏ ਸਨ, ਉਹ ਲੰਮੀਆਂ ਦਫ਼ਤਰੀ ਪੇਚੀਦਗੀਆਂ ਦੀ ਭੇਟ ਚੜ੍ਹਾ ਦਿੱਤੇ ਗਏ ਹਨ। ਇਸ ਕਰਕੇ ਮੁਲਾਜ਼ਮਾਂ 'ਚ ਰੋਹ ਹੈ। ਉਹ ਗੁੱਸੇ ਨਾਲ ਭਰੇ-ਪੀਤੇ ਹਨ। ਬਿਨਾਂ ਸ਼ੱਕ ਪੰਜਾਬ ਸਰਕਾਰ ਦੀ ਹਾਲਤ ਵਿੱਤ ਪੱਖੋਂ ਚੰਗੀ ਨਹੀਂ ਹੈ।

ਇਸਦਾ ਖਾਮਿਆਜ਼ਾ ਪੰਜਾਬ ਦੇ ਮੁਲਾਜ਼ਮਾਂ ਨੂੰ ਵੱਧ ਭੁਗਤਣਾ ਪੈ ਰਿਹਾ ਹੈ। ਮਹਿੰਗਾਈ ਦਿਨੋਂ-ਦਿਨ ਵਧਦੀ ਹੈ, ਪਰ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨਹੀਂ ਮਿਲ ਰਹੀਆਂ। ਇਹ ਮੁਲਾਜ਼ਮਾਂ ਦੇ ਪਰਿਵਾਰਾਂ ਲਈ ਆਰਥਿਕ ਤੰਗੀ ਦਾ ਕਾਰਨ ਬਣ ਰਿਹਾ ਹੈ। ਮੁਲਾਜ਼ਮ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਮੰਗ ਰਹੇ ਹਨ, ਇਸ ਵਿਚ ਗਲਤ ਕੀ ਹੈ? ਜਦੋਂ ਸਰਕਾਰ ਹੱਦ ਤੋਂ ਪਾਰ ਜਾ ਕੇ ਕਰਜ਼ੇ ਲੈ ਕੇ ਸਰਕਾਰ ਚਲਾ ਰਹੀ ਹੈ, ਫਜ਼ੂਲ ਖਰਚਿਆਂ ਸਮੇਤ ਵੱਡੇ ਇਸ਼ਤਿਹਾਰ ਛਪਵਾ ਕੇ ਉਸ ਵਲੋਂ ਵੱਡੀਆਂ ਰਕਮਾਂ ਖ਼ਰਚ ਕੀਤੀਆਂ ਜਾ ਰਹੀਆਂ ਹਨ ਤਾਂ ਸਰਕਾਰ ਚਲਾਉਣ ਵਾਲੀ ਮਹੱਤਵਪੂਰਨ ਮਸ਼ੀਨਰੀ (ਮੁਲਾਜ਼ਮਾਂ) ਨੂੰ ਮਹਿੰਗਾਈ ਭੱਤਾ ਕਿਉਂ ਨਹੀਂ ਦਿੱਤਾ ਜਾ ਰਿਹਾ? ਮੁਲਾਜ਼ਮ ਧਰਨੇ ਦਿੰਦੇ ਹਨ। ਮੁਲਾਜ਼ਮ ਹੜਤਾਲ ਕਰਦੇ ਹਨ। ਬਿਜਲੀ ਮੁਲਾਜ਼ਮ ਕੰਮ ਕਰਨ ਤੋਂ ਆਤੁਰ ਹੋ ਕੇ ਘਰੀਂ ਬੈਠ ਜਾਂਦੇ ਹਨ। ਸਰਕਾਰੀ ਕੰਮਕਾਰ ਠੱਪ ਹੁੰਦਾ ਹੈ। ਲੋਕ ਪ੍ਰੇਸ਼ਾਨ ਹੁੰਦੇ ਹਨ। ਲੋਕਾਂ ਨੂੰ ਪ੍ਰੇਸ਼ਾਨੀ ਵਿਚੋਂ ਕੱਢਣਾ ਅਤੇ ਮੁਲਾਜ਼ਮਾਂ ਦੀ ਗੱਲ ਸੁਣਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਜ਼ਿੰਮੇਵਾਰੀ ਤੋਂ ਸਰਕਾਰ ਟਾਲਾ ਕਿਵੇਂ ਵੱਟ ਸਕਦੀ ਹੈ? ਮੁਲਾਜ਼ਮ ਜਥੇਬੰਦੀਆਂ ਨਾਲ ਗੱਲਬਾਤ ਦਾ ਸਮਾਂ ਨੀਅਤ ਕੀਤਾ ਜਾਂਦਾ ਹੈ। ਮੰਗਾਂ ਮੰਨਣ ਦਾ ਬਚਨ ਦੇ ਦਿੱਤਾ ਜਾਂਦਾ ਹੈ, ਪਰ ਗੱਲ ਅੱਗੇ ਨਹੀਂ ਤੁਰਦੀ। ਕੀ ਇਹ ਕਿਸੇ ਵੀ ਲੋਕਤੰਤਰੀ ਪ੍ਰਣਾਲੀ ਵਿਚ ਜਾਇਜ਼ ਹੈ? ਸੈਂਕੜੇ ਕੇਸ, ਅਦਾਲਤਾਂ ਉੱਚ ਅਦਾਲਤਾਂ 'ਚ ਲੰਬਿਤ ਪਏ ਹਨ। ਅਦਾਲਤਾਂ 'ਚ ਸੁਣਵਾਈ ਹੁੰਦੀ ਹੈ। ਫ਼ੈਸਲੇ ਹੁੰਦੇ ਹਨ। ਪਰ ਉਹ ਫ਼ੈਸਲੇ ਲਾਗੂ ਕਰਨ ਲਈ ਵੀ ਦੇਰ ਕੀਤੀ ਜਾਂਦੀ ਹੈ। ਆਖ਼ਿਰ ਸਰਕਾਰ ਜਾਂ ਸਰਕਾਰੀ ਅਫ਼ਸਰਸ਼ਾਹੀ ਟਾਲਾ ਵੱਟ ਕੇ ਕੀ ਵਿਖਾਉਣਾ ਚਾਹੁੰਦੀ ਹੈ? ਇਹ ਗੱਲ ਚਿੱਟੇ ਦਿਨ ਵਾਂਗਰ ਸੱਚ ਹੈ ਕਿ ਜਦੋਂ ਕੋਈ ਸਿਆਸੀ ਪਾਰਟੀ, ਵਿਰੋਧੀ ਧਿਰ 'ਚ ਬੈਠੀ ਹੁੰਦੀ ਹੈ, ਉਹ ਮੁਲਾਜ਼ਮਾਂ, ਕਿਸਾਨਾਂ,



ਮਜ਼ਦੂਰਾਂ ਦੇ ਹੱਕ 'ਚ ਵੱਡੇ ਬਿਆਨ ਦਿੰਦੀ ਹੈ, ਉਨ੍ਹਾਂ ਦੀਆਂ ਮੰਗਾਂ ਦਾ ਪੁਰਜ਼ੋਰ ਸਮਰਥਨ ਕਰਦੀ ਹੈ, "ਸਰਕਾਰ ਬਣਨ" 'ਤੇ ਕੁਝ ਦਿਨਾਂ 'ਚ ਮੰਗਾਂ ਮੰਨਣ ਦਾ ਐਲਾਨ ਕਰਦੀ ਹੈ। ਪਰ "ਸਰਕਾਰ", "ਵੱਡੀ ਸਰਕਾਰ" ਬਣਨ 'ਤੇ ਸਭ ਕੁਝ ਭੁੱਲ ਜਾਂਦੀ ਹੈ। ਕੀ ਇਹ ਨੈਤਿਕਤਾ ਦੇ ਵਿਰੁੱਧ ਨਹੀਂ? ਪੰਜਾਬ ਵਿਚ ਤਕਰੀਬਨ 2.85 ਲੱਖ ਸਰਕਾਰੀ ਕਰਮਚਾਰੀ, 70 ਹਜ਼ਾਰ ਠੇਕਾ ਕਰਮਚਾਰੀ ਅਤੇ 60 ਹਜ਼ਾਰ ਆਊਟਸੋਰਸ ਮੁਲਾਜ਼ਮ ਹਨ ਅਤੇ 3.07 ਲੱਖ ਪੈਨਸ਼ਨਰ ਹਨ। 'ਆਪ' ਸਰਕਾਰ ਨੇ ਵਾਅਦਾ ਕੀਤਾ ਸੀ ਕਿ ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਤੁਰੰਤ ਬਾਅਦ ਮੁਲਾਜ਼ਮਾਂ ਦੀਆਂ ਪ੍ਰਮੁੱਖ ਮੰਗਾਂ 'ਤੇ ਅਮਲ ਕੀਤਾ ਜਾਵੇਗਾ ਅਤੇ ਮੁਲਾਜ਼ਮਾਂ ਨਾਲ ਇਨਸਾਫ਼ ਕੀਤਾ ਜਾਵੇਗਾ। ਪਰ ਮੁਲਾਜ਼ਮ ਮਹਿਸੂਸ ਕਰਦੇ ਹਨ ਕਿ ਇਸ ਸਰਕਾਰ ਨੇ ਉਨ੍ਹਾਂ ਦੇ ਸਾਰੇ ਸੁਪਨੇ ਚਕਨਾਚੂਰ ਕਰ ਦਿੱਤੇ ਹਨ ਅਤੇ ਕੋਈ ਵੀ ਵਾਅਦਾ ਇਸ ਪਾਰਟੀ ਨੇ ਵਫ਼ਾ ਨਹੀਂ ਕੀਤਾ। ਮੁਲਾਜ਼ਮ ਕਿਸੇ ਵੀ ਸਰਕਾਰ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਪਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਸੁਹਿਰਦਤਾ ਨਾਲ ਸਰਕਾਰ ਨੇ ਕਦੇ ਵੀ ਨਹੀਂ ਵਿਚਾਰਿਆ। ਮੁਲਾਜ਼ਮਾਂ ਦੀਆਂ ਮੁੱਖ ਜਾਇਜ਼ ਮੰਗਾਂ ਜਿਵੇਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, 6ਵੇਂ ਤਨਖ਼ਾਹ ਕਮਿਸ਼ਨ ਵਿਚ ਸਮੂਹ ਮੁਲਾਜ਼ਮਾਂ ਨੂੰ 125% ਡੀ.ਏ.ਅਤੇ ਘੱਟੋ-ਘੱਟ 20% ਵਾਧੇ ਦੀ ਦਰ ਨਾਲ ਤਨਖਾਹ ਫ਼ਿਕਸ ਕਰ ਕੇ ਪੇ ਕਮਿਸ਼ਨ ਲਾਗੂ ਹੋਣ ਦੀ ਮਿਤੀ ਤੋਂ ਅਦਾਇਗੀ ਕਰਨਾ, ਡੀ.ਏ. ਅਤੇ ਤਨਖ਼ਾਹ ਕਮਿਸ਼ਨ ਦਾ ਬਕਾਇਆ ਏਰੀਅਰ ਤੁਰੰਤ ਜਾਰੀ ਕਰਨਾ, ਤਨਖਾਹ ਕਮਿਸ਼ਨ ਨੂੰ ਲੰਙੜੇ ਰੂਪ ਵਿਚ ਲਾਗੂ ਨਾ ਕਰਕੇ ਇੰਨਬਿੰਨ ਲਾਗੂ ਕਰਨਾ, ਜੁਲਾਈ 2021 ਤੋਂ 3% ਡੀ.ਏ. ਦੀ ਕਿਸ਼ਤ ਜਾਰੀ ਕਰਨਾ, ਪੈਨਸ਼ਨਰਜ਼ ਦੀ ਪੈਨਸ਼ਨ ਵਿਚ 125% ਡੀ.ਏ. ਅਤੇ 2.59 ਦੇ ਗੁਣਾਂਕ ਅੰਕ ਨਾਲ਼ ਪੈਨਸ਼ਨ ਫ਼ਿਕਸ ਕਰ ਕੇ ਪੇ ਕਮਿਸ਼ਨ ਲਾਗੂ ਹੋਣ ਦੀ ਮਿਤੀ ਤੋਂ ਬਕਾਇਆ ਜਾਰੀ ਕਰਨਾ, ਆਊਟਸੋਰਸ ਅਤੇ ਠੇਕਾ ਪ੍ਰਣਾਲੀ ਬੰਦ ਕਰ ਕੇ ਕੇਵਲ ਰੈਗੂਲਰ ਭਰਤੀਆਂ ਕਰਨਾ, ਠੇਕਾ ਆਧਾਰਿਤ ਆਊਟਸੋਰਸ, ਕੰਪਿਊਟਰ ਫੈਕਲਟੀ, ਮਨਰੇਗਾ, ਡੇਲੀਵੇਜ, ਮਿਡ-ਡੇਮੀਲ,ਆਸ਼ਾ ਵਰਕਰ,ਆਂਗਣਵਾੜੀ ਵਰਕਰ ਆਦਿ ਨੂੰ ਉਨ੍ਹਾਂ ਦੇ ਵਿਭਾਗਾਂ ਵਿਚ ਰੈਗੂਲਰ ਕਰਨਾ, ਬੰਦ ਕੀਤੇ ਭੱਤੇ ਜਾਰੀ ਕਰਵਾਉਣਾ, 17-07- 2020 ਤੋਂ ਪੰਜਾਬ ਪੇਅ ਕਮਿਸ਼ਨ ਦੀ ਥਾਂ 'ਤੇ ਕੇਂਦਰੀ ਤਨਖਾਹ ਕਮਿਸ਼ਨ ਲਾਗੂ ਨਾ ਕਰਨਾ ਅਤੇ ਲੋੜੀਂਦੀ ਸੰਖਿਆ ਵਿਚ ਮੁਲਾਜ਼ਮਾਂ ਦੀ ਭਰਤੀ ਨਾ ਕਰਨਾ ਸ਼ਾਮਲ ਹਨ। ਲੋਕ ਸਭਾ ਚੋਣਾਂ ਤੋਂ ਪਹਿਲਾਂ ਮੁਲਾਜ਼ਮ ਵਰਗ ਨੂੰ "ਗਾਰੰਟੀਆਂ" ਦਿੱਤੀਆਂ ਗਈਆਂ ਸਨ ਕਿ ਸਾਰੇ ਕੱਚੇ ਮੁਲਾਜ਼ਮ ਪੱਕੇ ਹੋਣਗੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ, ਕੋਈ ਕੱਚਾ ਅਧਿਆਪਕ ਨਹੀਂ ਰਹਿਣ ਦਿੱਤਾ ਜਾਵੇਗਾ, ਖ਼ਾਲੀ ਅਸਾਮੀਆਂ ਭਰੀਆਂ ਜਾਣਗੀਆਂ, ਵਿਦੇਸ਼ਾਂ ਤੋਂ ਸਿਖਲਾਈ ਦੁਆਈ ਜਾਵੇਗੀ, ਸਮੇਂ ਸਿਰ ਪ੍ਰਮੋਸ਼ਨ ਮਿਲੇਗੀ, ਕੈਸ਼ਲੈੱਸ ਬੀਮਾ ਲਾਗੂ ਕੀਤੀ ਜਾਵੇਗੀ ਅਤੇ ਅਧਿਆਪਕਾਂ ਤੋਂ ਗ਼ੈਰ ਵਿੱਦਿਅਕ ਕੰਮ ਨਹੀਂ ਲਏ ਜਾਣਗੇ। ਮੁਲਾਜ਼ਮ ਇਲਜ਼ਾਮ ਲਾਉਂਦੇ ਹਨ ਕਿ ਡਰਾਇੰਗ ਰੂਮਾਂ ਵਿਚ ਚੋਣ ਮੈਨੀਫੈਸਟੋ ਨਾ ਬਣਾ ਕੇ ਲੋਕਾਂ ਵਿਚ ਜਾ ਕੇ ਚੋਣ ਮੈਨੀਫੈਸਟੋ ਬਣਾਉਣ ਦਾ ਦਿਖਾਵਾ ਕਰਨ ਵਾਲ਼ੀ ਆਮ ਆਦਮੀ ਪਾਰਟੀ ਵਾਲੀ ਸਰਕਾਰ ਹੁਣ ਆਮ ਲੋਕਾਂ ਦੀ ਨਬਜ਼ ਪਛਾਣਨ ਵਿਚ ਅਸਮਰੱਥ ਨਜ਼ਰ ਆ ਰਹੀ ਹੈ ਅਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲ਼ਿਆ ਅਤੇ ਅਣਦੇਖਿਆਂ ਕਰ ਰਹੀ ਹੈ। ਸਾਰਾ ਮੁਲਾਜ਼ਮ ਵਰਗ ਸਰਕਾਰ ਤੋਂ ਨਾਖ਼ੁਸ਼ ਹੈ। ਪੰਜਾਬ ਵਿਚ ਨਿਰੰਤਰ ਕਿਸੇ ਨਾ ਕਿਸੇ ਮੁਲਾਜ਼ਮ ਜਥੇਬੰਦੀ ਵੱਲੋਂ ਲਗਾਏ ਜਾ ਧਰਨੇ, ਕੀਤੇ ਜਾ ਰਹੇ ਮੁਜ਼ਾਹਰੇ, ਰੋਸ ਮਾਰਚ, ਭੁੱਖ ਹੜਤਾਲਾਂ ਅਤੇ ਮਰਨ ਵਰਤ ਇਸ ਸਰਕਾਰ ਦੇ ਖੋਖਲੇ ਦਾਅਵਿਆਂ ਤੋਂ ਜਾਣੂੰ ਕਰਵਾਉਂਦੇ ਹਨ। ਮੁਲਾਜ਼ਮ ਵਰਗ ਕੋਲ਼ੋਂ ਲੋਕਤੰਤਰੀ ਅਤੇ ਸ਼ਾਂਤਮਈ ਤਰੀਕੇ ਨਾ਼ਲ ਆਪਣਾ ਪੱਖ ਰੱਖਣ ਦਾ ਹੱਕ ਵੀ ਖੋਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮੁੱਖ ਮੰਤਰੀ ਸਾਹਿਬ ਜਿਸ ਹਲਕੇ ਵਿਚ ਜਾਂਦੇ ਹਨ, ਉਸ ਹਲਕੇ ਦੇ 50-60 ਕਿਲੋਮੀਟਰ ਦੇ ਦਾਇਰੇ ਵਿਚ ਰਹਿਣ ਵਾਲ਼ੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੂੰ ਇੱਕ ਦਿਨ ਪਹਿਲਾਂ ਹੀ ਉਨ੍ਹਾਂ ਦੇ ਘਰਾਂ, ਸਕੂਲਾਂ ਅਤੇ ਥਾਣਿਆਂ ਵਿਚ ਨਜ਼ਰਬੰਦ ਕਰ ਕੇ ਲੋਕਤੰਤਰ ਦਾ ਘਾਣ ਕੀਤਾ ਜਾਂਦਾ ਹੈ। ਇਹ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਮੁਲਾਜ਼ਮ ਆਪਣੀ ਸਿਆਸੀ ਪਛਾਣ ਅਤੇ ਆਪਣਾ ਸਿਆਸੀ ਵਿਹਾਰ ਧਰਮ ਨਿਰਪੱਖ ਅਤੇ ਪੱਖਪਾਤ ਰਹਿਤ ਰੱਖਦੇ ਹਨ। ਜਦੋਂ ਵੀ ਸਰਕਾਰਾਂ ਵਲੋਂ ਉਨ੍ਹਾਂ ਦੀ ਗੱਲ ਸੁਣੀ ਨਹੀਂ ਜਾਂਦੀ, ਉਹ ਲੋਕਤੰਤਰੀ ਢੰਗ-ਤਰੀਕਿਆਂ ਨਾਲ ਆਪਣੀ ਗੱਲ ਸਰਕਾਰ ਦੇ ਕੰਨੀ ਪਹੁੰਚਾਉਣ ਦਾ ਯਤਨ ਕਰਦੇ ਹਨ। ਇਹ ਵਰਤਾਰਾ ਆਜ਼ਾਦੀ ਤੋਂ ਬਾਅਦ ਲਗਾਤਾਰ ਕਾਇਮ ਰਿਹਾ ਹੈ। ਮੁਲਾਜ਼ਮ ਵਰਗ ਵਲੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਵੱਡੀ ਪੱਧਰ 'ਤੇ ਸੰਘਰਸ਼ ਕੀਤੇ ਗਏ ਅਤੇ ਸਫਲਤਾ ਵੀ ਪ੍ਰਾਪਤ ਕੀਤੀ ਗਈ। ਇਹ ਵੀ ਸੱਚ ਹੈ ਕਿ ਇਹ ਮੁਲਾਜ਼ਮ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਢਾਈ ਸਾਲਾਂ ਦੇ ਮੌਜੂਦਾ ਸਰਕਾਰ ਦੇ ਸਫ਼ਰ ਦੌਰਾਨ, ਸਰਕਾਰ ਅਤੇ ਮੁਲਜ਼ਾਮਾਂ ਦੀਆਂ ਦੂਰੀਆਂ ਦਾ ਵਧਣਾ, ਔਝੜੇ ਰਾਹੀਂ ਪਏ ਪੰਜਾਬ ਲਈ ਸ਼ੁਭ ਸੰਕੇਤ ਨਹੀਂ ਹੈ। ਆਰਥਿਕ ਤੌਰ 'ਤੇ ਪੰਜਾਬ ਲੜਖੜਾਇਆ ਹੋਇਆ ਹੈ। ਸਿਆਸੀ ਤੌਰ 'ਤੇ ਪੰਜਾਬ ਇੱਕ ਖਿਲਾਅ ਭੋਗ ਰਿਹਾ ਹੈ। ਕੇਂਦਰ ਨਾਲ ਪੰਜਾਬ ਦਾ ਇੱਟ-ਖੜਿੱਕਾ ਜਾਰੀ ਰਹਿੰਦਾ ਹੈ। ਕੇਂਦਰ ਵਲੋਂ ਗ੍ਰਾਂਟਾਂ ਆਨੇ-ਬਹਾਨੇ ਰੋਕੀਆਂ ਜਾ ਰਹੀਆਂ ਹਨ। ਇਸ ਤੋਂ ਵੀ ਉਪਰ ਪੰਜਾਬ ਦੀ ਵੱਡੀ ਅਫ਼ਸਰਸ਼ਾਹੀ ਉਤੇ ਇਲਜ਼ਾਮ ਲਗਦਾ ਹੈ ਕਿ ਉਹ ਸਰਕਾਰ ਨਾਲ ਇਕਸੁਰ ਨਹੀਂ। ਇਸ ਸਭ ਕੁਝ ਦੇ ਬਾਵਜੂਦ ਪੰਜਾਬ ਦੇ ਮੁਲਾਜ਼ਮ ਪੰਜਾਬ ਦੇ ਵਿਕਾਸ, ਚੰਗੇਰੇ ਪੰਜਾਬ ਦੀ ਉਸਾਰੀ ਲਈ ਪੰਜਾਬ ਹਿਤੈਸ਼ੀ ਰੋਲ ਨਿਭਾਉਂਦੇ ਦਿਸਦੇ ਹਨ। ਤਾਂ ਫਿਰ ਉਨ੍ਹਾਂ ਨੂੰ ਬਿਨਾਂ ਵਜਾਹ ਪ੍ਰੇਸ਼ਾਨ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਮੰਨਿਆ ਜਾ ਸਕਦਾ। ਇਹੋ ਜਿਹੇ ਹਾਲਾਤ ਵਿਚ ਮੁਲਾਜ਼ਮਾਂ ਜੋ ਸਰਕਾਰ ਦੀ ਰੀੜ ਦੀ ਹੱਡੀ ਹਨ, ਉਨ੍ਹਾਂ ਨਾਲ ਸਰਕਾਰ ਨੂੰ ਇਕਸੁਰ ਹੋ ਕੇ ਕੰਮ ਕਰਨ ਦੀ ਲੋੜ ਹੈ। ਅਤੇ ਸਰਕਾਰ ਨੂੰ ਮੁਲਾਜ਼ਮਾਂ ਦੇ ਮੁੱਦਿਆਂ ਉਤੇ ਗੰਭੀਰਤਾ ਨਾਲ ਵਿਚਾਰ ਕਰ ਕੇ, ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਵੱਲ ਤੁਰਨਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦਾ ਸਰਕਾਰ ਅਤੇ ਮੁਲਾਜ਼ਮਾਂ ਵਿਚ ਟਕਰਾਅ ਲੋਕ ਹਿੱਤ ਵਿਚ ਨਹੀਂ ਹੈ।

---

# ਬੇਵਸੀ

ਲਿਖਤ : ਹਰਜੀਤ ਸਿੰਘ, ਸੰਪਰਕ: 92177-01415

ਮੇਰੇ ਸਾਹਮਣੇ ਸੀਟ 'ਤੇ ਇੱਕ ਬਜ਼ੁਰਗ ਜੋੜਾ ਬੈਠਾ ਸੀ। "ਛੇਤੀ ਕੁਲੀ ਲੱਭੋ। ਅਟੈਚੀ ਭਾਰਾ ਹੈ, ਨਾ ਮੈਥੋਂ ਚੁੱਕਿਆ ਜਾਣਾ ਹੈ ਨਾ ਹੀ ਤੁਹਾਡੇ ਕੋਲੋਂ। ਗੱਡੀ ਵੀ ਇੱਥੇ ਥੋੜ੍ਹਾ ਚਿਰ ਹੀ ਰੁਕਦੀ ਹੈ।" ਔਰਤ ਨੇ ਮਰਦ ਨੂੰ ਆਖਿਆ। ਆਦਮੀ ਨੇ ਇੱਧਰ ਓਧਰ ਵੇਖਿਆ ਪਰ ਕੋਈ ਵੀ ਕੁਲੀ ਨਾ ਮਿਲਿਆ। "ਕੋਈ ਗੱਲ ਨਹੀਂ ਮੈਨੂੰ ਅਟੈਚੀ ਫੜਾਉ, ਮੈਂ ਬਾਹਰ ਲੈ ਜਾਂਦਾ ਹਾਂ।" ਇਹ ਆਖ ਮੈਂ ਅਟੈਚੀ ਚੁੱਕਿਆ ਅਤੇ ਬਾਹਰ ਪਲੈਟਫਾਰਮ 'ਤੇ ਲਿਆ ਕੇ ਰੱਖ ਦਿੱਤਾ। ਅਟੈਚੀ ਭਾਰਾ ਸੀ। "ਮੇਰਾ ਪੁੱਤਰ ਇੱਥੇ ਨੌਕਰੀ ਕਰਦਾ ਹੈ। ਬਹੁਤ ਵਧੀਆ, ਇੱਜ਼ਤ ਮਾਣ ਵਾਲੀ ਨੌਕਰੀ ਹੈ, ਸਾਡਾ ਬਹੁਤ ਧਿਆਨ ਰੱਖਦਾ ਹੈ।" ਬਜ਼ੁਰਗ ਦੱਸ ਰਿਹਾ ਸੀ। ਪੁੱਤਰ ਦੀ ਉਡੀਕ ਵਿੱਚ ਬਜ਼ੁਰਗ ਬੇਚੈਨ ਹੋ ਰਿਹਾ ਸੀ ਪਰ ਪੁੱਤਰ ਆ ਨਹੀਂ ਰਿਹਾ। ਫਿਰ ਮੋਬਾਈਲ ਦੀ ਘੰਟੀ ਵੱਜਦੀ ਹੈ।

"ਮੇਰੇ ਬੇਟੇ ਦਾ ਫੋਨ ਹੈ।" ਪਿਤਾ ਨੇ ਟੌਹਰ ਨਾਲ ਆਖਿਆ। ਫੋਨ ਸੁਣਨ ਉਪਰੰਤ ਬਜ਼ੁਰਗ ਉਦਾਸ ਹੋ ਗਿਆ। "ਕੀ ਕਹਿੰਦਾ ਹੈ?" ਔਰਤ ਨੇ ਪੁੱਛਿਆ।

"ਕਹਿੰਦਾ ਹੈ ਬਾਹਰ ਆ ਜਾਉ, ਮੇਰੇ ਕੋਲ ਸਮਾਂ ਬਹੁਤ ਘੱਟ ਹੈ।"

"ਕੋਈ ਗੱਲ ਨਹੀਂ। ਮੈਂ ਤੁਹਾਨੂੰ ਬਾਹਰ ਛੱਡ ਆਉਂਦਾ ਹਾਂ," ਇਹ ਆਖ ਮੈਂ ਫਿਰ ਉਨ੍ਹਾਂ ਦਾ ਅਟੈਚੀ ਫੜਿਆ ਅਤੇ ਤੁਰ ਪਿਆ। "ਵਾਹਿਗੁਰੂ ਤੇਰੀ ਉਮਰ ਲੰਮੀ ਕਰੇ।" ਬਜ਼ੁਰਗ ਨੇ ਆਖਿਆ।

"ਇਹ ਬਦਸੀਸ ਨਾ ਦਿਉ।" "ਕਿਉਂ?" "ਜਿਹੋ ਜਹੀ ਲੰਬੀ ਉਮਰ ਤੁਸੀਂ ਜੀ ਰਹੇ ਹੋ, ਮੈਨੂੰ ਪਸੰਦ ਨਹੀਂ। ਮੈਂ ਤਾਂ ਛੋਟੀ ਪਰ ਚੰਗੀ ਅਤੇ ਸਿਹਤਮੰਦ ਜ਼ਿੰਦਗੀ ਜਿਊਣਾ ਚਾਹੁੰਦਾ ਹਾਂ।" ਮੇਰੀ ਸਿੱਧੀ ਗੱਲ ਸੁਣ ਕੇ ਉਹ ਉਦਾਸ ਹੋ ਗਿਆ। ਦੋਵੇਂ ਜਣੇ ਪੈਰ ਘੜੀਸਦੇ ਸਟੇਸ਼ਨ ਤੋਂ ਬਾਹਰ ਆ ਗਏ। ਆਪਣੇ ਪੁੱਤਰ ਦੀ ਗੱਡੀ ਵੇਖ ਕੇ ਉਹ ਬਹੁਤ ਖ਼ੁਸ਼ ਹੋ ਗਏ। ਮੈਂ ਸੋਚ ਰਿਹਾ ਸੀ ਕਿ ਬੇਟਾ ਗੱਡੀ ਵਿੱਚੋਂ ਨਿਕਲ ਕੇ ਮਾਂ ਬਾਪ ਦੇ ਪੈਰੀਂ ਹੱਥ ਲਗਾਵੇਗਾ, ਪਰ ਅਜਿਹਾ ਕੁਝ ਨਹੀਂ ਹੋਇਆ। ਉਹ ਗੱਡੀ ਵਿੱਚ ਆਰਾਮ ਨਾਲ ਬੈਠਾ ਰਿਹਾ। ਅਟੈਚੀ ਭਾਰਾ ਸੀ। ਮੈਂ ਫਟਾਫਟ ਗੱਡੀ ਦਾ ਦਰਵਾਜ਼ਾ ਖੋਲਿਆ ਅਤੇ ਅਟੈਚੀ ਪਿਛਲੀ ਸੀਟ 'ਤੇ ਰੱਖ ਦਿੱਤਾ।

"ਬੇਟੇ, ਆਪਾਂ ਇਨ੍ਹਾਂ ਨੂੰ ਘਰ ਛੱਡ ਕੇ ਆਉਣਾ ਹੈ," ਪਿਤਾ ਨੇ ਪੁੱਤਰ ਨੂੰ ਆਖਿਆ। "ਤੁਸੀਂ ਮੇਰੀ ਚਿੰਤਾ ਨਾ ਕਰੋ। ਮੈਂ ਚਲਾ ਜਾਣਾ ਹੈ। ਵੀਹ ਰੁਪਏ ਥ੍ਰੀ-ਵੀਲਰ ਨੇ ਲੈਣੇ ਹਨ।" ਮੈਂ ਆਖਿਆ।


"ਤੁਸੀਂ ਸਾਡੇ ਲਈ ਕਿੰਨਾ ਕੁਝ ਕੀਤਾ ਹੈ। ਅਸੀਂ ਤੁਹਾਨੂੰ ਛੱਡ ਕੇ ਆਵਾਂਗੇ," ਬਜ਼ੁਰਗ ਨੇ ਆਖਿਆ।

"ਪਰ ਪਾਪਾ ਮੇਰੇ ਕੋਲ ਸਮਾਂ ਨਹੀਂ ਹੈ। ਤੁਸੀਂ ਸਮਝਣ ਦੀ ਕੋਸ਼ਿਸ਼ ਕਰੋ। ਤੁਸੀਂ ਤਾਂ ਹਰ ਇੱਕ ਨਾਲ ਦੋਸਤੀ ਕਰ ਲੈਂਦੇ ਹੋ। ਮੈਂ ਸਾਰਿਆਂ ਨੂੰ ਘਰ ਛੱਡ ਕੇ ਆਵਾਂ?" ਮੈਨੂੰ ਇਸ ਗੱਲ ਦਾ ਦੁੱਖ ਨਹੀਂ ਸੀ ਕਿ ਉਹ ਮੈਨੂੰ ਘਰ ਛੱਡਣ ਲਈ ਤਿਆਰ ਨਹੀਂ ਸੀ ਸਗੋਂ ਉਸ ਦੇ ਕਹੇ ਸ਼ਬਦਾਂ ਨੇ ਇੱਕ ਪਿਤਾ ਨੂੰ ਸ਼ਰਮਸ਼ਾਰ ਤੇ ਮਾਯੂਸ ਕੀਤਾ ਸੀ। "ਕੋਈ ਗੱਲ ਨਹੀਂ। ਵੇਖੋ ਕਿੰਨੇ ਥ੍ਰੀਵੀਲਰ ਵਾਲੇ ਆਵਾਜ਼ਾਂ ਮਾਰ ਰਹੇ ਹਨ। ਬਦੋਬਦੀ ਮੈਨੂੰ ਥ੍ਰੀਵੀਲਰ ਵਿੱਚ ਬਿਠਾ ਰਹੇ ਹਨ। ਵੀਹ ਰੁਪਏ ਵਿੱਚ ਮੇਰਾ ਕਿੰਨਾ ਮਾਣ ਸਤਿਕਾਰ ਹੋ ਰਿਹਾ ਹੈ।" ਇਹ ਆਖ ਮੈਂ ਥ੍ਰੀਵੀਲਰ ਵਿੱਚ ਬੈਠ ਗਿਆ। ਕਾਰ ਵੀ ਤੇਜ਼ੀ ਨਾਲ ਚੱਲ ਪਈ। ਬਜ਼ੁਰਗ ਅਜੇ ਵੀ ਪਿਛਾਂਹ ਮੁੜ ਕੇ ਬੇਵਸੀ ਵਿੱਚ ਮੇਰੇ ਵੱਲ ਵੇਖ ਰਿਹਾ ਸੀ।

# ਕਾਹਦੀ ਆਜ਼ਾਦੀ!

## ਵੱਖ-ਵੱਖ ਹਲਕਿਆਂ ਵਿਚ ਵੰਡਿਆ ਪਿੰਡ

ਲਿਖਤ : ਕੁਲਦੀਪ ਧਨੌਲਾ ਫੋਨ: 94642-91023



ਕਪੂਰਥਲਾ ਤੇ ਜਲੰਧਰ ਦੋ ਜ਼ਿਲ੍ਹੇ, ਖਡੂਰ ਸਾਹਿਬ ਅਤੇ ਜਲੰਧਰ ਦੋ ਲੋਕ ਸਭਾ ਹਲਕੇ, ਦੋ ਵਿਧਾਨ ਸਭਾ ਹਲਕੇ, ਦੋ ਤਹਿਸੀਲਾਂ, ਦੋ ਥਾਣੇ, ਦੋ ਐਸਡੀਐਮ ਅਤੇ ਤਿੰਨ ਪੰਚਾਇਤਾਂ ਵਿਚ ਵੰਡੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਭੈਣ ਅਮਰ ਕੌਰ ਦੇ ਸਹੁਰੇ ਪਿੰਡ ਦਿਆਲਪੁਰ ਦੀ ਅਜਬ ਕਹਾਣੀ ਕਈ ਮੁੱਦੇ ਸਿਰਫ਼ ਚੋਣਾਂ ਦੌਰਾਨ ਹੀ ਸਾਹਮਣੇ ਆਉਂਦੇ ਹਨ ਤੇ ਚੋਣਾਂ ਬਾਅਦ ਦਬ ਕੇ ਰਹਿ ਜਾਂਦੇ ਹਨ। ਮੁੜ ਉਨ੍ਹਾਂ ਦੀ ਕੋਈ ਸਾਰ ਨਹੀਂ ਲੈਂਦਾ ਤੇ ਗੱਲ ਆਈ-ਗਈ ਹੋ ਜਾਂਦੀ ਹੈ। ਜੇ ਪਾਕਿਸਤਾਨ ਨੂੰ ਹੁਸੈਨੀਵਾਲਾ ਲੈਣ ਖ਼ਾਤਰ ਤਬਾਦਲੇ ਵਿਚ ਜ਼ਮੀਨ ਦਿੱਤੀ ਜਾ ਸਕਦੀ ਹੈ ਤਾਂ ਫੇਰ ਦੇਸ਼ ਅੰਦਰਲੇ ਅਜਿਹੇ ਮਸਲੇ ਕਿਉਂ ਨਹੀਂ ਹੱਲ ਕੀਤੇ ਜਾਂਦੇ? ਇਹ ਤਾਂ ਸੁਣਿਆ ਹੈ ਡੱਬਵਾਲੀ ਦੇ ਕਈ ਘਰਾਂ ਦੇ ਵਿਹੜੇ ਪੰਜਾਬ ਵਿਚ ਹਨ ਤੇ ਘਰ ਹਰਿਆਣੇ ਵਿਚ ਅਤੇ ਇਸ ਤਰ੍ਹਾਂ ਕਈ ਘਰਾਂ ਦੇ ਵਿਹੜੇ ਹਰਿਆਣੇ ਵਿਚ ਹਨ ਤੇ ਘਰ ਪੰਜਾਬ ਵਿਚ। ਚਲੋ ਇਹ ਤਾਂ ਹੋ ਗਿਆ ਦੋ ਰਾਜਾਂ ਦਾ ਮਸਲਾ ਪਰ ਹੈ ਇਹ ਵੀ ਮਾੜਾ। ਪਰ ਪਿੰਡ ਦਿਆਲਪੁਰ ਤਾਂ ਪੰਜਾਬ ਦਾ ਹੀ ਪਿੰਡ ਹੈ। ਦੋ ਪਾਰਲੀਮੈਂਟ ਮੈਂਬਰ ਅਤੇ ਦੋ ਵਿਧਾਇਕ ਹੋਣ ਦੇ ਬਾਵਜੂਦ ਮਸਲਾ ਜਿਉਂ ਦਾ ਤਿਉਂ ਖੜ੍ਹਾ ਹੈ। ਕੀ ਫ਼ਾਇਦਾ ਅਜਿਹੇ ਨੁਮਾਇੰਦਿਆਂ ਦਾ ਜੋ ਲੋਕ ਮਸਲੇ ਹੀ ਹੱਲ ਨਹੀਂ ਕਰਵਾਉਂਦੇ? ਜਲੰਧਰ-ਅੰਮ੍ਰਿਤਸਰ ਨੈਸ਼ਨਲ ਹਾਈਵੇਅ ਉਤੇ ਸਥਿਤ ਦਿਆਲਪੁਰ, ਪੰਜਾਬ ਦਾ ਅਜਿਹਾ ਪਿੰਡ ਹੈ, ਜੋ ਦੋ ਜ਼ਿਲ੍ਹਿਆਂ, ਦੋ ਪਾਰਲੀਮੈਂਟ ਤੇ ਦੋ ਵਿਧਾਨ ਸਭਾ ਹਲਕਿਆਂ, ਦੋ ਤਹਿਸੀਲਾਂ, ਦੋ ਐਸਡੀਐਮਜ਼, ਦੋ ਥਾਣਿਆਂ ਅਤੇ ਤਿੰਨ ਪੰਚਾਇਤਾਂ ਵਿਚ ਵੰਡਿਆ ਹੋਇਆ ਹੈ। ਇਸ ਦੀਆਂ ਦੋ ਪੰਚਾਇਤਾਂ ਕਪੂਰਥਲਾ ਜ਼ਿਲ੍ਹੇ ਅਧੀਨ ਆਉਂਦੀਆਂ ਹਨ ਜਦੋਂਕਿ ਇਕ ਜਲੰਧਰ ਵਾਲੇ ਹਿੱਸੇ ਵੱਲ ਹੈ। ਪਿੰਡ ਦੇ ਦੋ ਪਾਰਲੀਮੈਂਟ ਮੈਂਬਰ ਅਤੇ ਦੋ ਵਿਧਾਇਕ ਹੋਣ ਦੇ ਬਾਵਜੂਦ ਮਸਲਾ ਜਿਉਂ ਦਾ ਤਿਉਂ ਹੈ। ਲਗਪਗ 9500 ਦੀ ਆਬਾਦੀ ਵਾਲਾ ਇਹ ਮਹਾਰਾਜਾ ਜਗਜੀਤ ਸਿੰਘ ਦੀ ਰਿਆਸਤ ਦਾ ਆਖ਼ਰੀ ਪਿੰਡ ਸੀ। ਦੂਜੇ ਪਾਸ ਕਰਤਾਰਪੁਰ ਦੀ ਜ਼ਮੀਨ ਸੀ। ਉਧਰ ਵੀ ਲੋਕ ਆ ਕੇ ਵਸ ਗਏ ਅਤੇ ਦੇਸ਼ ਦੀ ਵੰਡ ਤੋਂ ਬਾਅਦ ਪਿੰਡ ਦਾ ਇਕ ਹਿੱਸਾ ਕਪੂਰਥਲਾ ਜ਼ਿਲ੍ਹੇ, ਜਦੋਂ ਕਿ ਦੂਜਾ ਹਿੱਸਾ ਜਲੰਧਰ ਜ਼ਿਲ੍ਹੇ ਅਧੀਨ ਆ ਗਿਆ। 2018 ਵਿਚ ਕਪੂਰਥਲੇ ਵਾਲੇ ਹਿੱਸੇ ਦੀਆਂ ਦੋ ਪੰਚਾਇਤਾਂ ਬਣਾ ਦਿੱਤੀਆਂ ਗਈਆਂ। ਇਸ ਪਿੰਡ ਦਾ, ਜੋ ਏਰੀਆ ਜਲੰਧਰ ਜ਼ਿਲ੍ਹੇ ਅਧੀਨ ਆਉਂਦਾ ਹੈ, ਉਹਦੇ ਸਰਪੰਚ ਹਰਜਿੰਦਰ ਸਿੰਘ ਰਾਜਾ ਹਨ। ਇਸ ਪੰਚਾਇਤ ਦਾ ਵਿਧਾਨ ਸਭਾ ਏਰੀਆ, ਤਹਿਸੀਲ, ਸਬ-ਡਿਵੀਜ਼ਨ ਅਤੇ ਪੁਲੀਸ ਥਾਣਾ ਕਰਤਾਰਪੁਰ ਹੈ। ਕਪੂਰਥਲੇ ਅਧੀਨ ਆਉਣ ਵਾਲੇ ਹਿੱਸੇ ਦੇ ਸਰਪੰਚ ਸੁਖਦੇਵ ਮਰਵਾਹਾ ਦੀ ਮੌਤ ਹੋ ਚੁੱਕੀ ਹੈ ਜਦੋਂਕਿ ਦੂਜੀ ਪੰਚਾਇਤ ਦੀ ਸਰਪੰਚ ਬੀਬੀ ਰਾਜਵਿੰਦਰ ਕੌਰ ਹੈ। ਦੋਵਾਂ ਦਾ ਪੰਚਾਇਤੀ ਖੇਤਰ, ਤਹਿਸੀਲ, ਐਸਡੀਐਮ ਭੁਲੱਥ ਹੈ, ਜਦੋਂਕਿ ਥਾਣਾ ਸੁਭਾਨਪੁਰ ਹੈ। ਲੋਕਾਂ ਨੇ ਪਹਿਚਾਣ ਬਣਾਉਣ ਲਈ ਪਿੰਡ ਨੂੰ ਜਲੰਧਰ ਵਾਲਾ ਦਿਆਲਪੁਰ, ਕਪੂਰਥਲੇ ਵਾਲਾ ਦਿਆਲਪੁਰ ਅਤੇ ਨਵਾਂ ਦਿਆਲਪੁਰ ਤਿੰਨ ਨਾਵਾਂ ਨਾਲ ਪੁਕਾਰਨਾ ਸ਼ੁਰੂ ਕਰ ਦਿੱਤਾ ਹੈ। ਉਂਜ ਭਾਵੇਂ ਕਾਗਜ਼ਾਂ ਵਿਚ ਪਿੰਡ ਦਾ ਨਾਂ ਇੱਕੋ ਹੀ ਹੈ ਪਰ ਵੱਖੋ-ਵੱਖ ਪੰਚਾਇਤਾਂ ਦੇ ਨਾਲ-ਨਾਲ ਵੱਖੋ-ਵੱਖਰੇ ਸਕੂਲ ਅਤੇ ਵੱਖਰੇ-ਵੱਖਰੇ ਗੁਰਦੁਆਰੇ ਵੀ ਹਨ। ਹੈਰਾਨੀਜਨਕ ਗੱਲ ਇਹ ਵੀ ਹੈ ਕਿ ਇਸ ਪਿੰਡ ਵਿਚ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਭੈਣ ਅਮਰ ਕੌਰ ਵਿਆਹੀ ਹੋਣ ਦੇ ਬਾਵਜੂਦ ਕਿਸੇ ਨੇਤਾ ਜਾਂ ਅਧਿਕਾਰੀ ਨੇ ਪਿੰਡ ਦੀ ਸਮੱਸਿਆ ਤਣ-ਪੱਤਣ ਲਾਉਣ ਦੀ ਖੇਚਲ ਨਹੀਂ ਕੀਤੀ ਤੇ ਪਿੰਡ ਵਾਸੀਆਂ ਨੂੰ ਇਸ ਦੀ ਸਜ਼ਾ ਭੁਗਤਣੀ ਪੈ ਰਹੀ ਹੈ। ਮੁੱਦੇ ਚੁੱਕਣ ਦੇ 'ਮਾਹਿਰ' ਹਲਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵੀ ਕਦੇ ਇਸ ਪਿੰਡ ਦਾ ਜ਼ਿਕਰ, ਨਾ ਵਿਧਾਨ ਸਭਾ ਵਿਚ ਅਤੇ ਨਾ ਹੀ ਜਨਤਕ ਤੌਰ ਉਤੇ ਕੀਤਾ ਜਾਪਦਾ ਹੈ, ਨਹੀਂ ਤਾਂ ਹੁਣ ਤਕ ਇਹਦਾ ਹੱਲ ਨਿਕਲਿਆ ਹੁੰਦਾ। ਇਸ ਮਸਲੇ 'ਤੇ ਬੀਬੀ ਜਗੀਰ ਕੌਰ ਵੀ ਚੁੱਪ ਹੈ ਪਰ ਪ੍ਰੇਸ਼ਾਨੀ ਤਾਂ ਲੋਕਾਂ ਨੂੰ ਹੁੰਦੀ ਹੈ। ਨੇਤਾ ਤਾਂ ਵੋਟਾਂ ਵੇਲੇ ਆਉਂਦੇ ਹਨ ਤੇ ਆਪੋਆਪਣੀ ਡਫਲੀ ਵਜਾ ਕੇ ਤੁਰ ਜਾਂਦੇ ਹਨ। ਵਿਧਾਨ ਸਭਾ ਹਲਕਿਆਂ ਦੀ ਨਵੀਂ ਹੱਦਬੰਦੀ ਸਮੇਂ ਲੋਕਾਂ ਦੀ ਸਮੱਸਿਆ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ। ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਜਦੋਂ ਕੋਈ ਹਾਦਸਾ ਵਾਪਰ ਜਾਂਦਾ ਹੈ ਤਾਂ ਪੁਲੀਸ ਹੱਦਬੰਦੀ ਦੇ ਚੱਕਰ ਵਿਚ ਫਸ ਜਾਂਦੀ ਹੈ। ਇੱਥੇ ਹੀ ਬੱਸ ਨਹੀਂ, ਜੇ ਕਿਸੇ ਨੇ ਸਰਟੀਫਿਕੇਟ ਵਗੈਰਾ ਤਸਦੀਕ ਕਰਵਾਉਣਾ ਹੋਵੇ ਤਾਂ ਜਲੰਧਰ ਵਾਲਾ ਨੰਬਰਦਾਰ ਜਾਂ ਕਪੂਰਥਲੇ ਵਾਲਾ ਨੰਬਰਦਾਰ ਦੇ ਨਾਂ ਉੱਤੇ ਵੀ ਵਿਵਾਦ ਖੜ੍ਹਾ ਹੋ ਜਾਂਦਾ ਹੈ। ਕਈ ਵਾਰ ਜਦੋਂ ਪਾਰਲੀਮੈਂਟ ਮੈਂਬਰ ਆਪਣੇ ਏਰੀਏ ਵਾਲੇ ਹਿੱਸੇ ਨੂੰ ਗਰਾਂਟ ਦੇ ਜਾਂਦਾ ਹੈ ਤਾਂ ਦੂਜਾ ਹਿੱਸਾ ਕੰਨੀਂ ਦੇ ਕਿਆਰੇ ਵਾਂਗ ਗਰਾਂਟ ਬਾਝੋਂ ਸੁੱਕਾ ਹੀ ਰਹਿ ਜਾਂਦਾ ਹੈ। ਉਂਜ ਚੋਣਾਂ ਵੇਲੇ ਰੈਲੀਆਂ ਦੌਰਾਨ ਚਾਹ-ਪਾਣੀ ਦਾ ਆਨੰਦ ਸਾਰਾ ਪਿੰਡ ਇਕੱਠਾ ਹੀ ਮਾਣਦਾ ਹੈ। ਇਸ ਪਿੰਡ ਦੀ ਕਹਾਣੀ ਤੋਂ ਮੈਨੂੰ ਬਚਪਨ ਦੀ ਗੱਲ ਯਾਦ ਆ ਗਈ, ਜਦੋਂ ਸਾਡੇ ਪਿੰਡ ਧਨੌਲਾ ਦੀ ਦਾਣਾ ਮੰਡੀ ਵਿਚ (ਇਹ ਉਨ੍ਹਾਂ ਭਲੇ ਦਿਨਾਂ ਦੀ ਗੱਲ ਹੈ ਜਦੋਂ ਕਦੇ ਅਕਾਲੀ ਦਲ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਕਰਦਾ ਹੁੰਦਾ ਸੀ, ਬਾਅਦ ਵਿਚ ਸੱਤਾ ਦੇ ਨਸ਼ੇ ਵਿਚ ਚੂਰ ਨੇਤਾਵਾਂ ਨੇ ਇਹ ਮੁੱਦੇ ਹੀ ਭੁਲਾ ਦਿੱਤੇ) ਪ੍ਰਕਾਸ਼ ਸਿੰਘ ਬਾਦਲ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ, ''ਮੇਰੇ ਕੋਲ ਪਿੰਡ ਕੁੱਤੀਵਾਲ ਦੀ ਪੰਚਾਇਤ ਆ ਕੇ ਕਹਿੰਦੀ, ''ਸਾਡੇ ਪਿੰਡ ਦਾ ਨਾਂ ਬਦਲ ਦਿਓ, ਜਦੋਂ ਅਸੀਂ ਕੁੜੀ-ਮੁੰਡੇ ਦਾ ਰਿਸ਼ਤਾ ਕਰਨਾ ਹੁੰਦਾ ਹੈ ਤਾਂ ਪਿੰਡ ਦਾ ਨਾਂ ਸੁਣ ਕੇ ਲੋਕ ਕੰਨੀਂ ਕਤਰਾਉਂਦੇ ਹਨ ਤੇ ਮੈਂ ਹਾਂ ਕਰ ਦਿੱਤੀ ਕਿ ਇਹ ਤਾਂ ਜਾਇਜ਼ ਮੰਗ ਹੈ, ਮੈਂ ਪਿੰਡ ਦਾ ਨਾਂ ਜ਼ਰੂਰ ਬਦਲੂੰਗਾ ਤੇ ਜਦੋਂ ਚੰਡੀਗੜ੍ਹ ਜਾ ਕੇ ਸੈਕਟਰੀ ਨੂੰ ਕਿਹਾ ਕੇ ਭਾਈ ਲਿਆਓ ਕੁੱਤੀਵਾਲ ਵਾਲੀ ਫਾਈਲ ਬਦਲੀਏ ਪਿੰਡ ਦਾ ਨਾਂ।'' ਤਾਂ ਅੱਗੋਂ ਸੈਕਟਰੀ ਕਹਿਣ ਲੱਗਿਆ, ''ਸਰ ਤੁਸੀਂ ਪਿੰਡ ਦਾ ਨਾਂ ਨਹੀਂ ਬਦਲ ਸਕਦੇ, ਇਸ ਖ਼ਾਤਰ ਤਾਂ ਕੇਂਦਰ ਤੋਂ ਮਨਜ਼ੂਰੀ ਲੈਣੀ ਪੈਣੀ ਹੈ।'' ਬਾਦਲ ਕਹਿਣ ਲੱਗੇ, ''ਲੋਕੋ ਪੰਜਾਬ ਦੇ ਮੁੱਖ ਮੰਤਰੀ ਕੋਲ ਤਾਂ ਪਿੰਡ ਦਾ ਨਾਂ ਬਦਲਣ ਦਾ ਵੀ ਅਧਿਕਾਰ ਨਹੀਂ, ਫੇਰ ਕੀ ਫਾਇਦਾ ਅਜਿਹੇ ਅਹੁਦੇ ਦਾ?'' ਪਰ ਇਸ ਤਰ੍ਹਾਂ ਕੇਂਦਰ ਦੇ 'ਧੱਕੇ' ਦੀ ਗੱਲ ਕਰ ਕੇ ਉਹ ਤੁਰਦੇ ਬਣੇ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਉਸ ਤੋਂ ਬਾਅਦ ਵੀ ਉਹ ਤਿੰਨ ਵਾਰ ਮੁੱਖ ਮੰਤਰੀ ਬਣ ਕੇ ਪੰਜ ਵਾਰ ਮੁੱਖ ਮੰਤਰੀ ਬਣਨ ਦਾ ਰਿਕਾਰਡ ਬਣਾ ਗਏ ਪ੍ਰੰਤੂ ਉਨ੍ਹਾਂ ਪਿੰਡ ਕੁੱਤੀਵਾਲ ਦਾ ਨਾਂ ਬਦਲਣ ਦੀ ਖੇਚਲ ਨਹੀਂ ਕੀਤੀ। ਹਾਂ ਜਦੋਂ ਉਨ੍ਹਾਂ ਦੇ ਦੋ ਸਾਲਿਆਂ 'ਚ ਜੀਜਾ ਜੀ, ਮੈਨੂੰ ਸਰਪੰਚ ਬਣਾਓ, ਜੀਜਾ ਜੀ, ਮੈਨੂੰ ਸਰਪੰਚ ਬਣਾਓ ਦੀ 'ਜੰਗ' ਛਿੜੀ ਸੀ ਤਾਂ ਬਾਦਲ ਸਾਹਬ ਨੇ ਰਾਤੋ-ਰਾਤ ਆਪਣੇ ਸਹੁਰੇ ਪਿੰਡ ਚੱਕ ਫਤਿਹ ਸਿੰਘ ਦੀਆਂ ਦੋ ਪੰਚਾਇਤਾਂ ਬਣਾ ਕੇ ਦੋਵੇਂ ਸਾਲੇ ਸਰਪੰਚ ਬਣਾ ਕੇ ਖ਼ੁਸ਼ ਕਰ ਦਿੱਤੇ ਸਨ। ਸੋ ਗੱਲ ਤਾਂ ਮਸਲੇ ਨੂੰ ਤਰਜੀਹ ਦੇਣ ਦੀ ਹੈ, ਜੇ ਉਹ ਸੱਚੇ ਦਿਲੋਂ ਚਾਹੁੰਦੇ ਤਾਂ ਕੁੱਤੀਵਾਲ ਦਾ ਨਾਂ ਵੀ ਬਦਲ ਸਕਦੇ ਸਨ ਪਰ ਉਹ ਆਮ ਪਿੰਡ ਦੇ ਲੋਕਾਂ ਦੀ ਮੰਗ ਸੀ। ਜੇ ਕਿਤੇ ਪਿੰਡ ਚੱਕ ਫ਼ਤਿਹ ਸਿੰਘ ਦੀ ਥਾਂ ਪਿੰਡ ਕੁੱਤੀਵਾਲ, ਬਾਦਲ ਸਾਹਬ ਸਿਹਰੇ ਬੰਨ੍ਹ ਕੇ ਢੁੱਕੇ ਹੁੰਦੇ ਤਾਂ ਫੇਰ ਇਸ ਦਾ ਨਾਂ ਵੀ ਸ਼ਾਇਦ ਕਦੋਂ ਦਾ 'ਸੁਰਿੰਦਰਗੜ੍ਹ, ਬਾਦਲਗੜ੍ਹ ਜਾਂ ਸੁਖਬੀਰਗੜ੍ਹ' ਪੈ ਗਿਆ ਹੁੰਦਾ। ਇਹੀ ਹਾਲ ਪਿੰਡ ਦਿਆਲਪੁਰ ਦਾ ਹੈ, ਕਿਉਂਕਿ ਇਹ ਸ੍ਰੀ ਬਾਦਲ ਦੇ ਸਹੁਰੇ ਪਿੰਡ ਦੀ ਥਾਂ ਸ਼ਹੀਦ ਭਗਤ ਸਿੰਘ ਦੀ ਭੈਣ ਦੇ ਸਹੁਰਿਆਂ ਦਾ ਪਿੰਡ ਹੈ। ਇਸੇ ਕਾਰਨ ਇਹ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਲੋਕਾਂ ਨੂੰ ਭਗਵੰਤ ਮਾਨ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਚੁੱਕਣ ਤੋਂ ਆਸ ਜਾਗੀ ਸੀ ਕਿ ਸ਼ਾਇਦ ਨਿੱਜੀ ਤੌਰ 'ਤੇ ਹੀ ਭਾਗਾਂ ਵਿਚ ਵੰਡੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਭੈਣ ਅਮਰ ਕੌਰ ਦੇ ਸਹੁਰਿਆਂ ਦੇ ਪਿੰਡ ਦਿਆਲਪੁਰ ਨੂੰ ਕਿਸੇ ਇਕ ਜ਼ਿਲ੍ਹੇ, ਇਕ ਪਾਰਲੀਮੈਂਟ ਅਤੇ ਇਕ ਵਿਧਾਨ ਸਭਾ ਹਲਕੇ ਨਾਲ ਜੋੜ ਕੇ ਆਏ ਦਿਨ ਹੁੰਦੀ ਖੱਜਲ-ਖੁਆਰੀ ਤੋਂ ਨਿਜ਼ਾਤ ਦਿਵਾਉਣਗੇ ਭਾਵੇਂ ਭਗਵੰਤ ਮਾਨ ਦੀ ਪਾਰੀ ਅੱਧੀ ਬੀਤ ਚੁੱਕੀ ਹੈ ਪਰ ਅਜੇ ਤੱਕ ਮਸਲਾ ਹੱਲ ਨਹੀਂ ਹੋਇਆ। ਉਂਜ, ਲੋਕਾਂ ਨੂੰ ਅਜੇ ਵੀ ਆਸ ਹੈ ਕਿ ਉਹ ਇਸ ਮਸਲੇ ਦਾ ਹੱਲ ਜ਼ਰੂਰ ਕਰਨਗੇ। ਇਸ ਦੇ ਨਾਲ ਹੀ ਜੇ ਲਗਦੇ ਹੱਥ ਉਹ ਪਿੰਡ ਕੁੱਤੀਵਾਲ ਦਾ ਨਾਂ ਵੀ ਬਦਲ ਦੇਣ ਤਾਂ ਉਥੋਂ ਦੇ ਲੋਕ ਵੀ ਖ਼ੁਸ਼ ਹੋ ਜਾਣਗੇ ਪਰ ਗੱਲ ਤਾਂ ਮੁੱਦੇ ਨੂੰ ਤਰਜੀਹ ਦੇਣ ਦੀ ਹੈ।

# ਘੁਰਨਿਆਂ 'ਚ ਘੁਸੇ ਹੋਏ ਲੋਕ

ਲਿਖਤ : ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91-98766-55055

ਸਾਡੇ ਵੇਲੇ ਖੁੱਲ੍ਹੇ ਘਰ ਅਤੇ ਖੁੱਲ੍ਹੇ ਦਿਲ ਹੁੰਦੇ ਸਨ। ਅੱਜ-ਕੱਲ੍ਹ ਲੋਕ ਘੁਰਨਿਆਂ ਵਿਚ ਘੁਸੇ ਰਹਿੰਦੇ ਹਨ। ਨਿੱਕੇ ਨਿੱਕੇ ਕਮਰੇ ਤੇ ਨਿੱਕੇ ਨਿੱਕੇ ਦਿਲ! ਇਹ ਨਹੀਂ ਕਿ ਖੁੱਲ੍ਹਦਿਲੀ ਖਤਮ ਹੋ ਗਈ ਹੈ। ਕਦੀ ਵੀ ਕਿਸੇ ਚੀਜ਼ ਦਾ ਬੀਜ ਨਹੀਂ ਨਾਸ ਹੁੰਦਾ। ਸੋ, ਖੁੱਲ੍ਹਦਿਲੀ ਵੀ ਹੈ ਪਰ ਖੁਦਸਰੀ ਵਧੇਰੇ ਹੈ! ਸਾਡਾ ਸਮਾਂ ਦਲਾਨਾਂ ਦਾ ਸਮਾਂ ਹੁੰਦਾ ਸੀ। ਦਲਾਨ ਦੀ ਪਰਿਭਾਸ਼ਾ 'ਘਰ ਦੇ ਮੁੱਖ ਦੁਆਰ ਦੇ ਅੰਦਰ ਛੱਤੀ ਥਾਂ; ਘਰ ਦਾ ਛੋਟਾ ਵਿਹੜਾ' ਹੈ (ਸਰੋਤ:ਪੰਜਾਬੀ ਸਭਿਆਚਾਰ ਸ਼ਬਦਾਵਲੀ ਕੋਸ਼, ਲੇਖਕ ਕਿਰਪਾਲ ਕਜ਼ਾਕ (ਪ੍ਰੋ.)। ਪਰ ਸਾਡੇ ਇਲਾਕੇ ਵਿਚ ਦਲਾਨ ਇੱਕ ਹਾਲਨੁਮਾ ਬਹੁਖਣੇ ਲੰਮੇ ਕਮਰੇ ਨੂੰ ਕਿਹਾ ਜਾਂਦਾ ਸੀ, ਜਿਸ ਅੰਦਰ ਘਰ ਦੇ ਸਾਰੇ ਜੀਆਂ ਦੇ ਮੰਜੇ ਠੰਡਦੇ ਸਨ ਅਤੇ ਸਭ ਅੱਗੜਪਿੱਛੜ ਉਸ ਥਾਂ ਰਾਤ ਨੂੰ ਸੌਂਦੇ ਸਨ। ਸਾਡੇ ਆਪਣੇ ਦਲਾਨ ਵਿਚ ਅੱਠ ਮੰਜੇ ਠੰਡਦੇ ਸਨ, ਦੋ ਬਰੋਬਰਾਬਰ ਤੇ ਬਾਕੀ ਇੱਕ ਲੰਮੀ ਕਤਾਰ ਵਿਚ। ਬਜ਼ੁਰਗ ਬੜੇ ਮਾਣ ਨਾਲ ਕਹਿੰਦੇ ਹੁੰਦੇ ਸਨ ਕਿ 'ਸਾਡਾ ਦਲਾਨ 16 ਜਾਂ 18 ਖਣਾਂ' ਦਾ ਹੈ! ਗਰਮੀਆਂ ਵਿਚ ਛੱਤ ਉਪਰ ਸੌਂਈਦਾ ਸੀ। ਸਭ ਮੰਜੇ ਇੱਕ ਇੱਕ ਕਰ ਕੇ ਛੱਤ ਉਪਰ ਚੜ੍ਹਾਏ ਜਾਂਦੇ ਸਨ। ਸੌਣ ਤੋਂ ਪਹਿਲਾਂ ਸਾਰਾ ਪਰਿਵਾਰ ਆਪਸ ਵਿਚ ਵੀ ਅਤੇ ਦੂਸਰੀ ਛੱਤ ਉੱਪਰ ਮੰਜਿਆਂ ਉੱਪਰ ਪਏ/ਬੈਠੇ ਗੁਆਂਢੀਆਂ ਨਾਲ ਵੀ ਗੱਲਬਾਤ ਕਰਦੇ ਰਹਿੰਦੇ ਸਨ। ਇਸ ਸਭ ਕੁਝ ਦਾ ਫਾਇਦਾ ਸੰਵਾਦ ਰਾਹੀਂ ਸਦਭਾਵ ਅਤੇ ਆਪਸੀ ਸਾਂਝ ਬਣੀ ਰਹਿੰਦੀ ਸੀ। ਗਲਬਾਤ ਬੰਦੇ ਨੂੰ ਹਲਕਾ ਕਰ ਦਿੰਦੀ ਹੈ। ਘੁੱਟਿਆ-ਵੱਟਿਆ ਬੰਦਾ ਅਲੱਗ ਥਲੱਗ ਅਤੇ ਤਣਾਵ-ਗ੍ਰਸਤ ਰਹਿੰਦਾ ਹੈ। ਸੁਰਜੀਤ ਪਾਤਰ ਨੇ ਠੀਕ ਹੀ ਕਿਹੈ-''ਖੋਲ ਦਿੰਦਾ ਦਿਲ ਜੇ ਤੂੰ ਲਫ਼ਜ਼ਾਂ ਦੇ ਵਿਚ ਯਾਰਾਂ ਦੇ ਨਾਲ,/ ਖੋਲਣਾ ਪੈਂਦਾ ਨਾਂ ਏਦਾਂ ਅੱਜ ਔਜ਼ਾਰਾਂ ਦੇ ਨਾਲ''! ਪਰ ਅੱਜ-ਕੱਲ੍ਹ ਦਲਾਨ ਡੱਬੀਆਂ ਵਰਗੇ ਕਮਰਿਆਂ, ਬਲਕਿ 'ਕਮਰੀਆਂ', ਵਿਚ ਤਬਦੀਲ ਹੋ ਗਏ ਹਨ। 'ਮੀ ਟਾਈਮ' (ਮੇਰਾ ਵਕਤ) ਅਤੇ 'ਮੀ-ਸਪੇਸ'(ਮੇਰੀ ਥਾਂ) ਦੀ ਧਾਰਨਾ ਨੇ ਘਰ ਦੇ ਜੀਆਂ ਨੂੰ ਅਲੱਗ-ਥਲੱਗ ਕਰ ਦਿਤਾ ਹੈ। ਲੋਕ ਘੁਰਨਿਆਂ ਵਿਚ ਧਸੇ ਹੋਏ ਹਨ। ਘੁਸ, ਘੁਸਣਾ, ਘੁਸਰਨਾ, ਘੁਸੜਨਾ ਧਸਣਾ ਜਾਂ ਪ੍ਰਵੇਸ਼ ਕਰਨਾ ਹੈ। ਘੁਰ ਜਾਂ ਘੁਰਨਾ ਜੰਗਲੀ ਪਸ਼ੂਆਂ ਦਾ ਘਰ ਜਾਂ ਗਹਿਵਨ, ਵਨਗੁਹਿ ਨੂੰ ਕਹਿੰਦੇ ਹਨ-'ਹੋਇ ਸਤਾਣਾ ਘੁਰੈ ਨ ਮਾਵੈ'(ਸ.ਗ.ਗ.ਸ.ਅੰਗ 1286) ਘੁਸਣਾ ਦਾ ਦੂਸਰਾ ਅਰਥ ਭੁੱਲਣਾ.ਚੁਕਨਾ ਵੀ ਹੈ- 'ਸਤਿਗੁਰ ਕੀ ਗਣਤੈ ਘੁਸੀਐ ਦੁਖੇ ਦੁਖਿ ਵਿਹਾਇ'॥ (ਅੰਗ 314) ਅਤੇ 'ਬਹਿ ਜਾਇ ਘੁਸਰਿ ਬਗੁਲਾਰੇ'॥ (ਅੰਗ 312) ਘੁਰਨਾ ਦਾ ਦੂਜਾ ਅਰਥ ਗਰਜਣਾ ਹੈ-'ਘੁਰਨਿ ਘਟਾ ਅਤਿ ਕਾਲੀਆ'(ਅੰਗ 1102) ਅਤੇ 'ਘੁਰੇ ਨਗਾਰੇ'(ਚੰਡੀ3)-ਸਰੋਤ: ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ। ਘੁਸਣ ਅਤੇ ਹੂੜਨ/ਤਾੜਨ ਵਿਚ ਫਰਕ ਹੈ। ਘੁਸਣਾ ਮਰਜ਼ੀ ਹੈ; ਹੂੜਨਾ ਮਜਬੂਰੀ। ਪਹਿਲੇ ਵਿਚ ਸਵੈ-ਇੱਛਾ ਹੈ; ਦੂਸਰੇ ਵਿਚ ਪਰ-ਇੱਛਾ। 'ਪਰਾਈਵੇਸੀ' (ਨਿੱਜਤਾ) ਅਤੇ ਆਜ਼ਾਦੀ ਦੇ ਨਾਮ 'ਤੇ ਅਸੀਂ ਆਪੋ-ਆਪਣੇ ਘੁਰਨਿਆਂ ਵਿਚ ਘੁਸੇ ਰਹਿੰਦੇ ਹਾਂ। ਕੋਈ ਕਿਸੇ ਨਾਲ ਗੱਲ ਕਰ ਕੇ ਰਾਜ਼ੀ ਨਹੀਂ। ਹੋਰ ਤਾਂ ਹੋਰ, ਰਲ ਬੈਠ ਕੇ ਖਾਣਾ ਖਾਣ ਦਾ ਵਰਤਾਰਾ ਲਗਭਗ ਅਲੋਪ ਹੋ ਗਿਆ ਹੈ। ਕਮਰਿਆਂ ਵਿਚ ਹੀ ਫਾਸਟ ਫੂਡ ਆਨ-ਲਾਈਨ ਮੰਗਵਾ ਲਿਆ ਜਾਂਦੈ। ਕਰਮਾਂ ਵਾਲੇ ਘਰ ਹੋਣਗੇ ਜਿਥੇ ਅਜੇ ਵੀ ਘਰ ਦੇ ਜੀਅ ਖਾਣੇ ਵੇਲੇ ਇਕੱਠੇ ਬੈਠ ਕੇ ਪ੍ਰਸ਼ਾਦਾ-ਪਾਣੀ ਛਕਦੇ ਹਨ! ਇਸ ਵਰਤਾਰੇ ਨਾਲ ਸਾਨੂੰ, ਖਾਸ ਕਰਕੇ ਸਾਡੇ ਬੱਚਿਆਂ ਨੂੰ, ਇਕੱਲੇ ਰਹਿਣ ਦੀ ਆਦਤ ਪੈ ਰਹੀ ਹੈ ਜਾਂ ਪੈ ਗਈ ਹੈ। ਉਹ ਹੋਰ ਕਿਸੇ ਨੂੰ ਬਰਦਾਸ਼ਤ ਨਹੀਂ ਕਰਦੇ। ਹੌਲੀ-ਹੌਲੀ ਇਕਾਂਤ, ਇਕੱਲਤਾ ਵਿਚ ਬਦਲ ਜਾਂਦੀ ਹੈ। ਕੁਦਰਤ ਅਤੇ ਸਮਾਜ ਦਾ ਨਿਯਮ ਹੈ ਕਿ ਮੇਲ-ਗੇਲ ਸਾਂਝ ਵਧਾਉਂਦਾ ਹੈ, ਇਕੱਲਤਾ ਅਲਹਿਦਗੀ ਪੈਦਾ ਕਰਦੀ ਹੈ। ਅੰਗਰੇਜ਼ੀ ਵਾਲੇ ਕਹਿੰਦੇ ਹਨ ਕਿ 'ਐਸੋਸੀਏਸ਼ਨ ਰਿਲੀਵਜ਼; ਆਈਸੋਲੇਸ਼ਨ, ਡਿਪਰੈਸਜ਼' (ਸੰਗ ਰਾਹਤ ਅਤੇ ਵਿਕਰੇਕਤਾ/ਇਕੱਲਤਾ ਖਿੰਨਤਾ/ਉਦਾਸੀ ਦਿੰਦੀ ਹੈ)। ਇਕੱਲਤਾ ਕਾਰਨ ਛੋਟੀ ਉਮਰੇ ਹੀ 'ਸਟਰੈੱਸ' ਅਤੇ ਦਿਲ ਦੇ ਰੋਗ ਹੋ ਜਾਂਦੇ ਹਨ। ਨੌਜਵਾਨ ਖੁਦਕੁਸ਼ੀਆਂ ਕਰਦੇ ਹਨ। ਹਾਂ, ਹੋਰ ਵੀ ਕਾਰਨ ਹਨ ਇਨ੍ਹਾਂ ਗੱਲਾਂ ਦੇ ਪਰ ਆਪਣੇ ਦਿਲ ਦੀ ਗੱਲ ਦੂਸਰੇ ਨਾਲ ਸ਼ੇਅਰ ਨਾ ਕਰਨਾ ਜਾਂ ਘਰ ਦਿਆਂ ਨੂੰ ਵੀ ਨਾ ਦੱਸਣਾ ਇਸ ਦੇ ਵੱਡੇ ਕਾਰਨ ਹਨ। ਕਿਉਂਕਿ ਕਲੇਜਾ ਤਾਂ ਫਟਣਾ ਹੀ ਸੀ ਉਸ ਦਾ ਇਕ ਦਿਨ/ਜੁ ਹਉਕਾ ਵੀ ਭਰਦਾ ਸੀ ਸਾਹਵਾਂ ਤੋਂ ਚੋਰੀ'(ਪਾਤਰ)। ਮੇਰੀਆਂ ਆਪਣੀਆਂ ਸਤਰਾਂ ਹਨ- 'ਘਰ ਦੇ ਵਿਚ ਇੱਕ ਜੀਅ ਨਾ ਬੋਲੇ/ਫੇਸਬੁੱਕ 'ਤੇ 'ਫ੍ਰੈਂਡ' ਘਨੇਰੇ'! ਪਰਿਵਾਰਕ ਅਤੇ ਸੰਸਾਰਕ ਮਸਲਿਆਂ ਤੇ ਝਮੇਲਿਆਂ ਦਾ ਹੱਲ ਸੰਵਾਦ ਹੈ। ਐਵੇਂ ਨਹੀਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ-'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ'॥ (ਸ.ਗ.ਗ.ਸ.ਅੰਗ 661)। ਘਰਾਂ ਅਤੇ ਘਰੋਂ ਬਾਹਰ ਦੁਨੀਆਂ ਦੇ ਬਹੁਤੇ ਕਲੇਸ਼ ਸੰਵਾਦਹੀਣਤਾ ਜਾਂ ਹਉਮੈ ਕਾਰਨ ਹਨ। ਇੱਕ ਦੱਖਣੀ ਭਾਰਤੀ ਫਿਲਮ ਵਿਚ ਪਤੀ-ਪਤਨੀ ਇੱਕ ਦੂਜੇ ਨਾਲ ਅਣਬੋਲਣੀ ਕਾਰਨ ਪਰਚੀਆਂ ਉੱਪਰ ਲਿਖ ਕੇ ਗਲ ਕਰਦੇ ਹਨ। ਸੰਦੇਸ਼ ਵਾਲੀ ਪਰਚੀ ਕੰਧ ਉੱਪਰ ਲਗੇ ਇੱਕ ਬੋਰਡ 'ਤੇ ਚਿਪਕਾ ਦਿੰਦੇ ਹਨ। ਬੋਰਡ ਪਰਚੀਆਂ ਨਾਲ ਨੁਸਿਆ ਗਿਐ। ਇੱਕ ਪੰਜਾਬੀ ਫਿਲਮ ਵਿਚ ਲੜਕੀ (ਨਾਇਕਾ) ਆਪਣੀ ਮਾਂ ਨਾਲ ਇਸ ਲਈ ਕੁਪੱਤ ਕਰਦੀ ਹੈ ਕਿ ਉਸ ਦੀ ਮਾਂ ਉਸ ਦੇ ਕਮਰੇ ਵਿਚ ਚਲੇ ਗਈ ਸੀ। ਉਹ ਕੱਪੜਿਆਂ ਤੋਂ ਬਾਹਰ ਹੀ ਹੋ ਜਾਂਦੀ ਹੈ ਅਤੇ ਮਾਂ ਨੂੰ ਬੁਰਾ-ਭਲਾ ਕਹਿੰਦੀ ਹੋਈ ਹੁਕਮ ਦਾਗਦੀ ਹੈ ਕਿ ਜਦ ਉਹ ਮਰ ਗਈ ਤਾਂ ਮਾਂ ਉਸ ਦੇ ਕਮਰੇ 'ਚ ਆ ਜਾਵੇ। ਅਸਲ ਜ਼ਿੰਦਗੀ ਵਿਚ ਵੀ ਕੱਲ-ਮ-ਕੱਲੇ ਰਹਿਣ ਦੇ ਆਦੀ ਕਈ ਬੱਚੇ ਨਿੱਜ-ਕਮਰੇ ਦੀ ਗੁਪਤਤਾ ਭੰਗ ਹੋਣ ਉਪਰੰਤ ਅਜਿਹਾ ਵਤੀਰਾ ਹੀ ਅਪਣਾਉਂਦੇ ਹਨ। ਸੱਥਾਂ, ਮਹਿਫਲਾਂ, ਮਿਲਣੀਆਂ, ਮਿੱਤਰ ਮੰਡਲੀਆਂ, ਸਾਂਝਾਂ ਲੁਪਤ ਹੁੰਦੀਆਂ ਜਾ ਰਹੀਆਂ ਹਨ। ਮਾਨਵ ਦੀ ਹੋਣੀ ਮੋਬਾਈਲਾਂ/ਮਸ਼ੀਨਾਂ/ਟੈਕਨੌਲੋਜੀ/ਡਿਜਿਟਲੀ ਵਰਤਾਰੇ ਦੀ ਬਾਂਦੀ ਬਣਦੀ ਜਾ ਰਹੀ ਹੈ। ਕਦੀ ਬੰਦਾ ਬੰਦੇ ਦਾ ਦਾਰੂ ਸੀ, ਹੁਣ ਮਸ਼ੀਨਾਂ ਆ ਗਈਆਂ ਹਨ। ਪਰ ਮਸ਼ੀਨ ਬੰਦੇ ਲਈ ਹੈ ਨਾ ਕਿ ਬੰਦਾ ਮਸ਼ੀਨ ਲਈ! ਮਸ਼ੀਨ ਮਨੁੱਖ ਦੇ ਦਰਦ ਦਾ ਦਾਰੂ ਨਹੀਂ ਬਣ ਸਕਦੀ। ਪਹਿਲੇ ਵੇਲਿਆਂ ਵਿਚ ਪਿੰਡਾਂ ਦੀਆਂ ਔਰਤਾਂ ਤ੍ਰਿੰਜਣ ਵਿਚ ਚਰਖਾ ਕੱਤਦੀਆਂ ਕੱਤਦੀਆਂ ਜਾਂ ਸ਼ਾਮ ਵੇਲੇ ਬਾਹਰ ਅੰਦਰ ਜਾਂਦੀਆਂ ਆਪਣੇ ਦੁੱਖ ਦਰਦ ਸਾਂਝੇ ਕਰ ਲੈਂਦੀਆਂ ਸਨ। ਢਿੱਡ ਦੀ ਗੈਸ ਨਿਕਲ ਜਾਂਦੀ ਸੀ, ਮਨ ਹਲਕਾ ਹੋ ਜਾਂਦਾ ਸੀ, ਦਿਲ ਤੋਂ ਭਾਰ/ਗੁਬਾਰ ਲਹਿ ਜਾਂਦਾ ਸੀ। ਘੁਰਨੇ ਵਿਚ ਘੁਸਣਾ ਘੋਰ ਅੰਧਕਾਰ ਵਿਚ ਧਸਣਾ ਹੈ। ਜੇ ਬਾਹਰ ਨਿਕਲਾਂਗੇ, ਦੁਨੀਆਂ ਦੇਖਾਂਗੇ, ਕਿਸੇ ਨਾਲ 'ਹਾਏ-ਹੈਲੋ' ਕਰਾਂਗੇ ਤਾਂ ਇਕੱਲਤਾ ਜੇ ਹਟੇਗੀ ਨਹੀਂ ਤਾਂ ਘਟੇਗੀ ਜ਼ਰੂਰ। ਨਿਦਾ ਫਾਜ਼ਲੀ ਨੇ ਆਪਣੀ ਇੱਕ ਗਜ਼ਲ ਵਿਚ ਬਹੁਤ ਹੀ ਨੇਕ ਸਲਾਹ ਦਿਤੀ ਹੈ- ''ਉਠ ਕੇ ਕਪੜੇ ਬਦਲ ਘਰ ਸੇ ਬਾਹਰ ਨਿਕਲ, ਜੋ ਹੂਆ ਸੋ ਹੂਆ। ਰਾਤ ਕੇ ਬਾਦ ਦਿਨ ਆਜ ਕੇ ਬਾਦ ਕਲ, ਜੋ ਹੂਆ ਸੋ ਹੂਆ। ਜਬ ਤਲਕ ਸਾਂਸ ਹੈ ਭੂਖ ਹੈ ਪਿਆਸ ਹੈ ਯੇ ਹੀ ਇਤਿਹਾਸ ਹੈ, ਰਖ ਕੇ ਕਾਂਧੇ ਪੇ ਹਲ ਖੇਤ ਕੀ ਔਰ ਚਲ, ਜੋ ਹੂਆ ਸੋ ਹੂਆ।



# ਸਿਹਤ ਸੰਸਾਰ

## ਵੱਖ-ਵੱਖ ਕੈਂਸਰ ਅਤੇ ਉਨ੍ਹਾਂ ਦੇ ਲੱਛਣ



ਕੈਂਸਰ ਦਾ ਨਾਂਅ ਆਉਂਦੇ ਹੀ ਸਾਰੇ ਡਰ ਜਾਂਦੇ ਹਨ ਜਦੋਂ ਕਿ ਹੁਣ ਕੈਂਸਰ ਲਾਇਲਾਜ ਨਹੀਂ ਹੈ ਪਰ ਰੋਗ ਦਾ ਡਰ ਅੱਜ ਵੀ ਲੋਕਾਂ ਵਿਚ ਓਨਾ ਹੀ ਬਣਿਆ ਹੋਇਆ ਹੈ। ਵੈਸੇ ਕੈਂਸਰ ਵਰਗੀ ਬਿਮਾਰੀ ਦਾ ਸ਼ੁਰੂ ਵਿਚ ਹੀ ਠੀਕ ਇਲਾਜ ਹੋ ਜਾਵੇ ਤਾਂ ਰੋਗੀ ਬਿਲਕੁਲ ਠੀਕ ਹੋ ਜਾਂਦਾ ਹੈ। ਆਓ ਦੇਖੀਏ ਕੈਂਸਰ ਦੇ ਵੱਖ-ਵੱਖ ਰੂਪ ਅਤੇ ਉਨ੍ਹਾਂ ਦੇ ਲੱਛਣ-

**ਮੂੰਹ ਦਾ ਕੈਂਸਰ :** ਮੂੰਹ ਦੇ ਕੈਂਸਰ ਵਿਚ ਰੋਗੀ ਦੇ ਮੂੰਹ ਵਿਚੋਂ ਬਦਬੂ ਆਉਣੀ, ਖਾਣ ਅਤੇ ਨਿਗਲਣ ਵਿਚ ਤਕਲੀਫ ਹੋਣੀ, ਮੂੰਹ ਵਿਚ ਛਾਲੇ ਹੋਏ ਰਹਿਣੇ ਅਤੇ ਉਨ੍ਹਾਂ ਦਾ ਛੇਤੀ ਠੀਕ ਨਾ ਹੋਣਾ ਆਦਿ ਲੱਛਣ ਮੂੰਹ ਦੇ ਕੈਂਸਰ ਨੂੰ ਦਰਸਾਉਂਦੇ ਹਨ।

**ਸਤਨ ਕੈਂਸਰ :** ਔਰਤਾਂ ਵਿਚ ਸਤਨ ਕੈਂਸਰ ਹੁਣ ਵਧਦਾ ਹੀ ਜਾ ਰਿਹਾ ਹੈ। ਸਤਨ ਕੈਂਸਰ ਦੇ ਰੋਗੀ ਨੂੰ ਸ਼ੁਰੂ ਤੋਂ ਸਤਨ ਵਿਚ ਦਰਦ ਸਹਿਤ ਗੰਢ ਦਾ ਮਹਿਸੂਸ ਹੋਣਾ, ਸਤਨ ਵਿਚ ਖ਼ੂਨ ਸ੍ਰਾਵ ਹੋਣਾ, ਕਾਂਖ ਵਿਚ ਗੰਢ ਹੋਣਾ, ਚਮੜੀ ਦਾ ਜ਼ਿਆਦਾ ਖੁਰਦਰਾ ਹੋਣਾ, ਚਮੜੀ 'ਤੇ ਸੋਜ ਹੋਣਾ ਆਦਿ ਲੱਛਣ ਹੁੰਦੇ ਹਨ।

**ਗੁਰਦੇ ਦਾ ਕੈਂਸਰ :** ਇਸ ਕੈਂਸਰ ਵਿਚ ਰੋਗੀ ਨੂੰ ਪਿਸ਼ਾਬ ਦੇ ਰਾਹ ਵਿਚ ਰਕਤਸ੍ਰਾਵ ਹੋਣਾ, ਪਿੱਠ ਵਿਚ ਲਗਾਤਾਰ ਦਰਦ ਹੁੰਦੇ ਰਹਿਣਾ, ਪੇਟ ਵਿਚ ਗੰਢ ਦਾ ਹੋਣਾ ਆਦਿ ਲੱਛਣ ਹੁੰਦੇ ਹਨ।

**ਆਮਾਸ਼ਯ ਕੈਂਸਰ :** ਅਜਿਹੇ ਰੋਗੀ ਨੂੰ ਭੁੱਖ ਨਾ ਲੱਗਣਾ, ਉਲਟੀਆਂ ਆਉਂਦੇ ਰਹਿਣਾ, ਉਲਟੀ ਅਤੇ ਦਸਤ ਵਿਚ ਖ਼ੂਨ ਆਉਣਾ, ਭਾਰ ਦਾ ਲਗਾਤਾਰ ਘਟਣਾ ਇਸ ਰੋਗ ਨੂੰ ਦਰਸਾਉਂਦੇ ਹਨ।

**ਬਲੱਡ ਕੈਂਸਰ :** ਚਮੜੀ 'ਤੇ ਲਾਲ ਚਕੱਤੇ ਉਭਰਨੇ, ਵਾਰ-ਵਾਰ ਜਵਰ ਤੋਂ ਪੀੜਤ ਰਹਿਣਾ, ਸਰੀਰ ਵਿਚ ਖ਼ੂਨ ਦੀ ਕਮੀ ਬਣੀ ਰਹਿਣਾ, ਗਰਦਨ ਅਤੇ ਜਾਂਘ ਵਿਚ ਗੰਢ ਬਣ ਜਾਣਾ, ਤਿੱਲੀ ਦਾ ਵਧਣਾ, ਗੁਦਾ ਜਾਂ ਪਿਸ਼ਾਬ ਦੇ ਰਸਤੇ ਖ਼ੂਨ ਨਿਕਲਣਾ ਆਦਿ ਇਸ ਰੋਗ ਦੇ ਲੱਛਣ ਹਨ।

**ਅੰਡਕੋਸ਼ ਦਾ ਕੈਂਸਰ :** ਇਹ ਕੈਂਸਰ ਮਰਦਾਂ ਵਿਚ ਹੁੰਦਾ ਹੈ। ਇਕ ਪਾਸੇ ਤੋਂ ਅੰਡਕੋਸ਼ ਦਾ ਵਧਣਾ, ਉਨ੍ਹਾਂ ਵਿਚ ਦਰਦ ਮਹਿਸੂਸ ਨਾ ਹੋਣਾ, ਖੰਘਦੇ ਅਤੇ ਸਾਹ ਲੈਂਦੇ ਸਮੇਂ ਤਕਲੀਫ ਦਾ ਹੋਣਾ ਆਦਿ ਇਸ ਰੋਗ ਦੇ ਲੱਛਣ ਹਨ।

**ਲੀਵਰ ਕੈਂਸਰ :** ਪੀਲੀਏ ਦਾ ਹਮਲਾ ਵਾਰ-ਵਾਰ ਹੋਣਾ, ਲੀਵਰ ਦਾ ਵਧ ਜਾਣਾ, ਭੁੱਖ ਨਾ ਲੱਗਣਾ, ਸਿੱਧੇ ਪਾਸੇ ਦੀਆਂ ਪਸਲੀਆਂ ਦੇ ਹੇਠਾਂ ਦਰਦ ਹੋਣਾ ਆਦਿ ਇਸ ਕੈਂਸਰ ਦੇ ਲੱਛਣ ਹਨ।

**ਗੁਦਾ ਕੈਂਸਰ :** ਗੁਦਾ ਦਾ ਬਾਹਰ ਨਿਕਲਣਾ, ਪਖਾਨੇ ਦੇ ਸਮੇਂ ਬਹੁਤ ਦਰਦ ਹੋਣਾ, ਪਖਾਨੇ ਦੇ ਨਾਲ ਖ਼ੂਨ ਨਿਕਲਣਾ, ਗੁਦਾ ਦੇ ਰਾਹ ਵਿਚ ਗੰਢ ਦਾ ਹੋ ਜਾਣਾ ਆਦਿ ਦੇਖਿਆ ਜਾਂਦਾ ਹੈ।

**ਥਾਇਰਾਇਡ ਕੈਂਸਰ :** ਸਾਹ ਲੈਣ ਵਿਚ ਤਕਲੀਫ ਹੋਣਾ, ਗਲੇ ਵਿਚ ਗੰਢ ਬਣਨਾ, ਉਸ ਗੰਢ ਵਿਚ ਦਰਦ ਹੁੰਦੇ ਰਹਿਣਾ, ਖਾਂਦੇ-ਪੀਂਦੇ, ਨਿਗਲਦੇ ਸਮੇਂ ਗਲੇ ਵਿਚ ਦਰਦ ਹੋਣਾ ਆਦਿ ਇਸ ਰੋਗ ਦੇ ਲੱਛਣ ਹਨ।

**ਚਮੜੀ ਦਾ ਕੈਂਸਰ :** ਚਮੜੀ 'ਤੇ ਜ਼ਖਮ ਹੋਣਾ, ਜ਼ਖਮ ਦਾ ਛੇਤੀ ਨਾ ਭਰਨਾ, ਜ਼ਖਮ ਦਾ ਫੈਲਣਾ, ਜ਼ਖਮ ਵਿਚ ਮਾਮੂਲੀ ਦਰਦ ਹੁੰਦੇ ਰਹਿਣਾ, ਜ਼ਖਮ ਵਿਚੋਂ ਖ਼ੂਨ ਦਾ ਰਿਸਣਾ ਆਦਿ ਇਸ ਰੋਗ ਨੂੰ ਦਰਸਾਉਂਦਾ ਹੈ।

**ਦਿਮਾਗ ਦਾ ਕੈਂਸਰ :** ਅੱਜ ਦੇ ਤਣਾਅ ਭਰੇ ਵਾਤਾਵਰਨ ਵਿਚ ਦਿਮਾਗ ਦੇ ਕੈਂਸਰ ਦੇ ਰੋਗੀਆਂ ਵਿਚ ਵਾਧਾ ਹੋ ਰਿਹਾ ਹੈ। ਅਜਿਹੇ ਵਿਚ ਰੋਗੀ ਦੇ ਸਿਰ ਵਿਚ ਲਗਾਤਾਰ ਦਰਦ ਰਹਿਣਾ, ਮਿਰਗੀ ਦੇ ਦੌਰੇ ਪੈਣਾ, ਅਸ਼ਾਂਤ ਨੀਂਦ, ਸਰੀਰ ਦੇ ਕਿਸੇ ਭਾਗ ਵਿਚ ਲਕਵੇ ਦਾ ਹੋਣਾ, ਵਾਰ-ਵਾਰ ਬੇਹੋਸ਼ ਹੋ ਜਾਣਾ ਆਦਿ ਦੇਖਿਆ ਜਾਂਦਾ ਹੈ।

**ਆਹਾਰ ਨਲੀ ਦਾ ਕੈਂਸਰ :** ਗਲੇ ਵਿਚ ਖਾਣਾ ਅਟਕਣਾ, ਖਾਣਾ ਖਾਂਦੇ ਸਮੇਂ ਦਰਦ ਹੋਣਾ, ਖ਼ੂਨ ਦੀ ਉਲਟੀ ਆਉਣੀ, ਖਾਣਾ ਬਹੁਤ ਹੌਲੀ-ਹੌਲੀ ਖਾਣਾ ਆਦਿ ਇਸ ਰੋਗ ਦੇ ਲੱਛਣ ਹਨ।

**ਫੇਫੜੇ ਦਾ ਕੈਂਸਰ :** ਛਾਤੀ ਵਿਚ ਦਰਦ, ਲਗਾਤਾਰ ਬੁਖਾਰ, ਲਗਾਤਾਰ ਖੰਘ ਰਹਿਣਾ, ਖੰਘਦੇ ਸਮੇਂ ਛਾਤੀ ਵਿਚ ਦਰਦ ਹੋਣੀ, ਖੰਘ ਦੇ ਨਾਲ ਖ਼ੂਨ ਨਿਕਲਣਾ ਆਦਿ ਦੇਖਿਆ ਜਾਂਦਾ ਹੈ।

**ਓਵਰੀ ਕੈਂਸਰ :** ਭਾਰ ਦਾ ਲਗਾਤਾਰ ਘਟਣਾ, ਪੇਟ ਦੇ ਹੇਠਲੇ ਹਿੱਸੇ ਵਿਚ ਗੰਢ ਦਾ ਹੋਣਾ, ਪੇਟ ਦੇ ਹੇਠਲੇ ਹਿੱਸੇ ਵਿਚ ਭਾਰੀਪਨ ਬਣੇ ਰਹਿਣਾ ਆਦਿ ਇਸ ਰੋਗ ਦੇ ਲੱਛਣ ਹਨ।

**ਵੱਡੀ ਅੰਤੜੀ ਦਾ ਕੈਂਸਰ :** ਕਦੇ ਦਸਤ ਲੱਗਣੇ ਅਤੇ ਕਦੇ ਕਬਜ਼ ਹੋਣਾ, ਮਲ ਦੇ ਨਾਲ ਖ਼ੂਨ ਆਉਣਾ, ਪਖਾਨੇ ਦੇ ਸਮੇਂ ਤਕਲੀਫ ਹੋਣਾ ਜਾਂ ਦਰਦ ਹੋਣਾ, ਗੁਦਾ ਦੁਆਰ ਦੇ ਅੰਦਰ ਗੰਢ ਦਾ ਹੋਣਾ ਆਦਿ ਦੇਖਿਆ ਜਾਂਦਾ ਹੈ।

## ਜਦੋਂ ਦਫ਼ਤਰ 'ਚ ਆਵੇ ਨੀਂਦ



ਦਫ਼ਤਰ ਵਿਚ ਦੁਪਹਿਰ ਦਾ ਖਾਣਾ ਖਾਣ ਤੋਂ ਥੋੜ੍ਹੀ ਦੇਰ ਬਾਅਦ ਹੀ ਤੁਹਾਨੂੰ ਨੀਂਦ ਦੇ ਝਾਕੇ ਆਉਣ ਲਗਦੇ ਹਨ ? ਅਸਲ ਵਿਚ ਜਿਵੇਂ ਹੀ ਤੁਸੀਂ ਖਾਣਾ ਖਾਂਦੇ ਹੋ, ਖ਼ੂਨ ਵਿਚ ਸ਼ਰਕਰਾ ਦੀ ਮਾਤਰਾ ਵਧ ਜਾਂਦੀ ਹੈ, ਜੋ ਤਕਰੀਬਨ ਇਕ ਘੰਟੇ ਬਾਅਦ ਘੱਟ ਹੋਣ ਲਗਦੀ ਹੈ, ਜਿਸ ਨਾਲ ਤੁਹਾਡਾ ਊਰਜਾ ਦਾ ਪੱਧਰ ਓਨਾ ਨਹੀਂ ਰਹਿ ਪਾਉਂਦਾ ਅਤੇ ਤੁਹਾਨੂੰ ਨੀਂਦ ਆਉਣ ਲਗਦੀ ਹੈ। ਦੁਪਹਿਰ ਦੇ ਖਾਣੇ ਦੇ ਬਾਅਦ ਨੀਂਦ ਨਾ ਆਵੇ, ਇਸ ਦੇ ਲਈ ਤੁਸੀਂ ਕੁਝ ਉਪਾਅ ਕਰ ਸਕਦੇ ਹੋ।

**ਹਲਕੀ ਕਸਰਤ ਕਰੋ :** ਸਰੀਰਕ ਤੌਰ 'ਤੇ ਸਰਗਰਮ ਰਹਿਣ ਨਾਲ ਖ਼ੂਨ ਦਾ ਸੰਚਾਰ ਸਹੀ ਰਹਿੰਦਾ ਹੈ ਅਤੇ ਹਰ ਕੋਸ਼ਿਕਾ ਅਤੇ ਮਾਸਪੇਸ਼ੀ ਨੂੰ ਸਹੀ ਮਾਤਰਾ ਵਿਚ ਆਕਸੀਜਨ ਮਿਲਦੀ ਹੈ। ਇਸ ਨਾਲ ਤੁਹਾਡੇ ਸਰੀਰ ਦੀ ਊਰਜਾ ਵੀ ਬਣੀ ਰਹਿੰਦੀ ਹੈ ਅਤੇ ਨੀਂਦ ਨਹੀਂ ਆਉਂਦੀ। ਇਸ ਲਈ ਲੰਚ ਲੈਣ ਤੋਂ ਬਾਅਦ ਸਟ੍ਰੈਚ ਕਰੋ। ਥੋੜ੍ਹੀਆਂ-ਬਹੁਤ ਪੌੜੀਆਂ ਚੜ੍ਹੋ ਜਾਂ ਦਫ਼ਤਰ ਦੀ ਬਿਲਡਿੰਗ ਦੇ ਚਾਰੋ ਪਾਸੇ ਇਕ ਚੱਕਰ ਹੀ ਲਗਾ ਆਓ।

**ਖ਼ੂਬ ਪਾਣੀ ਪੀਓ :** ਸਰੀਰ ਵਿਚ ਪਾਣੀ ਦੀ ਕਮੀ, ਥਕਾਨ, ਮੂਡ ਖਰਾਬ ਹੋਣ ਵਰਗੀਆਂ ਚੀਜ਼ਾਂ ਦਾ ਕਾਰਨ ਬਣਦੀ ਹੈ। ਆਪਣੇ ਦਿਨ ਦੀ ਸ਼ੁਰੂਆਤ ਇਕ ਗਲਾਸ ਪਾਣੀ ਪੀ ਕੇ ਕਰੋ, ਕਿਉਂਕਿ ਰਾਤ ਭਰ ਪਾਣੀ ਨਾ ਪੀਣ ਦੇ ਕਾਰਨ ਵੈਸੇ ਹੀ ਤੁਹਾਡੇ ਸਰੀਰ ਵਿਚ ਪਾਣੀ ਦੀ ਕਮੀ ਹੁੰਦੀ ਹੈ। ਪੂਰਾ ਦਿਨ ਪਾਣੀ ਜਾਂ ਹੋਰ ਤਰਲ ਲੈਣ ਦੀ ਕੋਸ਼ਿਸ਼ ਕਰਦੇ ਰਹੋ।

**ਘੱਟ ਖਾਓ :** ਬਹੁਤ ਜ਼ਿਆਦਾ ਖਾਣਾ ਪਾਚਨ ਦੀ ਪ੍ਰਕਿਰਿਆ ਨੂੰ ਹੌਲੀ ਕਰਦਾ ਹੈ। ਪੇਟ ਵਿਚ ਗੈਸ ਬਣਨ ਲਗਦੀ ਹੈ ਅਤੇ ਬੇਚੈਨੀ ਵੀ ਹੁੰਦੀ ਹੈ। ਇਸ ਲਈ ਘਰੋਂ ਛੋਟੇ ਡੱਬੇ ਵਿਚ ਖਾਣਾ ਲਿਆਓ। ਚਿਪਸ ਅਤੇ ਫ੍ਰਾਈਜ਼ ਦੀ ਬਜਾਏ ਫਲ ਅਤੇ ਸਬਜ਼ੀਆਂ ਖਾਓ। ਖਾਣਾ ਖਾਣ ਤੋਂ ਬਾਅਦ 20 ਮਿੰਟ ਤੱਕ ਇੰਤਜ਼ਾਰ ਕਰੋ। ਅਸਲ ਵਿਚ ਦਿਮਾਗ ਨੂੰ ਪੇਟ ਦੇ ਭਰਨ ਦਾ ਸਿਗਨਲ ਦੇਣ ਵਿਚ 20 ਮਿੰਟ ਲਗਦੇ ਹਨ।

**ਪੂਰੀ ਨੀਂਦ ਜ਼ਰੂਰੀ :** ਯਾਦ ਰੱਖੋ, ਜੇਕਰ ਤੁਹਾਡੀ ਰਾਤ ਦੀ ਨੀਂਦ ਪੂਰੀ ਨਹੀਂ ਹੋਈ ਹੈ ਤਾਂ ਦਿਨ ਵਿਚ ਤੁਹਾਨੂੰ ਨੀਂਦ ਆਵੇਗੀ ਹੀ। ਰਾਤ ਵਿਚ 7 ਤੋਂ 8 ਘੰਟੇ ਤੱਕ ਸੌਵੋਂ। ਰਾਤ ਵਿਚ ਨੀਂਦ ਦੀ ਕਮੀ ਹੀ ਦੁਪਹਿਰ ਵਿਚ ਨੀਂਦ ਲਿਆਉਂਦੀ ਹੈ। ਨੀਂਦ ਪੂਰੀ ਨਾ ਹੋਣ ਕਾਰਨ ਤੁਹਾਨੂੰ ਥਕਾਨ ਮਹਿਸੂਸ ਹੁੰਦੀ ਹੈ।

## ਪੇਟ ਦੀਆਂ ਬਿਮਾਰੀਆਂ

ਪਖਾਨਾ ਸਮੇਂ ਸਿਰ ਨਾ ਆਉਣਾ ਇਕ ਆਮ ਬਿਮਾਰੀ ਹੈ। ਕਬਜ਼ ਹੋਣ ਕਰਕੇ ਸਾਡੇ ਸਰੀਰ 'ਚ ਕਈ ਤਰ੍ਹਾਂ ਦੇ ਰੋਗ ਜਿਵੇਂ ਸਿਰ ਦਰਦ, ਪੇਟ ਵਿਚ ਹਲਕਾ ਦਰਦ, ਭੁੱਖ ਨਾ ਲੱਗਣਾ, ਸਰੀਰ ਸੁਸਤ ਤੇ ਪੇਟ ਵਿਚ ਅਫਾਰਾ ਤੇ ਗੈਸ ਬਣਨਾ ਆਦਿ ਹੋ ਸਕਦੇ ਹਨ। ਜਦੋਂ ਵੀ ਕਿਸੇ ਦੀ ਪਖਾਨਾ ਜਾਣ ਦੀ ਆਦਤ ਵਿਚ ਤਬਦੀਲੀ ਹੋ ਜਾਵੇ ਤਾਂ ਉਸ ਨੂੰ ਕਬਜ਼ ਦੀ ਤਕਲੀਫ ਕਿਹਾ ਜਾਂਦਾ ਹੈ। ਸਾਡੇ ਲੋਕਾਂ ਵਿਚ ਕਬਜ਼ ਬਾਰੇ ਕਈ ਧਾਰਨਾਵਾਂ ਹਨ। ਜੇਕਰ ਕਿਸੇ ਨੂੰ ਆਮ ਕਰਕੇ ਦੋ ਜਾਂ ਤਿੰਨ ਵਾਰ ਪਖਾਨਾ ਆਉਂਦਾ ਹੈ ਜਾਂ ਫਿਰ ਪਖਾਨਾ ਆਉਣ ਵੇਲੇ ਸਮਾਂ ਜ਼ਿਆਦਾ ਲਗਦਾ ਹੈ ਜਾਂ ਸਖ਼ਤ ਪਖਾਨਾ ਆਉਂਦਾ ਹੈ ਤਾਂ ਇਹ ਕੋਈ ਕਬਜ਼ ਦੀ ਨਿਸ਼ਾਨੀ ਨਹੀਂ। ਆਮ ਤੌਰ 'ਤੇ ਜਿਸ ਤਰ੍ਹਾਂ ਦਾ ਭੋਜਨ ਕਰਦੇ ਹਾਂ, ਉਸੇ ਤਰ੍ਹਾਂ ਦਾ ਹੀ ਮਲ ਪਦਾਰਥ ਸਾਡੇ ਸਰੀਰ ਅੰਦਰੋਂ ਬਾਹਰ ਨਿਕਲਦਾ ਹੈ।

ਉਦਾਹਰਨ ਦੇ ਤੌਰ 'ਤੇ ਜੇ ਪਿਛਲੇ 8-10 ਸਾਲਾਂ ਤੋਂ 2-3 ਦਿਨ ਬਾਅਦ ਪਖਾਨਾ ਜਾਣ ਦੀ ਆਦਤ ਹੋਵੇ ਤਾਂ ਇਸ ਨੂੰ ਅਸੀਂ ਕਬਜ਼ ਨਹੀਂ ਕਹਿ ਸਕਦੇ। ਜੇਕਰ ਕਿਸੇ ਮਰੀਜ਼ ਦੇ ਪਖਾਨਾ ਜਾਣ ਦੀ ਆਦਤ ਵਿਚ ਇਕਦਮ ਤਬਦੀਲੀ ਆ ਜਾਵੇ ਤਾਂ ਉਸ ਨੂੰ ਅਸੀਂ ਕਬਜ਼ ਦੀ ਤਕਲੀਫ ਕਹਿ ਸਕਦੇ ਹਾਂ। ਇਸ ਲੇਖ ਵਿਚ ਅਸੀਂ ਕਬਜ਼ ਦੇ ਕਾਰਨਾਂ ਤੇ ਉਸ ਦੇ ਇਲਾਜ ਬਾਰੇ ਜਾਣਕਾਰੀ ਦੇਵਾਂਗੇ। ਕਬਜ਼ ਦੇ ਇਲਾਜ ਲਈ ਉਸ ਦੇ ਕਾਰਨਾਂ ਦਾ ਪਤਾ ਹੋਣਾ ਜ਼ਰੂਰੀ ਹੈ। ਜਿਹੜਾ ਵੀ ਕਬਜ਼ ਦਾ ਕਾਰਨ ਹੈ, ਜੇ ਉਸ ਤੋਂ ਛੁਟਕਾਰਾ ਮਿਲ ਜਾਵੇ ਤਾਂ ਕਬਜ਼ ਦਾ ਇਲਾਜ ਗਿਣਿਆ ਜਾਂਦਾ ਹੈ।

**ਭੋਜਨ :**

- ਸੁੱਕਾ ਭੋਜਨ ਖਾਣ ਕਰਕੇ ਭੋਜਨ ਪਦਾਰਥਾਂ ਵਿਚ ਤਰਲਤਾ ਦੀ ਕਮੀ।
- ਭੋਜਨ ਵਿਚ ਹਰੀਆਂ ਸਬਜ਼ੀਆਂ ਤੇ ਸਲਾਦ ਦੀ ਕਮੀ।
- ਅੰਤੜੀਆਂ ਦਾ ਘੱਟ ਕੰਮ ਕਰਨਾ।
- ਜੋ ਲੋਕ ਜ਼ਿਆਦਾ ਚਿਰ ਬੈਠ ਕੇ ਕੰਮ ਕਰਦੇ ਹਨ, ਦਫ਼ਤਰ ਵਿਚ ਜਾਂ ਕਿਸੇ ਹੋਰ ਜਗ੍ਹਾ ਬੈਠ ਕੇ ਕੰਮ ਕਰਦੇ ਹਨ, ਉਨ੍ਹਾਂ ਨੂੰ ਵੀ ਕਬਜ਼ ਹੋ ਜਾਂਦੀ ਹੈ।



- ਚਿੰਤਾ, ਜ਼ਿਆਦਾ ਸੋਚਣਾ, ਨਾਜ਼ੁਕ ਜਿਹੇ ਸੁਭਾਅ ਦਾ ਹੋਣਾ।
- ਅੰਤੜੀਆਂ ਜਾਂ ਪੇਟ ਦੀਆਂ ਮਾਸਪੇਸ਼ੀਆਂ ਦਾ ਕਮਜ਼ੋਰ ਹੋਣਾ।
- ਕਈ ਤਰ੍ਹਾਂ ਦੀਆਂ ਦਵਾਈਆਂ ਜਿਵੇਂ ਜ਼ਿਆਦਾ ਦਰਦ ਨਿਵਾਰਕ ਗੋਲੀਆਂ ਦੀ ਵਰਤੋਂ, ਅਫੀਮ ਜਾਂ ਹੋਰ ਨਸ਼ੇ ਜਾਂ ਜ਼ਿਆਦਾ ਆਇਰਨ ਦੀਆਂ ਗੋਲੀਆਂ ਖਾਣ ਕਰਕੇ।
- ਭੋਜਨ ਹਜ਼ਮ ਕਰਨ ਵਾਲੇ ਤੱਤਾਂ ਦੀ ਕਮੀ।
- ਜਿਗਰ ਦੀ ਕਮਜ਼ੋਰੀ ਕਰਕੇ।
- ਜ਼ਿਆਦਾ ਉਲਟੀਆਂ ਆਉਣ ਕਰਕੇ।
- ਸਰੀਰ ਵਿਚੋਂ ਚਮੜੀ ਰਾਹੀਂ ਜਾਂ ਗੁਰਦੇ ਰਾਹੀਂ ਜ਼ਿਆਦਾ ਪਾਣੀ ਦੀ ਮਾਤਰਾ ਨਿਕਲਣ ਕਰਕੇ ਵੀ ਕਬਜ਼ ਹੋ ਜਾਂਦੀ ਹੈ।

**ਲੱਛਣ :**

- ਕਬਜ਼ ਵਾਲੇ ਮਰੀਜ਼ ਨੂੰ ਸਿਰ ਦਰਦ, ਕਮਜ਼ੋਰੀ, ਸਰੀਰ ਸੁਸਤ, ਚਿੰਤਾ ਆਦਿ ਦੀ ਤਕਲੀਫ਼ ਬਹੁਤ ਹੁੰਦੀ ਹੈ।
- ਮਰੀਜ਼ ਇਸ ਤਕਲੀਫ਼ ਬਾਰੇ ਜਿੰਨਾ ਸੋਚਦਾ ਹੈ, ਓਨੀ ਹੀ ਤਕਲੀਫ਼ ਵਧਦੀ ਜਾਂਦੀ ਹੈ।
- ਮਰੀਜ਼ ਦੀ ਜੀਭ ਹਰ ਵੇਲੇ ਸੁੱਕੀ ਰਹਿੰਦੀ ਹੈ।
- ਕਈ ਵਾਰ ਮਰੀਜ਼ ਨੂੰ ਬਵਾਸੀਰ ਵੀ ਹੋ ਜਾਂਦੀ ਹੈ।

**ਅੰਤੜੀ ਦੀ ਸੋਜ਼ :**

- ਅੰਤੜੀਆਂ ਦਾ ਰੋਗ ਸਾਡੇ ਪੇਟ ਵਿਚ ਇਕ ਤਰ੍ਹਾਂ ਨਾਲ ਅੰਤੜੀਆਂ ਦੀ ਸੋਜ਼ ਦਾ ਸਿੱਟਾ ਹੈ। ਸਾਡੇ ਪੇਟ ਵਿਚ ਕੀਟਾਣੂ ਗੰਦੇ ਪਾਣੀ ਦੁਆਰਾ ਚਲੇ ਜਾਂਦੇ ਹਨ। ਇਹ ਕੀਟਾਣੂ ਪੇਟ ਅੰਦਰ ਜਾ ਕੇ ਅੰਤੜੀਆਂ ਦੇ ਆਸ-ਪਾਸ ਲੱਗੀ ਝਿੱਲੀ ਅਤੇ ਅੰਤੜੀਆਂ ਵਿਚ ਜਾ ਕੇ ਪਨਪਦੇ ਹਨ, ਜਿਸ ਕਰਕੇ ਅੰਤੜੀਆਂ ਵਿਚ ਸੋਜ਼ ਹੋ ਜਾਂਦੀ ਹੈ। ਵਿਅਕਤੀ ਅੰਤੜੀ ਦਾ ਰੋਗੀ ਹੋ ਜਾਂਦਾ ਹੈ।
- ਅੰਤੜੀ ਦੇ ਮਰੀਜ਼ ਨੂੰ ਬਹੁਤ ਪਖਾਨਾ ਆਉਂਦਾ ਹੈ। ਵਾਰ-ਵਾਰ ਪਖਾਨੇ ਨਾਲ ਲੇਸ ਤੇ ਚਰਬੀ ਵੀ ਆਉਂਦੀ ਹੈ। ਪੇਟ ਵਿਚ ਹਲਕਾ-ਹਲਕਾ ਦਰਦ ਰਹਿੰਦਾ ਹੈ ਪਰ ਕਈ ਵਾਰੀ ਦਰਦ ਤੇਜ਼ ਵੀ ਹੋ ਜਾਂਦਾ ਹੈ। ਪਖਾਨੇ ਨਾਲ ਹਲਕਾ-ਹਲਕਾ ਖ਼ੂਨ ਵੀ ਨਿਕਲਦਾ ਹੈ। ਜਦ ਅੰਤੜੀਆਂ ਦੀ ਅੰਦਰਲੀ ਝਿੱਲੀ ਸੜ ਜਾਂਦੀ ਹੈ ਤਾਂ ਲੇਸ ਬਣ ਕੇ ਪਖਾਨੇ ਦੇ ਰਸਤੇ ਨਿਕਲਦੀ ਹੈ। ਪੇਟ ਵਿਚ ਕੁਝ ਵੀ ਨਹੀਂ ਪਚਦਾ ਅਤੇ ਜਦੋਂ ਵੀ ਅਸੀਂ ਕੁਝ ਖਾਂਦੇ ਹਾਂ ਤਾਂ ਪੇਟ ਵਿਚ ਹਲਕਾ ਜਿਹਾ ਦਰਦ ਉਠਦਾ ਹੈ। ਦਿਲ ਘਬਰਾਉਂਦਾ ਹੈ ਤੇ ਉਲਟੀ ਆਉਣ ਨੂੰ ਕਰਦੀ ਹੈ। ਵਾਰ-ਵਾਰ ਪਖਾਨਾ ਤੇ ਉਲਟੀ ਆਉਣ ਨਾਲ ਸਰੀਰ ਵਿਚ ਪਾਣੀ ਦੀ ਘਾਟ ਹੋ ਜਾਂਦੀ ਹੈ। ਅੰਤੜੀ ਦਾ ਰੋਗ ਆਮ ਕਰਕੇ ਗੰਦਾ ਪਾਣੀ ਪੀਣ ਕਰਕੇ ਹੁੰਦਾ ਹੈ। ਸਾਡੇ ਸਰੀਰ ਵਿਚ ਕਈ ਤਰ੍ਹਾਂ ਦੇ ਕੀਟਾਣੂ ਮੂੰਹ ਦੇ ਰਸਤੇ ਸਾਡੇ ਪੇਟ ਵਿਚ ਆ ਕੇ ਪਨਪਦੇ ਹਨ।

**ਇਲਾਜ :** ਇਸ ਬਿਮਾਰੀ ਤੋਂ ਬਚਣ ਲਈ ਸਾਫ਼-ਸੁਥਰਾ ਪਾਣੀ ਉਬਾਲ ਕੇ, ਠੰਢਾ ਕਰਕੇ ਪੀਓ। ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖੋ। ਪਾਣੀ ਵਿਚ ਕਲੋਰੀਨ ਦੀਆਂ ਗੋਲੀਆਂ ਦੀ ਵਰਤੋਂ ਕਰੋ।

# ਪੰਜਾਬ ਦੇ ਪਿੰਡਾਂ ਦੇ ਮੇਲਿਆਂ ਵਿੱਚੋਂ ਪੰਜਾਬੀ ਹੋਏ ਗ਼ਾਇਬ !

**ਲਿਖਤ : ਬੁੱਧ ਸਿੰਘ ਨੀਲੋਂ**



ਪਿੰਡਾਂ ਤੇ ਸ਼ਹਿਰਾਂ ਵਿੱਚੋ ਪੰਜਾਬੀਆਂ ਅਤੇ ਖ਼ਾਸਕਰ ਸਿੱਖਾਂ ਦੇ ਵੱਡੀ ਗਿਣਤੀ ਵਿੱਚ ਗਾਇਬ ਹੋਣ ਤੋਂ ਬਾਅਦ ਉਵੇਂ ਹੀ ਲਗਦਾ ਹੈ ਜਿਵੇਂ ਘਰ ਦੇ ਕਿਸੇ ਜੀਅ ਨੂੰ ਘਰੋਂ ਬੇਦਖਲ ਕਰਨ ਤੋਂ ਬਾਅਦ ਵਿਹੜਾ ਕੁਝ ਖਾਲੀ ਖਾਲੀ ਜਿਹਾ ਲੱਗਣ ਲਗਦਾ ਹੈ। ਰਾਸ਼ਟਰਵਾਦ ਦੇ ਹਮਾਇਤੀ ਬਹੁਗਿਣਤੀ ਲੋਕਾਂ ਨੂੰ ਸ਼ਾਇਦ ਇਹ ਗੱਲ ਹਾਸੋ ਹੀਣੀ ਹੀ ਲੱਗੇਗੀ ਪਰ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪੰਜਾਬ ਵਿੱਚ ਸਮੇਂ ਸਮੇਂ ਤੇ ਬਣੀਆਂ ਸਰਕਾਰਾਂ ਨੇ ਕਦੇ ਇਸ ਪਾਸੇ ਧਿਆਨ ਹੀ ਨਹੀਂ ਦਿੱਤਾ ਤੇ ਨਾ ਪੰਜਾਬੀਆਂ ਨੂੰ ਕਦੇ ਇਲਮ ਹੋਇਆ ਹੈ ਕਿ ਇੱਕ ਡੂੰਘੀ ਸਾਜ਼ਿਸ਼ ਤਹਿਤ ਉਨ੍ਹਾਂ ਦੀ ਘੇਰਾਬੰਦੀ ਕੀਤੀ ਜਾ ਰਹੀ ਹੈ ਤੇ ਸੂਬੇ ਦੀ ਆਬਾਦੀ ਦਾ ਤਵਾਜ਼ਨ ਵਿਗਾੜਿਆ ਜਾ ਰਿਹਾ ਹੈ। ਹੁਣ ਜਦੋਂ ਲੱਖਾਂ ਹੀ ਲੋਕ ਸਿੱਖ ਧਰਮ ਨੂੰ ਬੇਦਾਵਾ ਦੇ ਕੇ ਈਸਾਈ ਬਣ ਰਹੇ ਹਨ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਕਰਤਿਆਂ ਧਰਤਿਆਂ ਤੇ ਅਕਾਲ ਤਖ਼ਤ ਸਾਹਿਬ ਜੀ ਦੇ ਜੱਥੇਦਾਰ ਨੂੰ ਵੀ ਹੱਥਾਂ ਪੈਰਾਂ ਦੀ ਪੈ ਗਈ ਹੈ। ਉਹ ਹਨ੍ਹੇਰੇ ਵਿੱਚ ਹੱਥ ਪੈਰ ਮਾਰਦੇ ਪ੍ਰਤੀਤ ਹੋ ਰਹੇ ਹਨ। ਉਨ੍ਹਾਂ ਨੇ ਕੁੱਝ ਸਿੱਖ ਤੇ ਨਿਹੰਗ ਜੱਥੇਬੰਦੀਆਂ ਨੂੰ ਮੂਹਰੇ ਲਾ ਕੇ ਈਸਾਈ ਬਣੇ ਲੋਕਾਂ ਨੂੰ ਮੁੜ ਸਿੱਖ ਪੰਥ ਵਿੱਚ ਮੋੜ ਲਿਆਉਣ ਲਈ ਹਥਿਆਰਬੰਦ ਹੋਕੇ ਬਹੁੜਨ ਲਈ ਪ੍ਰੇਰਿਆ ਹੈ। ਇਹ ਕੇਹੀ ਹਾਸੋਹੀਣੀ, ਬੇਤੁਕੀ ਤੇ ਘਟੀਆ ਗੱਲ ਹੈ ਕਿ ਇੱਕ ਜੁੰਮੇਵਾਰ ਸ਼ਖ਼ਸ ਇਹ ਕਹਿ ਰਿਹਾ ਹੈ ਕਿ ਈਸਾਈਆਂ ਦੀ ਧਰਮ ਚਰਚਾ ਰੋਕ ਦਿਓ। ਵਾਹ ਜੱਥੇਦਾਰ ਜੀ ਵਾਹ ! ਨਹੀਂ ਰੀਸਾਂ! ਪਿਛਲੇ ਦਿਨੀਂ ਜੋ ਕੁਝ ਮਾਝੇ ਵਿੱਚ ਵਾਪਰਿਆ ਹੈ, ਉਹ ਬਹੁਤ ਹੀ ਨਿੰਦਣ ਯੋਗ ਹੈ। ਧਰਮ ਹਰ ਇਕ ਦਾ ਨਿੱਜੀ ਮਸਲਾ ਹੈ। ਕਿਸੇ ਨੂੰ ਧੱਕੇ ਨਾਲ਼ ਨਹੀਂ ਮਨਾਇਆ ਜਾ ਸਕਦਾ। ਇਤਿਹਾਸ ਗਵਾਹ ਹੈ ਕਿ ਜਦੋਂ ਔਰੰਗਜ਼ੇਬ ਨੇ ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ਼ ਮੁਸਲਮਾਨ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਤਿੰਨ ਅੰਨਿਨ ਸਿੱਖਾਂ ਸਮੇਤ ਦਿੱਲੀ ਦੇ ਚਾਂਦਨੀ ਚੌਕ ਵਿੱਚ ਸੀਸ ਕਟਵਾ ਲਿਆ ਸੀ ਪਰ ਮੁਗਲ ਹਕੂਮਤ ਦੀ ਧੱਕੇਸ਼ਾਹੀ ਪ੍ਰਵਾਨ ਨਹੀਂ ਕੀਤੀ ਸੀ।

ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲ਼ਿਆਂ ਨੇ ਸੋਟਾ ਆਪਣੀ ਪੀੜ੍ਹੀ ਹੇਠਾਂ ਫੇਰਨ ਦੀ ਬਜਾਏ ਉਹਨਾਂ ਗਰੀਬਾਂ ਉਪਰ ਫੇਰਨਾ ਸ਼ੁਰੂ ਕਰ ਦਿੱਤਾ ਹੈ ਜਿਹਨਾਂ ਨੂੰ ਅੱਧੀ ਸਦੀ ਤੋਂ ਪਿੰਡਾਂ ਦੇ ਗੁਰਦੁਆਰਿਆਂ ਵਿੱਚੋਂ ਬਾਹੋਂ ਫੜ੍ਹ ਫੜ੍ਹ ਬਾਹਰ ਕੱਢਿਆ ਜਾਂਦਾ ਸੀ। ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਜਾਤਾਂ ਗੋਤਾਂ ਦੇ ਨਾਮ ਤੇ ਗੁਰਦੁਆਰੇ ਬਣੇ ਹੋਏ ਹਨ। ਸਮਸ਼ਾਨ ਘਾਟ ਤਾਂ ਹਰ ਪਿੰਡ ਵਿੱਚ ਪਹਿਲਾਂ ਤੋਂ ਹੀ ਵੱਖੋ ਵੱਖ ਹਨ। ਪੰਜਾਬ ਦੇ ਕਈ ਪਿੰਡਾਂ ਦੇ ਗੁਰਦੁਆਰਿਆਂ ਅਤੇ ਡੇਰਿਆਂ ਨੇ ਵੱਖ ਵੱਖ ਜਾਤਾਂ ਲਈ ਭਾਂਡੇ ਵੀ ਵੱਖਰੇ ਬਣਾਏ ਹੋਏ ਹਨ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਚਾਰ ਉਦਾਸੀਆਂ ਕਰਕੇ ਮੁਲਤਾਨ ਤੋਂ ਬੰਗਾਲ ਤੇ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਦੇ ਸਮਾਜਵਾਦੀ ਤੇ ਇਨਕਲਾਬੀ ਮਹਾਂਪੁਰਖਾਂ ਦੀ ਬਾਣੀ ਇਕੱਤਰ ਕੀਤੀ ਜਿਸਨੂੰ ਉਹਨਾਂ ਤੋਂ ਬਾਅਦ ਇਕ ਥਾਲ਼ ਵਿੱਚ ਸਜਾ ਕੇ ਦੁਨੀਆਂ ਭਰ ਦੇ ਲੋਕਾਂ ਅੱਗੇ ਪਰੋਸ ਦਿੱਤਾ ਗਿਆ। ਗੁਰੂ ਗ੍ਰੰਥ ਸਾਹਿਬ ਰੂਪੀ ਇਸ ਥਾਲ਼ ਰਾਹੀਂ ਪਖੰਡੀ ਪੂਜਾਰੀਆਂ ਦੇ ਜਾਲ਼ ਵਿੱਚ ਫਸੇ ਲੋਕਾਂ ਨੂੰ ਕੁਦਰਤੀ ਵਿਧਾਨ ਅਧੀਨ ਬਣੇ ਆਦਿ ਜੁਗਾਦੀ ਸੱਚ ਧਰਮ ਨਾਲ਼ ਜੋੜਿਆ ਗਿਆ। ਉਹਨਾਂ ਸਮਿਆਂ ਵਿੱਚ ਤਾਂ ਆਵਾਜਾਈ ਦਾ ਕੋਈ ਸਾਧਨ ਵੀ ਨਹੀਂ ਸੀ ਤੇ ਗੁਰੂ ਜੀ ਨੇ ਮਨੁੱਖਤਾ ਦੇ ਭਲੇ ਲਈ ਪੱਚੀ ਸਾਲਾਂ ਦੌਰਾਨ ਪੈਂਤੀ ਹਜ਼ਾਰ ਮੀਲਾਂ ਦਾ ਸਫ਼ਰ ਪੈਦਲ ਹੀ ਤੈਅ ਕੀਤਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਦੇ ਚਲਾਏ ਸੱਚ ਧਰਮ ਦੀ ਰਾਖੀ ਕਰਦਿਆਂ ਭਾਂਵੇਂ ਆਪਣਾ ਸਾਰਾ ਪਰਿਵਾਰ ਵਾਰਨਾ ਪੈ ਗਿਆ ਪਰ ਉਨ੍ਹਾਂ ਨੇ ਸਮੇਂ ਦੀ ਹਕੂਮਤ ਦੀ ਈਨ ਨਾ ਮੰਨੀ।

ਹੁਣ ਸ਼੍ਰੋਮਣੀ ਕਮੇਟੀ ਕੋਲ਼ ਘਾਟਾ ਕਿਸ ਗੱਲ ਦਾ ਹੈ ? ਅਰਬਾਂ ਦਾ ਸਲਾਨਾ ਬੱਜਟ ਹੈ। ਬਾਹਰ ਅੰਦਰ ਆਉਣ ਜਾਣ ਲਈ ਹਰ ਤਰ੍ਹਾਂ ਦੇ ਸਾਧਨ ਹਨ। ਲੰਗਰ ਛਕਣ ਤੇ ਛਕਾਉਣ ਵਾਲ਼ਿਆਂ ਦੀ ਵੱਡੀ ਫੌਜ ਹੈ। ਉਹ ਫੌਜ ਜੋ ਆਪਣਿਆਂ ਨੂੰ ਹੀ ਕੁੱਟਣ ਮਾਰਨ ਤੇ ਛੇਕਣ ਛੇਕਾਉਣ ਲਈ ਹਰ ਵੇਲ਼ੇ ਤਿਆਰ ਬਰ ਤਿਆਰ ਰਹਿੰਦੀ ਹੈ। ਪਿਛਲੇ ਤੀਹ ਸਾਲਾਂ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਵਿਹੜੇ ਅੰਦਰ ਸਿੱਖਾਂ ਨੇ ਕਈ ਵਾਰ ਆਪਸ ਵਿੱਚ ਤਲਵਾਰਬਾਜ਼ੀ ਕੀਤੀ ਹੈ ਤੇ ਡਾਂਗ ਸੋਟਾ ਵੀ ਖੜਕਾਇਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਗੱਲ ਦਾ ਜਵਾਬ ਸਿੱਖ ਸੰਗਤਾਂ ਨੂੰ ਕਦੋਂ ਦੇਵੇਗੀ ਕਿ ਅਰਬਾਂ ਦੇ ਬਜਟ ਨਾਲ਼ ਹੁਣ ਤੱਕ ਕੌਮ ਦਾ ਕੀ ਕੁਝ ਸਵਾਰਿਆ ਗਿਆ ਹੈ ?

ਸ਼੍ਰੋਮਣੀ ਕਮੇਟੀ ਕੋਲ਼ ਹਰ ਗੱਲ ਦਾ ਘੜਿਆ ਘੜਾਇਆ ਜਵਾਬ ਮੌਜੂਦ ਹੈ ਕਿ ਉਨ੍ਹਾਂ ਨੇ ਪੁਰਾਤਨ ਗੁਰਦੁਆਰਿਆਂ ਦੀਆਂ ਕੱਚੀਆਂ ਪਿੱਲੀਆਂ ਇਮਾਰਤਾਂ ਢਾਹ ਕੇ ਨਵੀਆਂ ਉਸਾਰ ਦਿੱਤੀਆਂ ਹਨ ਤੇ ਅੰਦਰ ਬਾਹਰ ਚੁਫੇਰੇ ਪੱਕੇ ਫਰਸ਼ਾਂ ਉਪਰ ਸੰਗਮਰਮਰ ਲਗਾ ਦਿੱਤਾ ਹੈ ਜਦੋਂਕਿ ਅਸਲ ਵਿੱਚ ਕਾਰ ਸੇਵਾ ਦੇ ਨਾਂ ਤੇ ਆਮ ਲੋਕਾਂ ਹੱਥੋਂ ਇਤਿਹਾਸਕ ਯਾਦਗਾਰਾਂ ਦਾ ਹਮੇਸ਼ਾ ਲਈ ਭੋਗ ਪਵਾਇਆ ਹੈ। ਵੱਡੀਆਂ ਤੇ ਮਹਿੰਗੀਆਂ ਗੱਡੀਆਂ ਖਰੀਦੀਆਂ ਹਨ ਤੇ ਦੇਸ਼ਾਂ ਵਿਦੇਸ਼ਾਂ ਦੀ ਸੈਰ ਕੀਤੀ ਹੈ। ਉਹ ਧਾਰਮਕ ਲਿਟਰੇਚਰ ਛਾਪ ਛਾਪ ਕੇ ਧਰਮ ਦਾ ਦੂਰ ਦੂਰ ਤੱਕ ਪ੍ਰਚਾਰ ਕਰਨ ਅਤੇ ਲੱਖਾਂ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲ਼ੇ ਬਣਾਉਣ ਦੇ ਦਾਅਵੇ ਵੀ ਪੇਸ਼ ਕਰਦੇ ਰਹਿੰਦੇ ਹਨ ਵਗੈਰਾ ਵਗੈਰਾ...

ਪਰ ਸੱਚ ਤੋਂ ਮੁਨਕਰ ਹੋਣਾ ਔਖਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਸਿੱਖੀ ਦੇ ਪ੍ਰਚਾਰ ਤੇ ਪਸਾਰ ਦੇ ਨਤੀਜੇ ਪਿਛਲੇ ਵੀਹ ਸਾਲਾਂ ਤੋਂ ਸਾਹਮਣੇ ਆਉਣੇ ਸ਼ੁਰੂ ਹੋਏ ਹਨ। ਪੰਜਾਬ ਵਿੱਚ ਪਖੰਡੀ ਸਾਧਾਂ ਦੇ ਹਜ਼ਾਰਾਂ ਡੇਰੇ ਖੁੱਲ੍ਹ ਗਏ ਹਨ। ਲੱਖਾਂ ਸਿੱਖ ਪਹਿਲਾਂ ਸੌਦਾ ਸਾਧ ਦੇ ਪ੍ਰੇਮੀ ਬਣੇ ਤੇ ਹੁਣ ਈਸਾਈ ਬਣ ਰਹੇ ਹਨ। ਉਹ ਸਿੱਖ ਗੁਰੂ ਨਾਨਕ ਪਾਤਸ਼ਾਹ ਜੀ ਦੀ ਲਿਖੀ ਤੇ ਇਕੱਠੀ ਕੀਤੀ ਮਾਖਿਓ ਮਿੱਠੀ ਸਰਬ ਸਾਂਝੀ ਗੁਰਬਾਣੀ ਨੂੰ ਛੱਡ ਕੇ ਸਾਧਾਂ ਦੀ ਮਹਿਮਾ ਮੰਡਨ ਕਰਨ ਵਾਲ਼ਾ ਭਜਨ ਕੀਰਤਨ ਸੁਣਨ ਡੇਰਿਆਂ ਵੱਲ ਕਿਉਂ ਜਾ ਰਹੇ ਹਨ ? ਕੀ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਜਾਂ ਪੰਥ ਦੇ ਨਾਂ ਤੇ ਲੁੱਟਮਾਰ ਕਰਨ ਵਾਲ਼ੀਆਂ ਅਣਗਿਣਤ ਜਥੇਬੰਦੀਆਂ ਨੇ ਆਪਣੇ ਗੁਰੂ ਨੂੰ ਹਾਜ਼ਰ ਨਾਜ਼ਰ ਜਾਣਕੇ ਇਸ ਭਗੌੜੇਪਨ ਪਿੱਛੇ ਵਰਤ ਰਹੇ ਵਰਤਾਰੇ ਦੀ ਕੋਈ ਮਨੋਵਿਗਿਆਨਕ ਖੋਜ ਕਰਵਾਈ ਹੈ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਅਧੀਨ ਆਉਂਦੇ ਇਤਹਾਸਕ ਗੁਰਦੁਆਰਿਆਂ ਤੇ ਜੱਟ ਬਰਾਦਰੀ ਦਾ ਕਬਜ਼ਾ ਹੋਣ ਤੋਂ ਬਾਅਦ ਉਹਨਾਂ ਵਿੱਚੋਂ ਬਹੁਤਿਆਂ 'ਚ ਮਨੂੰਵਾਦੀ ਵਿਚਾਰਧਾਰਾ ਲਾਗੂ ਹੋ ਚੁੱਕੀ ਹੈ। ਇਹ ਬੀਮਾਰੀ ਨਾਗਪੁਰ ਤੋਂ ਪ੍ਰਕਾਸ਼ ਸਿੰਘ ਬਾਦਲ ਰਾਹੀ ਪੰਜਾਬ ਦੇ ਗੁਰਦੁਆਰਿਆਂ ਵਿੱਚ ਅਜਿਹੀ ਫੈਲਾਈ ਗਈ ਹੈ ਕਿ ਹੁਣ ਸਿੱਖ ਹੀ ਸਿੱਖ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗ ਪਿਆ ਹੈ। ਪਿਛਲੀ ਅੱਧੀ ਸਦੀ ਦੌਰਾਨ ਬਾਦਲ ਪਰਵਾਰ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਆਪਣੀ ਕਠਪੁਤਲੀ ਕਿਵੇਂ ਬਣਾਇਆ ਹੈ, ਇਹ ਹੁਣ ਕੋਈ ਲੁਕਿਆ ਛਿਪਿਆ ਰਾਜ ਨਹੀਂ ਰਹਿ ਗਿਆ। ਨਾਗਪੁਰੀਆਂ ਦੇ ਤਨਖ਼ਾਹਦਾਰ ਪੰਜੇ ਤਖ਼ਤਾਂ ਦੇ ਜਥੇਦਾਰ ਕਿਵੇਂ ਬਾਦਲ ਦੇ ਇਸ਼ਾਰਿਆਂ ਤੇ ਨੱਚਦੇ ਰਹੇ ਤੇ ਨਾਗਪੁਰੋਂ ਟਾਈਪ ਹੋ ਕੇ ਆਏ ਹੁਕਮਨਾਮੇ ਜਾਰੀ ਕਰਦੇ ਰਹੇ ਹਨ, ਇਹ ਸਭ ਹੁਣ ਇਤਿਹਾਸ ਦਾ ਹਿੱਸਾ ਬਣ ਚੁੱਕਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਜਿੰਨੀਆਂ ਬੇਅਦਬੀਆ ਬਾਦਲ ਹਕੂਮਤ ਦੌਰਾਨ ਕਰਵਾਈਆਂ ਗਈਆਂ ਹਨ, ਉਹ ਕੌਣ ਤੇ ਕਿਸਦੇ ਇਸ਼ਾਰੇ ਤੇ ਕਰਵਾ ਰਿਹਾ ਸੀ, ਇਹ ਵੀ ਜੱਗ ਜ਼ਾਹਰ ਹੋ ਚੁੱਕਿਆ ਹੈ। ਲੋਕ ਸਭ ਕੁਝ ਜਾਣ ਗਏ ਹਨ। ਕਈ ਝੂਠੀਆਂ ਸੱਚੀਆਂ ਜਾਂਚਾਂ ਪਹਿਲਾਂ ਹੋ ਚੁੱਕੀਆਂ ਹਨ ਤੇ ਅੱਗੋਂ ਵੀ ਹੁੰਦੀਆਂ ਰਹਿਣਗੀਆਂ। ਇਹ ਬੇਅਦਬੀਆਂ ਕੀਹਨੇ ਕਰਵਾਈਆਂ ਹਨ, ਕਿਸ ਨੂੰ ਨਹੀਂ ਪਤਾ ? ਪੰਜਾਬ ਦਾ ਬੱਚਾ ਬੱਚਾ ਉਹਨਾਂ ਨੂੰ ਜਾਣਦਾ ਤੇ ਪਛਾਣਦਾ ਹੈ। ਜਿਸ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖੀ ਭੇਸ ਧਾਰਕੇ ਸਿੱਖੀ ਦੀਆਂ ਜੜ੍ਹਾਂ ਵਿੱਚ ਮੰਨੂਵਾਦ ਦਾ ਜਿਹੜਾ ਕੌੜਾ ਤੇਲ ਪਾਇਆ ਹੈ ਅਜਿਹਾ ਤਾਂ ਪਹਿਲਾਂ ਕੋਈ ਮੁਗਲ, ਅੰਗਰੇਜ਼ ਜਾਂ ਕੋਈ ਅਖੌਤੀ ਰਾਸ਼ਟਰਵਾਦੀ ਹਕੂਮਤ ਵੀ ਨਹੀਂ ਕਰ ਸਕੀ ਸੀ। ਸਿੱਖਾਂ ਦਾ ਮਾਣ ਮੱਤਾ ਇਤਿਹਾਸ ਡੇਰਿਆਂ ਵਾਲ਼ਿਆਂ ਨੇ ਰੋਲ਼ ਕੇ ਰੱਖ ਦਿੱਤਾ ਹੈ। ਇਹ ਹੀ ਮੁੱਖ ਕਾਰਨ ਹਨ ਜਿਹਨਾਂ ਕਰਕੇ ਅੱਜ ਪੰਜਾਬ ਦੇ ਪਿੰਡਾਂ ਵਿੱਚੋਂ ਪੰਜਾਬੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ।

ਕੁੱਝ ਦਿਨਾਂ ਤੋਂ ਸਾਡੇ ਇਲਾਕੇ ਵਿੱਚ ਪਿੰਡਾਂ ਦੀਆਂ ਗੂਗਾਮਾੜੀਆਂ ਤੇ ਮੇਲੇ ਲੱਗ ਰਹੇ ਹਨ ਤੇ ਛਿੰਵਾਂ ਭਰ ਰਹੀਆਂ ਹਨ। ਅਸੀਂ ਉਚੇਚੇ ਤੌਰ ਤੇ ਇਹਨਾਂ ਮੇਲਿਆਂ ਦਾ ਸਰਵੇਖਣ ਕੀਤਾ ਹੈ। ਮੇਲਿਆਂ ਵਿਚ ਪੰਜਾਬੀਆਂ ਤੇ ਸਿੱਖਾਂ ਦੀ ਹਾਜ਼ਰੀ ਪੋਟਿਆਂ ਤੇ ਗਿਣੀ ਜਾਣ ਜੋਗੀ ਹੀ ਰਹਿ ਗਈ ਹੈ। ਮੇਲਿਆਂ 'ਚ ਦੁਕਾਨਾਂ ਲਾਉਣ ਵਾਲ਼ੇ ਤੇ ਉਨ੍ਹਾਂ ਤੋਂ ਸੌਦਾ ਸੂਤ ਖਰੀਦਣ ਵਾਲ਼ੇ ਸਭ ਘੋਨ ਮੋਨ ਤੇ ਓਪਰੇ ਸਭਿਆਚਾਰ ਵਾਲ਼ੇ ਨਜ਼ਰ ਆ ਰਹੇ ਸਨ।

ਸਰਹੰਦ ਨਹਿਰ ਕਿਨਾਰੇ ਗਣੇਸ਼ ਦੀਆਂ ਮੂਰਤੀਆਂ ਜਲ ਪ੍ਰਵਾਹ ਕਰਨ ਵਾਲ਼ਿਆਂ ਨੇ ਨਹਿਰਾਂ ਭਰ ਦਿੱਤੀਆਂ ਹਨ। ਪੰਜਾਬੀ ਸਭਿਆਚਾਰ ਦਾ ਹਿੱਸਾ ਨਾ ਹੋਣ ਦੇ ਬਾਵਜੂਦ ਗਣੇਸ਼ ਪੂਜਾ ਤੇ ਛਟ ਪੂਜਾ ਤੋਂ ਬਾਅਦ ਮੂਰਤੀਆਂ ਦਾ ਬੇਤਹਾਸ਼ਾ ਵਿਸਰਜਨ ਜੀਵਨ ਦੇਣ ਵਾਲ਼ੀਆਂ ਨਹਿਰਾਂ ਵਿੱਚ ਕਰਵਾ ਕੇ ਪੰਜਾਬ ਦੀਆਂ ਹਕੂਮਤਾਂ ਨੇ ਪੌਣ ਪਾਣੀ ਸੁਰੱਖਿਆ ਵਾਲ਼ੀ ਧੰਨ ਧੰਨ ਕਰਵਾ ਦਿੱਤੀ ਹੈ।

ਸਾਡੇ ਮੂਹਰੇ ਤੁਰੇ ਜਾ ਰਹੇ ਸਾਡੇ ਵਰਗੇ ਕੁਝ ਫ਼ਿਕਰਮੰਦ ਨੌਜਵਾਨਾਂ ਦੇ ਬੋਲ ਮੇਰੇ ਕੰਨਾਂ ਵਿੱਚ ਪਏ, "ਇਸ ਵਾਰ ਮੇਲੇ ਵਿੱਚੋਂ ਪੰਜਾਬੀ ਤੇ ਸਿੱਖ ਬਿਲਕੁਲ ਗਾਇਬ ਹਨ, ਕਿੱਥੇ ਚਲੇ ਗਏ ਇਹ ਲੋਕ ?"

ਸਲਵਾਰਾਂ ਦੀ ਥਾਂ ਪਲਾਜੇ ਤੇ ਸਾੜੀਆਂ ਅਤੇ ਸਿਰ ਤੇ ਸੰਧੂਰ ਪਾਉਣ ਵਾਲ਼ੀਆਂ ਬੀਬੀਆਂ ਦੀ ਹੀ ਭੀੜ ਸੀ ! ਮੈਂ ਮੇਲੇ ਵਿੱਚ ਗੁਆਚੇ ਡੌਰ ਭੌਰ ਬਾਲ ਵਾਂਗੂੰ ਕਿਸੇ ਪੰਜਾਬੀ ਤੇ ਸਿੱਖ ਨੂੰ ਲੱਭ ਰਿਹਾ ਸੀ !

ਪੰਜਾਬੀ ਸੱਭਿਆਚਾਰਕ ਰੰਗ ਤਮਾਸ਼ਿਆਂ ਵਿੱਚ ਓਪਰੀਆਂ ਰਹੁ ਰੀਤਾਂ ਦੀ ਮਿਲਾਵਟ ਕਰਕੇ ਪੰਜਾਬ ਦੇ ਮੇਲਿਆਂ ਵਿੱਚੋਂ ਪੰਜਾਬੀਅਤ ਨੂੰ ਖ਼ਾਰਿਜ਼ ਕਰਵਾਉਣ ਲਈ ਕੌਣ ਜਿੰਮੇਵਾਰ ਹੈ ? ਪੰਜਾਬ ਦੇ ਰੰਗਲੇ ਸਭਿਆਚਾਰ ਨੂੰ ਆਪਣੇ ਹੱਥੀਂ ਦੂਜਿਆਂ ਦੇ ਹੱਥ ਫੜਾਉਣ ਲਈ ਕੌਣ ਜ਼ਿੰਮੇਵਾਰ ਹੈ?

---

# ਕੁਦਰਤਿ ਹੈ ਕੀਮਤਿ ਨਹੀ ਪਾਇ

**ਲਿਖਤ : ਡਾ.ਬਲਵਿੰਦਰ ਸਿੰਘ ਲੱਖੇਵਾਲੀ**

**ਸੰਪਰਕ: 98142-39041**

ਇੱਕ ਮਿਥਿਹਾਸ ਅਨੁਸਾਰ ਇੱਕ ਵਾਰ ਇੰਦਰ ਦੇਵਤਾ ਸਵਰਗ ਵਿੱਚ ਅੰਮ੍ਰਿਤ ਪੀ ਰਿਹਾ ਸੀ ਤਾਂ ਉਸ ਦੀ ਇੱਕ ਬੂੰਦ ਧਰਤੀ ਉੱਪਰ ਡਿੱਗ ਪਈ, ਜਿਸ ਤੋਂ ਹਰੜ ਦਾ ਬ੍ਰਿਖ ਪੈਦਾ ਹੋਇਆ। ਮਿਥਿਹਾਸਕਾਰ ਇਹ ਵੀ ਤੱਥ ਦਿੰਦੇ ਹਨ ਕਿ ਇਹ ਫ਼ਲ ਹਿਮਾਲਿਆ ਦੇ ਨੇੜੇ ਹਰੀ (ਵਿਸ਼ਨੂੰ) ਦੇ ਘਰ ਉਗਾਇਆ ਗਿਆ ਸੀ, ਇਸੇ ਕਰਕੇ ਇਸ ਦਾ ਸੰਸਕ੍ਰਿਤ ਨਾਮ 'ਹਰਿਤਕੀ' ਹੈ। ਹਰੜ ਦੱਖਣੀ ਏਸ਼ੀਆ ਤੇ ਭਾਰਤ ਦਾ ਮੂਲ ਰੁੱਖ ਹੈ ਅਤੇ ਇਸ ਦਾ ਵਿਗਿਆਨਕ ਨਾਂ ਟਰਮਿਨਓਲਿਓ ਚਹਇਬੁਲਓ ਹੈ। ਆਯੁਰਵੈਦ ਵਿੱਚ ਜੜ੍ਹੀਆਂ ਬੂਟੀਆਂ ਦੀ ਸੂਚੀ ਵਿੱਚ ਮੋਹਰੀ ਸਥਾਨ ਰੱਖਣ ਵਾਲੇ ਇਸ ਰੁੱਖ ਨੂੰ 'ਦਵਾਈਆਂ ਦਾ ਰਾਜਾ' ਵੀ ਕਿਹਾ ਜਾਂਦਾ ਹੈ। ਆਯੁਰਵੈਦ ਦੀ ਅਹਿਮ ਦਵਾਈ ਤ੍ਰਿਫਲਾ ਵਿੱਚ ਤਿੰਨ ਚੀਜ਼ਾਂ ਹਰੜ, ਬਹੇੜਾ ਅਤੇ ਆਂਵਲਾ ਦਾ ਮਿਸ਼ਰਣ ਹੁੰਦਾ ਹੈ।

**ਹਰੜ, ਬਹੇੜਾ, ਆਂਵਲਾ**
**ਤਿੰਨੇ ਘਰ ਦੇ ਵੈਦ।**

ਹਰੜ ਦੇ ਫ਼ਲਾਂ ਨੂੰ ਆਮ ਤੌਰ 'ਤੇ 'ਮਾਇਰੋ ਬਾਲਾਨ' ਵੀ ਕਿਹਾ ਜਾਂਦਾ ਹੈ ਅਤੇ ਇਸ ਤੋਂ 'ਸਿਆਹੀ' ਦੀ ਪ੍ਰਾਪਤੀ ਹੁੰਦੀ ਹੋਣ ਕਰਕੇ ਕਈ ਲੋਕ ਇਸ ਨੂੰ 'ਇੰਕ ਨਟ' ਦੇ ਨਾਂ ਨਾਲ ਵੀ ਜਾਣਦੇ ਹਨ। ਭਾਰਤ ਦੇ ਅਨੇਕਾਂ ਸੂਬਿਆਂ ਵਿੱਚ ਮਿਲਣ ਵਾਲਾ ਇਹ ਰੁੱਖ ਅਨੁਕੂਲ ਹਾਲਤਾਂ ਵਿੱਚ 100 ਫੁੱਟ ਤੱਕ ਦੀ ਉਚਾਈ ਵੀ ਗ੍ਰਹਿਣ ਕਰ ਲੈਂਦਾ ਹੈ। ਮਜ਼ਬੂਤ ਤੇ ਸਿੱਧੇ ਤਣੇ ਵਾਲੇ ਇਸ ਰੁੱਖ ਦੇ ਪੱਤੇ ਅੰਡਾਕਾਰ, ਲੰਬੂਤਰੇ ਅਤੇ ਖੁਰਦਰੇ ਜਿਹੇ ਹੁੰਦੇ ਹਨ। ਹਰੜ ਦੇ ਫੁੱਲ ਹਲਕੇ ਸਫ਼ੈਦ ਪੀਲੇ ਰੰਗ ਦੇ ਪਰ ਤੇਜ਼ ਮਹਿਕ ਵਾਲੇ ਹੁੰਦੇ ਹਨ। ਫ਼ਲ 1 ਤੋਂ 2 ਇੰਚ ਲੰਬੇ, ਚਪਟੇ ਤੇ ਅੰਡਾਕਾਰ ਇੱਕ ਬੀਜ ਵਾਲੇ ਹੁੰਦੇ ਹਨ। ਗੁਠਲੀ ਬਣਨ ਤੋਂ ਪਹਿਲਾਂ ਦਰੱਖਤ ਤੋਂ ਡਿੱਗੇ ਕੱਚੇ ਫ਼ਲ ਸੁੱਕ ਕੇ ਕਾਲੇ ਹੋ ਜਾਂਦੇ ਹਨ ਤੇ ਉਨ੍ਹਾਂ ਨੂੰ ਛੋਟੀ ਹਰੜ ਜਾਂ ਬਾਲ ਹਰੜ ਕਿਹਾ ਜਾਂਦਾ ਹੈ।

ਜਿਹੜਾ ਫ਼ਲ ਗੁਠਲੀ ਬਣਨ ਤੋਂ ਬਾਅਦ ਪੂਰੀ ਤਰ੍ਹਾਂ ਪੱਕ ਜਾਣ ਤੋਂ ਪਹਿਲਾਂ ਤੋੜ ਲਿਆ ਜਾਂਦਾ ਹੈ, ਉਸ ਨੂੰ ਵੱਡੀ ਹਰੜ ਕਿਹਾ ਜਾਂਦਾ ਹੈ। ਆਯੁਰਵੈਦ ਦੇ ਪੁਰਾਤਨ ਮੂਲ ਗ੍ਰੰਥਾਂ ਵਿੱਚ ਹਰੜ ਸੱਤ ਕਿਸਮ ਦੀ ਦੱਸੀ ਗਈ ਹੈ, ਪਰ ਅੱਜਕੱਲ੍ਹ ਹਰੜ ਤਿੰਨ ਕਿਸਮ ਦੀ ਪਾਈ ਜਾਂਦੀ ਹੈ। ਪੀਲੀ ਹਰੜ, ਕਾਲੀ (ਛੋਟੀ) ਹਰੜ ਅਤੇ ਕਾਬਲੀ ਹਰੜ। ਇਨ੍ਹਾਂ ਤਿੰਨਾਂ ਤੋਂ ਇਲਾਵਾ ਇੱਕ ਗੁਠਲੀ ਰਹਿਤ ਹਰੜ ਵੀ ਹੁੰਦੀ ਹੈ ਜਿਸ ਨੂੰ 'ਜਲਾਪਾ ਹਰੜ' ਕਿਹਾ ਜਾਂਦਾ ਹੈ ਅਤੇ ਇਹ ਮਿਲਦੀ ਬਹੁਤ ਘੱਟ ਹੈ।

ਰੁੱਖ ਦਾ ਸੱਕ ਗੂੜ੍ਹੇ ਭੂਰੇ ਰੰਗ ਦਾ ਹੁੰਦਾ ਹੈ ਜਿਸ ਤੋਂ ਰੰਗਾਈ ਦਾ ਕੰਮ ਲਿਆ ਜਾਂਦਾ ਹੈ। ਹਾਲਾਂਕਿ ਹਰੜ ਦੇ ਫ਼ਲ ਨੂੰ ਵੀ ਰੰਗਾਈ ਦੇ ਕੰਮਾਂ ਵਿੱਚ ਵਰਤ ਲਿਆ ਜਾਂਦਾ ਹੈ। ਹਰੜ ਦੀ ਲੱਕੜ ਦਰਮਿਆਨੀ ਹੋਣ ਕਰਕੇ ਇਹ ਖੇਤੀ ਸੰਦ, ਫਰਨੀਚਰ, ਫੱਟੇ, ਇਮਾਰਤਸਾਜ਼ੀ ਆਦਿ ਲਈ ਵਰਤੀ ਜਾਂਦੀ ਹੈ। ਹਰੜ ਕੱਚੀ ਤੋਂ ਪੱਕਣ ਤੱਕ ਅਤੇ ਸੱਕ ਆਦਿ ਤੋਂ ਅਨੇਕਾਂ ਨੁਸਖੇ ਤਿਆਰ ਕੀਤੇ ਜਾਂਦੇ ਹਨ ਜੋ ਅਨੇਕਾਂ ਮਨੁੱਖੀ ਬਿਮਾਰੀਆਂ ਜਿਵੇਂ ਕਿ ਫੋੜੇ ਫਿਨਸੀਆਂ, ਮੂੰਹ ਦੇ ਰੋਗ, ਯਾਦ ਸ਼ਕਤੀ, ਜਿਗਰ ਰੋਗ, ਵਾਲਾਂ ਦਾ ਸਫ਼ੈਦ ਹੋਣਾ, ਸ਼ੂਗਰ, ਮਿਰਗੀ, ਬਵਾਸੀਰ, ਕਬਜ਼, ਖੰਘ, ਸਾਹ, ਅੱਖਾਂ ਦੀਆਂ ਬਿਮਾਰੀਆਂ, ਪਾਚਣ ਪ੍ਰਣਾਲੀ, ਮੂਤਰ ਰੋਗ ਆਦਿ ਦੇ ਇਲਾਜ ਵਿੱਚ ਵਰਤੇ ਜਾਂਦੇ ਹਨ। ਸੁੱਕੀਆਂ ਹਰੜਾਂ ਭਾਰਤ ਵਿੱਚ ਪੌਦਿਆਂ ਵਿੱਚੋਂ ਟੈਨਿਨ ਦਾ ਸਭ ਤੋਂ ਬਿਹਤਰ ਸੋਮਾ ਮੰਨੀਆਂ ਜਾਂਦੀਆਂ ਹਨ। ਕੁਲ ਮਿਲਾ ਕੇ ਹਰੜ ਮਨੁੱਖੀ ਸਰੀਰ ਅਤੇ ਹੋਰਨਾਂ ਉਪਯੋਗਾਂ ਲਈ ਬਹੁਤ ਲਾਜਵਾਬ ਰੁੱਖ ਹੈ।



# ਵਿੱਦਿਆ ਦੀ ਮਹੱਤਤਾ




ਲਿਖਤ
ਮੋਨਿਕਾ ਲਿਖਾਰੀ
ਜਲਾਲਾਬਾਦ ਪੱਛਮੀ



ਅੱਜ ਸਿੱਖਿਅਕ ਲੋਕਾਂ ਦੀ ਪਰਖ ਓਹਨਾ ਦੀਆ ਡਿਗਰੀਆਂ ਤੋ ਕੀਤੀ ਜਾ ਰਹੀ ਹੈ,ਨਾ ਕਿ ਸੰਸਕਾਰਾਂ ਤੋ, ਆਚਾਰ ਵਿਹਾਰ ਤੋ,ਚੰਗੀ ਤੇ ਅਗਾਹਵਧੂ ਸੋਚ ਤੋਂ।ਕਿਸੇ ਦੇ ਚੰਦ ਬੋਲੇ ਅੰਗਰੇਜੀ ਦੇ ਲਫਜ਼ਾ ਤੋ ਅਸੀ ਅਗਲੇ ਦੇ ਵਧੀਆ ਸਿੱਖਿਅਕ ਹੋਣ ਦਾ ਅੰਦਾਜ਼ਾ ਲਗਾ ਲੈਂਦੇ ਹਾਂ।ਸਭ ਭਾਸ਼ਾਵਾਂ ਦਾ ਨਵੇਕਲਾਪਣ ਹੈ,ਹਰ ਭਾਸ਼ਾ ਆਪਣੇ ਆਪ ਵਿੱਚ ਨਵੇਕਲੀ ਹੈ ਪਰ ਇੱਥੇ ਗੱਲ ਸਾਡੇ ਅਗਲੇ ਦੇ ਪੜ੍ਹੇ ਲਿਖੇ ਹੋਣ ਦਾ ਅੰਦਾਜ਼ਾ ਲਗਾਉਣ ਦੀ ਹੈ,ਸਾਨੂੰ ਆਪਣਾ ਕਿਰਦਾਰ ਇਸ ਤਰ੍ਹਾਂ ਦਾ ਉਲੀਕਣਾ ਚਾਹੀਦਾ ਹੈ ਕਿ ਅਸੀਂ ਚੰਗੇ ਪੜ੍ਹੇ ਲਿਖੇ ਹੋ ਕੇ ਵੀ ਆਮ ਖ਼ਾਸ ਹਰ ਤਰ੍ਹਾਂ ਦੀ ਸੋਚ ਲਈ ਵਿਚਰਨ ਦੇ ਕਾਬਿਲ ਹੋ ਸਕੀਏ,ਬੇਸ਼ੱਕ ਅੱਜ ਵਿੱਦਿਆ ਅਸੀ ਆਪਣਾ ਤੇ ਆਪਣੇ ਬੱਚਿਆ ਦਾ ਭਵਿੱਖ ਸੰਵਾਰਨ ਲਈ ਗ੍ਰਹਿਣ ਕਰਦੇ ਅਤੇ ਕਰਵਾਉਂਦੇ ਹਾਂ,ਕਿਉਂਕਿ ਇੱਕ ਪੜ੍ਹਿਆ ਲਿਖਿਆ ਸਮਾਜ ਹੀ ਚੰਗਾ ਤੇ ਵਿਕਸਿਤ ਸਮਾਜ ਸਿਰਜ ਸਕਦਾ ਹੈ, ਪਰ ਕਦੇ ਵੀ ਸਿਰਫ ਅਤੇ ਸਿਰਫ਼ ਸਿੱਖਿਆ ਨੂੰ ਇੱਕੋ ਮਕਸਦ ਲਈ ਜਾ ਆਪਣੀਆ ਲੋੜਾ ਦੀ ਪੂਰਤੀ ਲਈ ਵਰਤਣਾ ਕਿਸੇ ਵੀ ਸਮਾਜ ਲਈ ਉਸਾਰੂ ਸੇਧ ਨਹੀ ਪ੍ਰਦਾਨ ਕਰ ਸਕਦਾ,ਬੇਸ਼ੱਕ ਅਸੀਂ ਚੰਗੇ ਪੜ੍ਹੇ ਲਿਖੇ ਹੋਣ ਕਰਕੇ ਸਰਕਾਰੀ ਉੱਚੇ ਅਹੁਦਿਆਂ ਉੱਤੇ ਬਿਰਾਜ਼ਮਾਨ ਹਾਂ,ਪਰ ਕਿਤੇ ਨਾ ਕਿਤੇ ਅਸੀ ਇਸ ਵਿਦਿਆ ਦੀ ਪ੍ਰਾਪਤੀ ਸ਼ਾਇਦ ਅਪਣੇ ਆਪ ਤੱਕ ਸੀਮਿਤ ਰੱਖ ਕੇ ਗ੍ਰਹਿਣ ਕੀਤੀ,ਚੰਗਾ ਪੜ੍ਹਿਆ ਲਿਖਿਆ ਹੋਣਾ ਜਰੂਰੀ ਹੈ ਪਰ ਇੱਕ ਚਾਣਕਿਆ ਓਹੀ ਹੈ ਜੋਂ ਆਪਣੀ ਵਿੱਦਿਆ ਨਾਲ ਸਮਾਜ ਦੀ ਸੋਚ,ਸਮਾਜ ਲਈ ਸੇਧ,ਸਮਾਜ ਨਾਲ ਚੱਲਣ ਦਾ ਹੌਸਲਾ ਰੱਖਦਾ ਹੋਇਆ ਆਪਣੇ ਸਮਾਜ ਨੂੰ ਅਗਾਹਵਧੂ ਤੇ ਸੁਚਾਰੂ ਬਨਾਉਣ ਵਿੱਚ ਮੱਦਦਗਾਰ ਬਣਦਾ ਹੈ।ਆਉ ਅਸੀਂ ਆਪਣੀ ਵਿੱਦਿਆ ਦੇ ਚਾਨਣ ਨੂੰ ਆਪਣੇ ਤੱਕ ਸੀਮਿਤ ਨਾ ਰੱਖ ਕੇ ਸਭ ਲਈ ਅਜਿਹੇ ਕੰਮ ਕਰਦੇ ਰਹੀਏ ਕਿ ਕਿਤੇ ਨਾ ਕਿਤੇ ਸਾਡੇ ਪੜ੍ਹੇ ਲਿਖੇ ਹੋਣ ਦਾ ਸਬੂਤ ਆਪ ਬਣ ਸਕੀਏ ਨਾ ਕਿ ਸਾਡਾ ਪਹਿਰਾਵਾ,ਸਾਡਾ ਦਿਖਾਵਾ,ਵਾਧੂ ਦਾ ਦੂਜਿਆ ਤੋ ਅੱਗੇ ਲੰਘਣ ਦੀ ਲਾਲਸਾ,

ਇੱਕ ਪੜ੍ਹਿਆ ਲਿਖਿਆ ਇਨਸਾਨ ਜੋਂ ਆਪਣੇ ਅੰਦਰੋ ਹੈ ਓਹੀ ਜੱਗ ਜ਼ਾਹਿਰ ਕਰਨ ਵਿੱਚ ਸਮਰੱਥ ਹੋਣਾ ਚਾਹੀਦਾ ਹੈ,ਭਾਵੇਂ ਪੇਸ਼ੇ ਦੇ ਆਧਾਰ ਤੇ,ਸੋਚ ਦੇ ਆਧਾਰ ਤੇ, ਉੱਨਤੀ ਦੇ ਆਧਾਰ ਤੇ,ਹਰ ਪੱਖ ਦੇ ਆਧਾਰ ਤੋ।ਅਸੀ ਮਹਾਨ ਗਿਆਨੀਆ,ਮਹਾਨ ਤੇ ਉੱਘੇ ਅਰਥਸ਼ਾਸਤਰੀਆ ਪੰਡਿਤਾਂ,ਦੀ ਧਰਤੀ ਦੇ ਵਾਰਿਸ ਹਾਂ, ਜਿਹਨਾਂ ਨੇ ਆਪਣੇ ਗਿਆਨੀ ਹੋਣ ਦਾ ਸਬੂਤ ਨਹੀਂ ਦਿੱਤਾ ਬਲਕਿ ਆਪਣੀ ਸੋਚ ਤੇ ਸੇਧ ਦੇ ਆਧਾਰ ਚੰਗੇ ਤੇ ਸਿੱਖਿਅਤ ਵਰਗ ਉਲੀਕਣ ਦੇ ਯਤਨ ਕੀਤੇ ਹਨ।

## ਰਸਤਾ ਲੱਭੋ



## ਬਿੰਦੂ ਮਿਲਾਓ




# ਸੱਪ ਅਤੇ ਤਿਤਲੀਆਂ




ਬੱਚਿਓ! ਇਕ ਸ਼ਹਿਰ ਦੇ ਬਾਹਰ ਬਹੁਤ ਹੀ ਸੁੰਦਰ ਰੰਗ-ਬਿਰੰਗੇ ਫੁੱਲਾਂ ਦਾ ਵੱਡਾ ਪਾਰਕ ਸੀ। ਇਨ੍ਹਾਂ ਫੁੱਲਾਂ ਦੀ ਖੁਸ਼ਬੂ ਦੂਰ-ਦੂਰ ਤਕ ਜਾਣ ਕਰਕੇ ਭੌਰੇ, ਮਧੂਮੱਖੀਆਂ ਅਤੇ ਤਿਤਲੀਆਂ ਦਾ ਹਮੇਸ਼ਾਂ ਆਉਣ ਜਾਣ ਬਣਿਆ ਰਹਿੰਦਾ ਸੀ। ਪਾਰਕ ਦੇ ਕੋਲ ਹੀ ਤਿਤਲੀਆਂ ਦਾ ਇਕ ਵੱਡਾ ਪਰਿਵਾਰ ਰਹਿੰਦਾ ਸੀ। ਰੰਗ-ਬਿਰੰਗੇ ਫੁੱਲ ਉਨ੍ਹਾਂ ਲਈ ਖਿੱਚ ਦਾ ਕੇਂਦਰ ਬਣਦੇ ਸਨ ਅਤੇ ਜਦੋਂ ਵੀ ਉਨ੍ਹਾਂ ਨੂੰ ਸਮਾਂ ਮਿਲਦਾ ਤਾਂ ਉਹ ਆਪਣੇ ਘਰ ਵਿਚੋਂ ਨਿਕਲ ਕੇ ਪਾਰਕ ਵਿਚ ਫੁੱਲਾਂ ਨਾਲ ਅਠਖੇਲੀਆਂ ਕਰਨ ਆ ਜਾਂਦੀਆਂ। ਜਦੋਂ ਵੀ ਪਾਰਕ ਵਿਚ ਬੱਚੇ ਰੰਗ-ਬਿਰੰਗੇ ਫੁੱਲਾਂ ਵਿਚ ਰੰਗ-ਬਿਰੰਗੀਆਂ ਤਿਤਲੀਆਂ ਨੂੰ ਉੱਡਦੇ ਦੇਖਦੇ ਤਾਂ ਉਹ ਤਿਤਲੀਆਂ ਦੇ ਪਿੱਛੇ ਦੌੜਦੇ ਅਤੇ ਉਨ੍ਹਾਂ ਨੂੰ ਉੱਡਦੀਆਂ ਦੇਖ ਕੇ ਪੂਰਾ ਆਨੰਦ ਲੈਂਦੇ। ਇਸ ਤਰ੍ਹਾਂ ਤਿਤਲੀਆਂ ਨਾਲ ਖੇਡਣਾ ਉਨ੍ਹਾਂ ਨੂੰ ਬਹੁਤ ਚੰਗਾ ਲੱਗਦਾ। ਉਨ੍ਹਾਂ ਦੇ ਮਾਪੇ ਆਪਣੇ ਬੱਚਿਆਂ ਨੂੰ ਇੰਨੇ ਖ਼ੁਸ਼ ਦੇਖ ਕੇ ਹੋਰ ਵੀ ਜ਼ਿਆਦਾ ਖ਼ੁਸ਼ ਹੋ ਜਾਂਦੇ ਅਤੇ ਆਪਸ ਵਿਚ ਗੱਲਾਂ ਕਰਦੇ, 'ਦੇਖੋ! ਕੁਦਰਤ ਦੇ ਤਿੰਨ ਰੰਗ, ਕਿਸ ਤਰ੍ਹਾਂ ਖਿਲ ਰਹੇ ਹਨ।' ਕਿਉਂਕਿ ਬੱਚੇ ਵੀ ਰੰਗ ਬਿਰੰਗੇ ਕੱਪੜਿਆਂ ਵਿਚ ਫੁੱਲਾਂ ਅਤੇ ਤਿਤਲੀਆਂ ਨਾਲ ਇਕਮਿਕ ਹੀ ਹੋ ਜਾਂਦੇ। ਇਸ ਤਰ੍ਹਾਂ ਬੱਚੇ ਆਪਣੇ ਮਾਪਿਆਂ ਨੂੰ ਇਸ ਪਾਰਕ ਵਿਚ ਆਉਣ ਲਈ ਵਾਰ-ਵਾਰ ਕਹਿੰਦੇ ਰਹਿੰਦੇ। ਛੁੱਟੀ ਵਾਲੇ ਦਿਨ ਤਾਂ ਬੱਚੇ ਜ਼ਿਆਦਾ ਸਮਾਂ ਇਸ ਪਾਰਕ ਵਿਚ ਹੀ ਗੁਜ਼ਾਰਦੇ। ਬੱਚਿਆਂ ਨੂੰ ਹੋਰ ਚਾਹੀਦਾ ਹੀ ਕੀ ਸੀ, ਇਕ ਪੜ੍ਹਾਈ ਦੇ ਝੰਜਟ ਤੋਂ ਦੂਰ, ਦੂਜਾ ਖੇਡਣਾ ਅਤੇ ਤੀਜਾ ਫੁੱਲਾਂ ਅਤੇ ਤਿਤਲੀਆਂ ਦਾ ਖ਼ੂਬਸੂਰਤ ਨਜ਼ਾਰਾ। ਤਿਤਲੀਆਂ ਦੇ ਘਰ ਤੋਂ ਥੋੜ੍ਹੀ ਦੂਰ ਹੀ ਇਕ ਵੱਡੇ ਸੱਪ ਦਾ ਘਰ ਸੀ ਅਤੇ ਉਸਨੂੰ ਨੇੜੇ ਰਹਿੰਦੇ ਤਿਤਲੀਆਂ ਦੇ ਪਰਿਵਾਰ ਬਾਰੇ ਪੂਰੀ ਜਾਣਕਾਰੀ ਸੀ। ਉਸਨੂੰ ਇਹ ਵੀ ਪਤਾ ਸੀ ਕਿ ਤਿਤਲੀਆਂ ਉੱਡ ਕੇ ਉਸ ਪਾਰਕ ਵਿਚ ਜਾਂਦੀਆਂ ਹਨ। ਪਾਰਕ ਵਿਚ ਲੋਕਾਂ ਦੀ ਜ਼ਿਆਦਾ ਆਵਾਜਾਈ ਹੋਣ ਕਾਰਨ ਸੱਪ ਦਾ ਪਾਰਕ ਵਿਚ ਜਾਣ ਦਾ ਹੌਸਲਾ ਨਹੀਂ ਸੀ ਪੈਂਦਾ। ਇਸ ਲਈ ਉਹ ਤਿਤਲੀਆਂ ਦੇ ਘਰ ਦੇ ਆਲੇ-ਦੁਆਲੇ ਲੁਕ-ਛਿਪ ਕੇ ਘੁੰਮਦਾ ਰਹਿੰਦਾ ਅਤੇ ਉੱਥੋਂ ਛੋਟੇ-ਛੋਟੇ ਜੀਵ ਖਾਣ ਦਾ ਆਦੀ ਬਣ ਗਿਆ। ਤਿਤਲੀਆਂ ਵੀ ਜਦੋਂ ਆਪਣੇ ਘਰ ਤੋਂ ਨਿਕਲਦੀਆਂ ਤਾਂ ਸੱਪ ਉਨ੍ਹਾਂ ਵਿਚੋਂ ਕਈ ਤਿਤਲੀਆਂ ਨੂੰ ਮਾਰ ਕੇ ਖਾ ਜਾਂਦਾ। ਬਾਕੀ ਬਚੀਆਂ ਤਿਤਲੀਆਂ ਬੜੀ ਮੁਸ਼ਕਿਲ ਨਾਲ ਬਚ ਕੇ ਪਾਰਕ ਤਕ ਪਹੁੰਚਦੀਆਂ। ਇਸ ਤਰ੍ਹਾਂ ਤਿਤਲੀਆਂ ਬਹੁਤ ਦੁਖੀ ਰਹਿਣ ਲੱਗੀਆਂ। ਇਕ ਦਿਨ ਸਭ ਤਿਤਲੀਆਂ ਪਾਰਕ ਵਿਚ ਇਕ ਪਾਸੇ ਇਕੱਠੀਆਂ ਹੋ ਕੇ ਬੈਠ ਗਈਆਂ ਤਾਂ ਕਿ ਉਹ ਸੱਪ ਤੋਂ ਆਪਣੇ ਬਚਾਅ ਦਾ ਕੋਈ ਉਪਾਅ ਸੋਚ ਸਕਣ। ਇੰਨੇ ਵਿਚ ਇਕ ਮਧੂ ਮੱਖੀ ਜੋ ਮਧੂ ਮੱਖੀਆਂ ਦੇ ਵੱਡੇ ਛੱਤੇ ਦੀ ਰਾਣੀ ਸੀ, ਉੱਥੇ ਪਹੁੰਚੀ ਅਤੇ ਤਿਤਲੀਆਂ ਨੂੰ ਉਦਾਸ ਦੇਖ ਕੇ ਬੋਲੀ, 'ਕਿਉਂ ਭੈਣੋਂ, ਅੱਜ ਤੁਸੀਂ ਬਹੁਤ ਉਦਾਸ ਬੈਠੀਆਂ ਹੋ, ਮੈਨੂੰ ਕਾਰਨ ਦੱਸੋ ਤਾਂ ਕਿ ਮੈਂ ਤੁਹਾਡੀ ਕੋਈ ਮਦਦ ਕਰ ਸਕਾਂ।' ਤਿਤਲੀਆਂ ਨੇ ਉਸਨੂੰ ਸੱਪ ਬਾਰੇ ਆਪਣਾ ਦੁੱਖ ਖੋਲ੍ਹ ਕੇ ਦੱਸ ਦਿੱਤਾ। ਇਕ ਤਿਤਲੀ ਬੋਲੀ, 'ਰਾਣੀ ਮੱਖੀ, ਤੂੰ ਤਾਂ ਜਾਣਦੀ ਹੀ ਹੈ ਕਿ ਅਸੀਂ ਤਾਂ ਅਮਨ ਪਸੰਦ ਹਾਂ, ਕਿਸੇ ਨੂੰ ਕੁਝ ਨਹੀਂ ਕਹਿੰਦੀਆਂ, ਸਿਰਫ਼ ਕੁਦਰਤ ਦੇ ਰੰਗਾਂ ਦਾ ਰੰਗ ਮਾਣਦੀਆਂ ਹਾਂ, ਮਨੁੱਖਾਂ ਦੇ ਬੱਚਿਆਂ ਤੋਂ ਵੀ ਸਾਨੂੰ ਕੋਈ ਡਰ ਨਹੀਂ, ਉਹ ਤਾਂ ਸਾਡੇ ਨਾਲ ਖੇਡਾਂ-ਖੇਡਦੇ ਹਨ, ਪਰ ਇਹ ਜ਼ਹਿਰੀਲਾ ਸੱਪ ਸਭ ਦਾ ਦੁਸ਼ਮਣ ਹੈ। ਅਸੀਂ ਉਸਦਾ ਮੁਕਾਬਲਾ ਨਹੀਂ ਕਰ ਸਕਦੀਆਂ। ਉਸ ਤਿਤਲੀ ਦੇ ਇਹ ਸਭ ਬੋਲਦੀ ਦੇ ਅੱਖਾਂ 'ਚੋਂ ਹੰਝੂ ਵਹਿ ਤੁਰੇ। ਰਾਣੀ ਮੱਖੀ ਨੇ ਹੌਸਲਾ ਦਿੰਦਿਆਂ ਕਿਹਾ, 'ਮੇਰੇ ਕੋਲ ਇਸਦਾ ਇਲਾਜ ਹੈ, ਪਰ ਤੁਸੀਂ ਜਦੋਂ ਵੀ ਸੱਪ ਨੂੰ ਉਸਦੇ ਘਰ ਤੋਂ ਬਾਹਰ ਦੇਖੋ ਤਾਂ ਮੈਨੂੰ ਤੁਰੰਤ ਸੁਨੇਹਾ ਭੇਜਣਾ, ਬਾਕੀ ਕੰਮ ਮੇਰਾ।' ਇਕ ਦਿਨ ਜਦੋਂ ਸੱਪ ਤਿਤਲੀਆਂ ਖਾਣ ਲਈ ਆਪਣੇ ਘਰ ਤੋਂ ਬਾਹਰ ਆਇਆ ਤਾਂ ਇਕ ਤਿਤਲੀ ਨੇ ਦੇਖ ਲਿਆ ਅਤੇ ਤੁਰੰਤ ਰਾਣੀ ਮੱਖੀ ਨੂੰ ਜਾ ਦੱਸਿਆ। ਸੁਣਨ ਦੀ ਦੇਰ ਸੀ ਕਿ ਰਾਣੀ ਮੱਖੀ ਨੇ ਹਜ਼ਾਰਾਂ ਮੱਖੀਆਂ ਨਾਲ ਸੱਪ 'ਤੇ ਹਮਲਾ ਕਰ ਦਿੱਤਾ ਅਤੇ ਉਸਨੂੰ ਭੱਜਣ ਦਾ ਮੌਕਾ ਵੀ ਨਾ ਦਿੱਤਾ। ਮੱਧੂ ਮੱਖੀਆਂ ਨੇ ਸੱਪ ਨੂੰ ਲਹੂ-ਲੁਹਾਣ ਕਰ ਦਿੱਤਾ ਅਤੇ ਉਸਦੇ ਸਰੀਰ 'ਤੇ ਇੰਨੇ ਜ਼ਖਮ ਕੀਤੇ ਕਿ ਉਹ ਦਰਦ ਦੀ ਤਾਬ ਨਾ ਝੱਲਦਾ ਹੋਇਆ ਉੱਥੇ ਹੀ ਦਮ ਤੋੜ ਗਿਆ। ਤਿਤਲੀਆਂ ਨੇ ਰਾਣੀ ਮੱਖੀ ਸਮੇਤ ਸਾਰੀਆਂ ਮੱਖੀਆਂ ਦਾ ਧੰਨਵਾਦ ਕੀਤਾ ਤਾਂ ਇਕ ਬੱਚੀ ਤਿਤਲੀ ਬੋਲ ਪਈ, 'ਬੁਰੇ ਦਾ ਅੰਤ ਬੁਰਾ।'

**ਬਹਾਦਰ ਸਿੰਘ ਗੋਸਲ**
**ਸੰਪਰਕ : 98764-52223**

*ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?*





# ਕਾਵਿ-ਲਹਿਰਾਂ

## ਮਾੜਾ ਵਕਤ

ਮਾੜੇ ਵਕਤ ਨੇਂ ਸਾਰੀ ਕਾਇਨਾਤ ਘੇਰੀ,
ਹਵਾ ਬਦਲ ਗਈ ਸਾਰੇ ਸੰਸਾਰ ਦੀ ਜੀ।

ਭਾਈ ਭਾਈ ਤੋਂ ਦੁੱਖੀ ਇੱਕੋ ਛੱਤ ਥੱਲੇ,
ਸਭ ਮੁੱਕ ਗਈ ਗੱਲ ਪਿਆਰ ਦੀ ਜੀ।

ਬੰਦਾ ਨਾਲ ਜ਼ੁਬਾਨ ਦੇ ਮਾਰ ਦਿੰਦੇ,
ਰਹਿ ਗਈ ਲੋੜ ਨਾਂ ਕੋਈ ਹਥਿਆਰ ਦੀ ਜੀ।

ਲਾਇਨਾਂ ਪੜ ਕੇ ਚਾਰ ਅਖਵਾਉਣ ਗਿਆਨੀ,
ਅਸਲੀ ਛੱਡ ਕੇ ਬਾਣੀ ਕਰਤਾਰ ਦੀ ਜੀ।

ਨਿੱਤ ਧਰਮਾਂ ਦੇ ਨਾਂਮ ਤੇ ਹੋਣ ਦੰਗੇ,
ਨੀਅਤ ਹੋ ਗਈ ਮਾੜੀ ਸਰਕਾਰ ਦੀ ਜੀ।

ਲੀਡਰ ਨਸ਼ੇ ਵਿੱਚ ਸਤਾ ਦੇ ਚੂਰ ਹੋਏ,
ਕੋਈ ਸੁਣਦਾ ਨਹੀਂ ਜਨਤਾ ਪੁਕਾਰ ਦੀ ਜੀ।

ਹਾਕਮ ਦੇਸ਼ ਦੇ ਦੇਸ਼ ਨੂੰ ਖਾ ਗਏ ਨੇਂ,
ਕਦਰਾਂ ਭੁੱਲ ਗਏ ਰਾਜ ਦਰਬਾਰ ਦੀ ਜੀ।

ਵਿਕਦੇ ਜੱਜ ਕਚਹਿਰੀ ਵਕੀਲ ਫਿਰਦੇ,
ਕਿਸਮਤ ਪਲਟ ਜੇ ਜਿੱਤ ਤੇ ਹਾਰ ਦੀ ਜੀ।

ਤਾਅਨੇ ਤਿੱਖੇ ਸ਼ਰੀਕਾਂ ਦੇ ਹੋਏ ਐਨੇਂ,
ਤਿੱਖੀ ਧਾਰ ਨੀਂ ਐਨੀਂ ਤਲਵਾਰ ਦੀ ਜੀ।

"ਕਾਮੀਂ ਵਾਲਿਆ" ਬਹੁਤਾ ਨਾਂ ਸੱਚ ਲਿਖੀਂ,
ਰਹੀ ਕਦਰ ਨਾਂ "ਖਾਨਾਂ" ਕਲਮਕਾਰ ਦੀ ਜੀ।

**ਲੇਖਕ : ਸ਼ੁਕਰ ਦੀਨ ਕਾਮੀਂ ਖੁਰਦ**
**ਸੰਪਰਕ : 9592384393**

## ਬੰਦਿਆ

ਮੈਂ ਆਪਣੀ ਨੂੰ ਮਾਰ ਓਏ ਬੰਦਿਆ,
ਹੋ ਜਾਣਾ ਬੇੜਾ ਪਾਰ ਓਏ ਬੰਦਿਆ।

ਹਮੇਸ਼ ਨਾ ਠਹਿਰਿਆ ਏਥੇ ਕੋਈ,
ਜ਼ਿੰਦ ਪਰਾਉਣੀ ਦਿਨ ਚਾਰ ਓਏ ਬੰਦਿਆ।

ਵਰਤਮਾਨ ਦਾ ਅਨੰਦ ਮਾਣ ਲੈ ਤੂੰ,
ਭੂਤ ਕਾਲ ਨੂੰ ਮਨੋਂ ਵਿਸਾਰ ਓਏ ਬੰਦਿਆ।

ਉਸ ਕਾਦਰ ਦੀ ਕਰ ਤੂੰ ਮਹਿਮਾ,
ਹੋ ਜਾਣਾ ਤੇਰਾ ਉਦਾਰ ਓਏ ਬੰਦਿਆ।

ਉਚ-ਨੀਚ ਵੱਡਾ-ਛੋਟਾ ਨਹੀਂ ਹੈ ਕੋਈ,
ਕੱਢ ਦੇ ਮਨ 'ਚੋਂ ਭਾਰ ਓਏ ਬੰਦਿਆ।

ਧਰਮਾਂ ਜਾਤਾਂ ਦੇ ਕੱਟ ਦੇ ਸੰਗਲ,
ਸਭ ਹੈਨ ਇਕੋ ਸਾਰ ਓਏ ਬੰਦਿਆ।

ਖੁਸ਼ੀਆਂ ਨੇ ਫੇਰ ਦੇਣੀ ਹੈ ਦਸਤਕ,
ਕਰੂ ਭਲੀ ਕਰਤਾਰ ਓਏ ਬੰਦਿਆ।

ਪੇੜ-ਪੌਦੇ ਪਸ਼ੂ-ਪੰਛੀ ਰੰਗ ਕੁਦਰਤ ਦੇ,
ਬਰਾਬਰ ਦੇ ਹੱਕਦਾਰ ਓਏ ਬੰਦਿਆ।

ਇਕੋ ਕਾਦਰ ਨੇ ਸਭ ਘੜੇ ਹੈਨ ਭਾਂਡੇ,
ਸਭ ਦਾ ਕਰ ਸਤਿਕਾਰ ਓਏ ਬੰਦਿਆ।

'ਅਟਵਾਲ' ਜੇ ਵੇਲਾ ਹੱਥੋਂ ਖੁੰਝ ਗਿਆ,
ਫੇਰ ਹੋਣਾ ਪਊ ਸ਼ਰਮਸਾਰ ਓਏ ਬੰਦਿਆ।

**ਲਿਖਤ : ਕਰਨੈਲ ਅਟਵਾਲ**
**ਸੰਪਰਕ : 75082-75082**

## ਬਹੁਤ ਹੋ ਗਿਆ

ਬਹੁਤ ਹੋ ਗਿਆ ਬੱਸ ਕਰ ਜਾਈਏ।
ਆ ਜਾ ਘੁੱਟ ਕੇ ਜੱਫੀਆਂ ਪਾਈਏ।

ਨਰਾਜ਼ਗੀ ਵਿੱਚ ਕੁੱਝ ਨਹੀਂ ਰੱਖਿਆ,
ਇਕ ਦੂਜੇ ਨਾਲ ਪ੍ਰੇਮ ਵਧਾਈਏ।

ਦੋਵਾਂ ਅਸੀਂ ਏਥੇ ਹੀ ਰਹਿਣਾ,
ਕਿਉਂ ਨਾ ਆਪਾਂ ਲੁੱਡੀਆਂ ਪਾਈਏ।

ਤੂੰ ਤੂੰ ਮੈਂ ਮੈਂ ਛੱਡੀਏ ਆਪਾਂ,
ਆ ਜਾ ਅੱਜ ਇਹ ਕਸਮਾਂ ਖਾਈਏ।

ਦਰਦ ਤੈਨੂੰ ਹੋਵੇ ਮੇਰੀ ਚੋਟ ਦੀ,
ਦੋ ਜਿਸਮ ਇਕ ਜਾਨ ਬਣ ਜਾਈਏ।

ਪਹਿਲਾਂ ਸਾਡਾ ਪਿਆਰ ਸੀ ਜਿੰਨ੍ਹਾਂ,
ਆ ਉਹ ਵੇਲਾ ਫਿਰ ਲੈ ਆਈਏ।

ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਵਾਲੇ,
ਲੋਕਾਂ ਦੇ ਮੂੰਹ ਬੰਦ ਕਰਾਈਏ।

ਰਲ ਕੇ ਦੋਵੇਂ ਚੱਲੀਏ "ਭਕਨਾਂ",
ਇਮਾਨਦਾਰੀ ਨਾਲ ਵਾਅਦਾ ਨਿਭਾਈਏ।

**ਲਿਖਤ : ਰਾਜਿੰਦਰ ਸਿੰਘ**
**"ਭਕਨਾਂ", ਅੰਮ੍ਰਿਤਸਰ।**

## ਗ਼ਜ਼ਲ

ਉਹ ਸ਼ਾਇਰ ਮਕਬੂਲ ਵਿਅੰਗੀ,
ਯਾਰ ਸਿਆਸਤ ਦਾਨ ਬਣ ਗਿਐ
ਕਰਕੇ ਕੁਲਫ਼ੀ ਗਰਮਾ-ਗਰਮ,
ਉਹੋ ਵੱਡਾ ਧਨਵਾਨ ਬਣ ਗਿਐ
ਬੇਰੁਜ਼ਗਾਰਾਂ ਦਾ ਹਾਲ ਬੁਰਾ,
ਪੁਲਿਸ ਕੁਟਾਪਾ ਚਾੜ ਰਹੀ
ਪੈਨ ਹਰੇ ਦੀ ਲਾਠੀ ਬਣਗੀ,
ਸਾਹਿਬ ਸ਼ੈਤਾਨ ਬਣ ਗਿਐ
ਰੰਗ ਬਸੰਤੀ ਬਦਨਾਮ ਕਰੇ,
ਬੋਲ ਇਨਕਲਾਬੀ ਬੋਲੇ
ਭੰਡਣ ਵਾਲਾ ਤਖ਼ਤਾਂ ਨੂੰ ਹੀ,
ਤਖ਼ਤ ਕਦਰਦਾਨ ਬਣ ਗਿਐ
ਖ਼ੁਦਾ ਦੀ ਬੰਦਾ ਕਿਰਤ ਕਲਾ ਸੀ,
ਸੀ ਉਸ ਦਾ ਰੂਪ ਨਿਆਰਾ
ਬਾਈਬਲ ਪੜਕੇ ਉਹ ਗੀਤਾ,
ਉਹ ਪਾਕਿ ਕੁਰਾਨ ਬਣ ਗਿਐ
ਸ਼ਾਹ ਕਤਲਗਾਹਾਂ ਦਾ "ਬਾਲੀ",
ਚਰਚੇ ਹੋਣ ਅਦਾਲਤ ਵਿਚ
ਤਾਨਾਸ਼ਾਹ ਹਕੂਮਤ ਦਾ ਉਹ,
ਮੋਢੀ ਪ੍ਰਧਾਨ ਬਣ ਗਿਐ
ਪੰਜਾਬ ਧਰਤ ਦਰਿਆਵਾਂ ਦੀ,
ਅਣਖੀ ਯੋਧਿਆਂ ਦੀ ਜਾਈ
ਨਸਲਕੁਸ਼ੀ ਦਾ ਮਾਤਮ ਥਾਂ-ਥਾਂ,
ਹਰ ਘਰ ਸ਼ਮਸ਼ਾਨ ਬਣ ਗਿਐ
ਝੂਠ,ਛਲਾਵਾ, ਜੁਮਲੇਬਾਜ਼ੀ,
"ਬਾਲੀ " ਖ਼ਾਰ, ਸਿਆਸਤ ਅੰਦਰ
ਲੋਕ ਲਤਾੜੇ ਜਾਵਣ ਕਿਰਤੀ,
ਸੇਵਾਦਾਰ ਹੁਕਮਰਾਨ ਬਣ ਗਿਐ

**ਲਿਖਤ : ਬਾਲੀ ਰੇਤਗੜ੍ਹ**
**+919465129168**

## ਹੰਸ ਤੇ ਗੁਰਦਾਸ ਇੱਕੋ ਜਿਹੇ

ਛੱਡ ਮੈਨੂੰ ਚਿੰਬੜੇ ਆ ਤੈਨੂੰ ,
ਔਲੀ ਮੇਰੇ ਸਿਰੋਂ ਟਲੀ ਬਾਬਾ।
ਗਿਆ ਮੇਰਾ ਤਾਂ ਹੁਣ ਛੁੱਟ ਖਹਿੜਾ,
ਝੱਲ ਤੂੰ ਹੁਣ ਉੱਪਰੋਂ ਥਲੀ ਬਾਬਾ।

ਗਾਲ੍ਹਾਂ ਮੈਨੂੰ ਜੋ ਮਿਲੀਆਂ ਲੈ ਤੂੰ ਵੀ,
ਝੱਲ ਹੋ ਰਹੀ ਹਲ੍ਹਾ ਹਲੀ ਬਾਬਾ।
ਖਾ ਪੀ ਕੇ ਲੁਹਾ ਡੰਡ ਲਈ,
ਰੱਬ ਤੇਰੇ 'ਤੇ ਕਰੇ ਭਲੀ ਬਾਬਾ।

ਏਵੇਂ ਹੁੰਦੀ ਐ ਸਭ ਦੇ ਨਾਲ ਏਥੇ,
ਜਿਵੇਂ ਤੈਨੂੰ ਐਂ ਫਿਰਦੇ ਵਲ਼ੀ ਬਾਬਾ।
ਚੁੱਕ ਲੈਂਦੇ ਐ ਗੱਲ ਘੇਰ ਮੁਹਰੋਂ,
ਜੋ ਮਰਜ਼ੀ ਲੰਘ ਜਾ ਗਲੀ ਬਾਬਾ।

ਨਾ ਤੂੰ ਤੇ ਨਾ ਮੈਂ ਦੱਸ 'ਭਗਤਾ',
ਐਡੇ ਕਿਹੜੇ ਆਂ ਦੋਵੇਂ ਖਲੀ ਬਾਬਾ।
ਦੜ ਵੱਟ ਕੇ ਲੈ ਕੱਟ ਸਮਾਂ,
ਜੋ ਜਲਦੇ ਜਾਣ ਦੇ ਜਲੀ ਬਾਬਾ।

**ਲਿਖਤ : ਬਰਾੜ-ਭਗਤਾ ਭਾਈ ਕਾ**
**1-604-751-1113**

## ਆ ਤਾਂ ਸਹੀਂ

ਬਾਤ ਇਸ਼ਕ ਦੀ, ਪਾ ਤਾਂ ਸਹੀਂ।
ਸੁਪਨੇ 'ਚ ਕਦੇ, ਆ ਤਾਂ ਸਹੀਂ।
ਰੋਜ਼ ਹੀ ਲਾਉਨੈ, ਲਾਰੇ ਝੂਠੇ,
ਆਕੇ ਜੱਬ ਮੁਕਾ ਤਾਂ ਸਹੀਂ।

ਕਹਿ ਨਾ ਸਕੇਂ, ਦੋ ਹਰਫ਼ੀ ਤੂੰ,
ਵਲ ਵਲੇਮਾਂ ਪਾ ਤਾਂ ਸਹੀਂ।

ਕਿਉਂ ਨਈਂ ਟਿਕਦੈ, ਤੇਰਾ ਮੰਨ,
ਪਹਿਲਾਂ ਮੰਨ ਟਿਕਾ ਤਾਂ ਸਹੀਂ।
ਜੇ ਜਾਣਾ ਗੋਰਖ ਦੇ ਟਿੱਲੇ,
ਪਹਿਲਾਂ ਕੰਨ ਪੜਵਾ ਤਾਂ ਸਹੀਂ।

ਜੇ ਸਹਿਰਾ ਦੀ ਰੇਤਾ ਸੜਣਾ,
ਪੁੰਨੂੰ ਯਾਰ ਅਖਵਾ ਤਾਂ ਸਹੀਂ।

ਕੱਚਿਆਂ ਤੇ ਮੈਂ, ਤਰ ਤਾਂ ਜਾਂਵਾਂ,
ਪਹਿਲਾਂ ਪੱਟ ਚਿਰਵਾ ਤਾਂ ਸਹੀਂ।
ਬਣ ਤਾਂ ਜਾਂਵਾਂ, ਸਹਿਬਾਂ ਤੇਰੀ,
ਜੰਡ ਕਰੀਰਾਂ ਲਾ ਤਾਂ ਸਹੀਂ।

ਜਿੱਤੀ ਬਾਜ਼ੀ ਹਰ ਕਿਉਂ ਜਾਣੈ,
ਸੱਜਣਾਂ ਦੱਸ ਵਜ੍ਹਾ ਤਾਂ ਸਹੀਂ।

ਤੱਕੀ ਜਾਨਾਂ ਦੂਰੋਂ ਈਂ ਮੈਨੂੰ,
ਨੇੜਿਓਂ ਨੈਣ ਮਿਲਾ ਤਾਂ ਸਹੀਂ।
'ਸਾਬ੍ਹ' ਮੈਖ਼ਾਨੇ ਕੀ ਰੱਖਿਆ ਏ,
ਘੁੱਟ ਕੁ ਨੈਣੋਂ ਲਾ ਤਾਂ ਸਹੀਂ।

**ਲਿਖਤ : ਸਾਬ੍ਹ ਲਾਧੂਪੁਰੀਆ**
**ਮੋਬਾਈਲ : 98558-31446**

## ਰਿਸ਼ਤੇ

ਅਕਸ਼ ਮੇਰਾ ਨਾ ਧੁੰਦਲਾ ਹੋਵੇ
ਓਹ ਦੂਰੋਂ ਝਾਤੀ ਮਾਰ ਰਹੇ ਨੇ

ਵੇਖ ਕਿਤੇ ਨਜ਼ਰਾਂ ਨਾ ਬਦਲਣ
ਓਹ ਕਰ ਕੋਈ ਜੁਗਾੜ ਰਹੇ ਨੇ

ਜਿਸਮ ਜਦੋਂ ਤੋ ਮੋਮ ਹੈ ਬਣਿਆ
ਓਹ ਲਫਜ਼ਾ ਦੇ ਚੋਭੇਂ ਮਾਰ ਰਹੇ ਨੇ

ਅਸੀ ਡੰਗੇ ਮਾਰੂ ਜ਼ਹਿਰਾਂ ਦੇ
ਓਹ ਹਜ਼ੇ ਵੀ ਵਿੱਸ ਖਿਲਾਰ ਰਹੇ ਨੇ

ਜੋ ਫਰਜ਼ ਸੀ ਪਾਲੇ ਰਿਸ਼ਤਿਆਂ ਦੇ ਸੰਗ
ਓਹ ਸੱਭੇ ਸੱਧਰਾਂ ਮਾਰ ਰਹੇ ਨੇ

ਰਿਹਾ ਆਪਣਾ ਆਪ ਗੁਆ ਕੇ ਜਿਉਂਦਾ
ਓਹ ਰਿਸ਼ਤੇ ਬਣ ਹਥਿਆਰ ਗਏ ਨੇ

ਝੂਠੀ ਆਸ ਦੇ ਮਹਿਲ ਨਾ ਉੱਸਰੇ
ਓਹ ਕਰ ਐਸਾ ਇਕਰਾਰ ਗਏ ਨੇ

ਨਿਭਾਉਂਦੇ ਰਹੇ ਲਫ਼ਜ਼ਾਂ ਸੰਗ ਸੌਗਾਤਾਂ
ਓਹ ਬਣ ਗਰਜ਼ਾ ਦੇ ਭਾਰ ਗਏ ਨੇ

ਜੋੜ ਸਾਗਰਾ ਸੰਗ ਪਾਣੀ ਦੀਆ ਲਹਿਰਾਂ
ਓਹ ਤਰਦੇ ਵੀ ਗੋਤੇ ਮਾਰ ਗਏ ਨੇ!

**ਲਿਖਤ : ਮੋਨਿਕਾ ਸ਼ਾਇਰਾ**
**ਜਲਾਲਾਬਾਦ (ਪੱਛਮੀ)**

## ਗ਼ਜ਼ਲ

ਜੋ ਲਿਖਣਾ ਹੈ ਤੂੰ ਲਿਖ ਜੋ ਕਹਿਣੈ ,
ਤੂੰ ਡਰ ਕੇ ਕਹਿ ਉੱਥੇ
ਧੌਣ ਉਠਾ ਨਾ ਉੱਚੀ ਆਪਣੀ ,
ਤੂੰ ਨੀਵਾਂ ਹੋ ਕੇ ਰਹਿ ਉੱਥੇ
ਸਾਡੀ ਬਿੱਲੀ ਸਾਨੂੰ ਮਿਆਂਉ,
ਏ ਸਾਨੂੰ ਮੁਸ਼ਕਲ ਸਹਿਣਾ
ਜਿੱਥੇ ਸਾਡੀ ਜੁੱਤੀ ਲਾਹੀ ,
ਤੂੰ ਜਾਹ ਕੇ ਹੀ ਬਹਿ ਉੱਥੇ
ਰਾਜ ਕਵੀ ਹਾਂ ਚੱਕਮ-ਚੁੱਲੇ,
ਸਿੱਕਾ ਸਭ ਹੀ ਥਾਂ ਚੱਲੇ
ਔਕਾਤ ਨਹੀਂ ਤੇਰੀ ਮਿੱਤਰ,
ਖਹਿਣੈ ਹੈ ਤਾਂ ਖਹਿ ਉੱਥੇ
ਖਸਮਾਂ ਨੂੰ ਖਾਵੇ ਮਾਂ -ਬੋਲੀ,
ਪਿੰਗਲ ਤੋਂ ਤੂੰ ਕੀ ਲੈਣੈ
ਸਭ ਸਨਮਾਨ ਅਸਾਡੇ ਕੋਲੇ,
ਲਾਈ ਅਸਾਂ ਨੇ ਤਹਿ ਉੱਥੇ
ਮੈਂ ਤਾਂ ਕਰਦਾਂ ਉਸਦੀ ਉਪਮਾਂ,
ਉਹ ਜਦ ਜਦ ਮੇਰੀ ਕਰਦੈ
ਮੁਫ਼ਤੀ ਪੀ ਏ ਮਹਿਫ਼ਲ ਅੰਦਰ,
ਸਹਿਣੈ ਜੋ ਤਾਂ ਸਹਿ ਉੱਥੇ
ਅਖ਼ਬਾਰਾਂ ਵਿਚ ਲੱਗੂ ਸੁਰਖ਼ੀ,
ਕੁੱਝ ਸ਼ਰਾਬ ਕਬਾਬ ਲਿਆ
ਤੂਤੀ ਬੋਲੂ ਵਿੱਚ ਸਮਾਗਮ,
ਹੋਣੀ ਹੈ ਠਹਿ ਠਹਿ ਉੱਥੇ
ਆ ਕਰਦਿਆਂਗੇ ਬੱਲੇ-ਬੱਲੇ,
ਪਰ ਇੱਜ਼ਤ ਸਾਡੇ ਵਿਚ ਰਲ
"ਬਾਲੀ " ਸੱਚ ਲਿਖੀ ਕੱਚ ਲਿਖੀਂ,
ਚੁੱਪ ਚੁਪੀਤੇ ਢਹਿ ਉੱਥੇ

**ਲਿਖਤ : ਬਾਲੀ ਰੇਤਗੜ੍ਹ**
**+919465129168**

## ਚੋਣ ਸਰੀ ਵਿਚ ਜਿੱਤਾਂਗੇ

ਵਾਅਦਿਆਂ ਦੇ ਅੰਬਾਰ ਲਗਾ ਕੇ,
ਚੋਣ ਸਰੀ ਵਿਚ ਜਿੱਤਾਂਗੇ
ਭਰਮਾਂ ਦੇ ਬਹੁ-ਜਾਲ ਵਿਛਾ ਕੇ,
ਚੋਣ ਸਰੀ ਵਿਚ ਜਿੱਤਾਂਗੇ

ਕਰਨ ਕਰਾਉਣ ਦੀ ਲੋੜ ਭਲਾ ਕੀ,
ਸ਼ੋਰ ਸ਼ਰਾਬਾ ਕਾਫੀ ਹੈ
ਹੱਥਾਂ ਉੱਤੇ ਸਰੋਂ ਜਮਾ ਕੇ,
ਚੋਣ ਸਰੀ ਵਿਚ ਜਿੱਤਾਂਗੇ

ਤੁਸੀਂ ਉਡਾਓ ਰੇਲ ਹਵਾ ਵਿਚ,
ਚਾਹੇ ਕਰਲੋ ਟੈਕਸ ਫਰੀਜ਼
ਅਸੀਂ ਤਾਂ ਆਪਣੀ ਪੁਲਿਸ ਬਣਾ ਕੇ,
ਚੋਣ ਸਰੀ ਵਿਚ ਜਿੱਤਾਂਗੇ

ਭਾਈ-ਭਤੀਜ ਦਾ ਕੰਮ ਕੋਈ ਨਾ
ਸਾਡੇ ਸੋਹਣੇ ਸ਼ਹਿਰ ਅੰਦਰ
ਵੋਟਾਂ ਦਾ ਹਥਿਆਰ ਫੜਾ ਕੇ,
ਚੋਣ ਸਰੀ ਵਿਚ ਜਿੱਤਾਂਗੇ

ਸੁਰਗਾਂ ਦਾ ਹੁਣ ਫਿਕਰ ਨਾ ਕਰਿਓ,
ਅਸਥਾ-ਘਾਟ ਸਜਾ ਦੇਣੈਂ
ਸੁਰਗ-ਸਮੁੰਦਰ ਤਾਰੀ ਲਾ ਕੇ,
ਚੋਣ ਸਰੀ ਵਿਚ ਜਿੱਤਾਂਗੇ

ਚਾਰ ਸਾਲ ਹੈ ਕੁਰਸੀ ਭਾਵੇਂ
ਫਿਰ ਵੀ ਸਾਡੀ ਲੰਮੀ ਸੋਚ
ਦਸ ਸਾਲਾਂ ਦੇ ਸਬਜ਼ ਦਿਖਾ ਕੇ,
ਚੋਣ ਸਰੀ ਵਿਚ ਜਿੱਤਾਂਗੇ

ਸੁਣਨੇ ਪੈਣੇ, ਜਰਨੇ ਪੈਣੇ
ਸੱਚੇ-ਕੌੜੇ ਬੋਲ-ਕਬੋਲ
ਚਿਹਰੇ 'ਤੇ ਹਾਸਾ ਚਿਪਕਾ ਕੇ,
ਚੋਣ ਸਰੀ ਵਿਚ ਜਿੱਤਾਂਗੇ

ਦੁਨੀਆਂਦਾਰੀ ਦਾ ਦਸਤੂਰ ਹੈ,
ਮੰਨਣਾ ਪੈਣੈਂ, ਮੰਨਾਂਗੇ
ਇਕ ਦੂਜੇ ਨੂੰ ਠਿੱਬੀ ਲਾ ਕੇ,
ਚੋਣ ਸਰੀ ਵਿਚ ਜਿੱਤਾਂਗੇ

ਹੱਥ ਜੋੜਣੇ, ਤਰਲੇ, ਮਿੰਨਤਾਂ,
ਚਾਰ ਦਿਨਾਂ ਦੀ ਖੇਡ ਹੈ 'ਮਾਨ'
ਬਣਦਾ ਫਰਜ਼ੀ ਰੋਲ ਨਿਭਾ ਕੇ,
ਚੋਣ ਸਰੀ ਵਿਚ ਜਿੱਤਾਂਗੇ

**ਲਿਖਤ : ਹਰਦਮ ਮਾਨ**

## ਹੱਸ ਕੇ

ਜਦ ਵੀ ਮਿਲਿਆ ਹੱਸ ਕੇ ਮਿਲਿਆ।
ਦੂਰੋਂ ਤੱਕ ਕੇ ਨੱਸ ਕੇ ਮਿਲਿਆ।
ਮੇਰੇ ਦੁੱਖ ਸੁੱਖ ਪਾਸੇ ਕਰਕੇ,
ਅਪਣੇ ਹੀ ਦੁੱਖ ਦੱਸ ਕੇ ਮਿਲਿਆ।
ਕਿਉਂ ਫਿਰ ਆਏ ਰਾਸ ਨਵੇਂ ਨਾ,
ਤਾਹਨਾ ਚੁਭਵਾਂ ਕੱਸ ਕੇ ਮਿਲਿਆ ।
ਫੁੱਲ ਨਗਰੀ ਦਾ ਓਹ ਵਾਸੀ ਜੋ,
ਕੰਡਿਆਂ ਦੇ ਵਿੱਚ ਫੱਸ ਕੇ ਮਿਲਿਆ।
ਉੱਡਦਾ ਸੀ ਜੋ ਅੰਬਰੋਂ ਉੱਚਾ,
ਧਰਤੀ ਹੇਠਾਂ ਧੱਸ ਕੇ ਮਿਲਿਆ।
ਵੇਲਾ ਉਸਤੋਂ ਸਾਂਭ ਨ ਹੋਇਆ,
ਪੋਟੇ ਤਲੀਆਂ ਘੱਸ ਕੇ ਮਿਲਿਆ।
'ਬੋਪਾਰਾਏ' ਭੁਪਿੰਦਰ ਸਿੰਘ,
ਗ਼ਜ਼ਲਾਂ ਦੇ ਰਸ, ਰੱਸ ਕੇ ਮਿਲਿਆ।

**ਭੁਪਿੰਦਰ ਸਿੰਘ ਬੋਪਾਰਾਏ**
**ਮੋ. 97797-91442**



# ਨਾਰੀ ਸੰਸਾਰ



## ਰਸੋਈ ਘਰ ਦੀ ਯੋਜਨਾ



ਚੀਜ਼ਾਂ ਨੂੰ ਸੰਭਾਲਣ ਵਾਲੀਆਂ ਥਾਵਾਂ ਰਸੋਈ ਘਰ ਦੀ ਯੋਜਨਾ ਵਿਚ ਖਾਸ ਹਿੱਸਾ ਰੱਖਦੀਆਂ ਹਨ। ਇਸ ਲਈ ਰਸੋਈ ਘਰ ਵਿਚ ਚੀਜ਼ਾਂ ਨੂੰ ਸੰਭਾਲਣ ਵਾਲੀਆਂ ਥਾਵਾਂ ਦੀ ਯੋਜਨਾ ਪਹਿਲਾਂ ਤੋਂ ਹੀ ਬਣਾ ਲੈਣੀ ਚਾਹੀਦੀ ਹੈ, ਤਾਂ ਹੀ ਰਸੋਈ ਵਿਚ ਕੰਮ ਕਰਨ ਵਾਲੀ ਸੁਆਣੀ ਆਪਣਾ ਕੰਮ ਆਰਾਮ ਨਾਲ ਅਤੇ ਸੌਖੀ ਤਰ੍ਹਾਂ ਕਰ ਸਕਦੀ ਹੈ। ਚੀਜ਼ਾਂ ਨੂੰ ਸੰਭਾਲਣ ਵਾਲੀਆਂ ਥਾਵਾਂ ਦੀ ਮਹਾਨਤਾ ਨੂੰ ਵਿਚਾਰਦੇ ਹੋਏ ਹੇਠ ਲਿਖੇ ਕੁਝ ਨੁਕਤਿਆਂ 'ਤੇ ਅਮਲ ਕਰਨਾ ਹੀ ਹੋਵੇਗਾ-

- ਚੀਜ਼ਾਂ ਨੂੰ ਸੰਭਾਲਣ ਵਾਲੀਆਂ ਥਾਵਾਂ ਨਾ ਤਾਂ ਬਹੁਤ ਨੀਵੀਆਂ ਅਤੇ ਨਾ ਹੀ ਬਹੁਤੀਆਂ ਉੱਚੀਆਂ ਹੋਣੀਆਂ ਚਾਹੀਦੀਆਂ ਹਨ, ਕਿਉਂਕਿ ਸਰੀਰ ਦਾ ਝੁਕਣਾ ਜਾਂ ਮੁੜਨਾ ਅਤੇ ਉੱਚਾ ਚੁੱਕਣਾ ਜਾਂ ਖਿੱਚਣਾ ਆਦਿ ਕਾਰਨ ਕੰਮ ਕਰਨ ਵਾਲੀ ਸੁਆਣੀ ਵਾਧੂ ਦੀ ਥਕਾਵਟ, ਬੇਆਰਾਮੀ ਅਤੇ ਤਣਾਅ ਦਾ ਸ਼ਿਕਾਰ ਹੁੰਦੀ ਹੈ।
- ਜਿਹੜੀਆਂ ਥਾਵਾਂ ਸੁਆਣੀ ਦੀ ਸੌਖੀ ਪਹੁੰਚ ਤੋਂ ਬਾਹਰ ਹੋਣ, ਉਨ੍ਹਾਂ ਨੂੰ ਬਹੁਤ ਘੱਟ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਜਿਵੇਂ ਖੰਡ, ਮਸਾਲੇ, ਦਾਲਾਂ, ਚਾਹ-ਪੱਤੀ ਆਦਿ ਵਰਤਣ ਵਾਲੀ ਥਾਂ ਦੇ ਬਿਲਕੁਲ ਨੇੜੇ ਰੱਖਣੀਆਂ ਚਾਹੀਦੀਆਂ ਹਨ।
- ਕਟਲਰੀ ਅਤੇ ਖਾਣਾ ਪਕਾਉਣ ਲਈ ਵਰਤੇ ਜਾਣ ਵਾਲੇ ਹੋਰ ਬਰਤਨਾਂ ਨੂੰ ਕੁੰਡਿਆਂ ਆਦਿ 'ਤੇ ਟੰਗਿਆ ਜਾ ਸਕਦਾ ਹੈ ਅਤੇ ਇਹ ਕੁੰਡੇ ਸੁਆਣੀ ਦੇ ਮੋਢਿਆਂ ਦੀ ਉਚਾਈ ਦੇ ਬਰਾਬਰ ਹੋਣੇ ਚਾਹੀਦੇ ਹਨ।
- ਵੱਡੀਆਂ, ਭਾਰੀਆਂ ਅਤੇ ਆਮ ਵਰਤੀਆਂ ਜਾਣ ਵਾਲੀਆਂ ਵਸਤਾਂ ਨੂੰ ਸੁਆਣੀ ਦੀ ਆਸਾਨ ਪਹੁੰਚ ਤੱਕ ਰੱਖਣਾ ਚਾਹੀਦਾ ਹੈ, ਤਾਂ ਕਿ ਉਹ ਥਕਾਵਟ ਆਦਿ ਤੋਂ ਬਚ ਸਕੇ।
- ਹਰ ਵਸਤੂ ਨੂੰ ਇਸ ਤਰ੍ਹਾਂ ਰੱਖਿਆ ਜਾਵੇ ਤਾਂ ਕਿ ਉਸ ਨੂੰ ਆਸਾਨੀ ਨਾਲ ਦੇਖਿਆ ਅਤੇ ਉਥੋਂ ਚੁੱਕਿਆ ਜਾ ਸਕੇ ਅਤੇ ਵਾਪਸ ਉਥੇ ਰੱਖਿਆ ਜਾ ਸਕੇ। ਇਹ ਸੁਆਣੀ ਦੀ ਦਿਮਾਗੀ ਅਤੇ ਸਰੀਰਕ ਥਕਾਵਟ ਘਟਾਉਣ ਲਈ ਬਹੁਤ ਜ਼ਰੂਰੀ ਹੈ।
- ਇਕ ਆਕਾਰ ਦੀਆਂ ਵਸਤਾਂ ਨੂੰ ਹੇਠ-ਉੱਤੇ ਰੱਖ ਕੇ ਢੇਰ ਲਗਾਇਆ ਜਾ ਸਕਦਾ ਹੈ ਪਰ ਵੱਖ-ਵੱਖ ਆਕਾਰ ਦੀਆਂ ਵਸਤਾਂ ਨੂੰ ਵੱਖ-ਵੱਖ ਰੱਖਣਾ ਚਾਹੀਦਾ ਹੈ, ਨਹੀਂ ਤਾਂ ਇਨ੍ਹਾਂ ਨੂੰ ਲੱਭਣ ਵਿਚ ਮੁਸ਼ਕਿਲ ਪੇਸ਼ ਆ ਸਕਦੀ ਹੈ।
- ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਵਸਤੂਆਂ ਨੂੰ ਪਾਰਦਰਸ਼ੀ ਡੱਬਿਆਂ ਆਦਿ ਵਿਚ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਸੁਆਣੀ ਆਪਣੇ ਵਡਮੁੱਲੇ ਸਮੇਂ ਦੀ ਬੱਚਤ ਕਰ ਸਕਦੀ ਹੈ।
- ਚੀਜ਼ਾਂ ਨੂੰ ਸੰਭਾਲਣ ਸਮੇਂ ਇਨ੍ਹਾਂ ਵਿਚਕਾਰ ਥੋੜ੍ਹੀ ਕੁ ਥਾਂ ਛੱਡ ਦੇਣੀ ਚਾਹੀਦੀ ਹੈ, ਤਾਂ ਕਿ ਸਾਰੀਆਂ ਚੀਜ਼ਾਂ ਦੀ ਤਰਤੀਬ ਨੂੰ ਖ਼ਰਾਬ ਕੀਤੇ ਬਗੈਰ ਲੋੜੀਂਦੀਆਂ ਵਸਤਾਂ ਨੂੰ ਆਸਾਨੀ ਨਾਲ ਚੁੱਕਿਆ ਜਾ ਸਕੇ।
- ਇਕ ਹੀ ਮਕਸਦ ਲਈ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਨੂੰ ਗਰੁੱਪ ਵਿਚ ਸਟੋਰ ਕਰਨਾ ਚਾਹੀਦਾ ਹੈ, ਤਾਂ ਕਿ ਜਦ ਕਿਸੇ ਵਸਤੂ ਦੀ ਲੋੜ ਪਵੇ, ਉਸ ਨੂੰ ਆਸਾਨੀ ਨਾਲ ਚੁੱਕਿਆ ਜਾ ਸਕੇ।
- ਰਸੋਈ ਘਰ ਦੇ ਸਾਜ਼ੋ-ਸਾਮਾਨ ਨੂੰ ਅਜਿਹੀ ਜਗ੍ਹਾ 'ਤੇ ਸਟੋਰ ਕਰਨਾ ਚਾਹੀਦਾ ਹੈ, ਤਾਂ ਕਿ ਜਦ ਕਿਸੇ ਵਸਤੂ ਦੀ ਲੋੜ ਹੋਵੇ ਤਾਂ ਉਸ ਨੂੰ ਆਸਾਨੀ ਨਾਲ ਲੱਭਿਆ ਜਾ ਸਕੇ। ਜੇਕਰ ਇਨ੍ਹਾਂ ਵਸਤਾਂ ਨੂੰ ਅਜਿਹੀ ਥਾਂ 'ਤੇ ਰੱਖਾਂਗੇ, ਜਿਥੋਂ ਇਨ੍ਹਾਂ ਨੂੰ ਚੁੱਕਣਾ ਔਖਾ ਹੋਵੇ ਤਾਂ ਇਹ ਵਰਤਣ ਤੋਂ ਬਗੈਰ ਹੀ ਪਈਆਂ ਰਹਿਣਗੀਆਂ। ਕਿਸੇ ਵੀ ਮਸ਼ੀਨਰੀ ਜਿਵੇਂ ਕਿ ਮਿਕਸੀ ਆਦਿ ਦੇ ਵੱਖ-ਵੱਖ ਹਿੱਸਿਆਂ ਨੂੰ ਇਕ ਜਗ੍ਹਾ 'ਤੇ ਇਕੱਠੇ ਕਰਕੇ ਰੱਖਣਾ ਚਾਹੀਦਾ ਹੈ।

ਵਸਤੂਆਂ ਨੂੰ ਸਟੋਰ ਕਰਨ ਵਾਲੀ ਜਗ੍ਹਾ ਦੀ ਯੋਜਨਾ ਬਣਾਉਣ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਪਹਿਲਾਂ ਇਹ ਫੈਸਲਾ ਕਰ ਲਿਆ ਜਾਵੇ ਕਿ ਕਿੰਨੀ ਮਾਤਰਾ ਵਿਚ ਅਤੇ ਕਿਸ ਤਰ੍ਹਾਂ ਦੀਆਂ ਚੀਜ਼ਾਂ ਨੂੰ ਸਟੋਰ ਕਰਨਾ ਹੈ ਅਤੇ ਇਨ੍ਹਾਂ ਨੂੰ ਕਿਸ ਤਰ੍ਹਾਂ ਵਰਤੋਂ ਵਿਚ ਲਿਆਉਣਾ ਹੈ। ਅਜਿਹਾ ਕਰਨ ਨਾਲ ਵਾਧੂ ਖਰਚ ਹੋਣ ਵਾਲੇ ਸਮੇਂ ਅਤੇ ਸ਼ਕਤੀ ਦੀ ਬੱਚਤ ਹੁੰਦੀ ਹੈ ਅਤੇ ਸੁਆਣੀ ਨੂੰ ਘਰੇਲੂ ਕੰਮ ਤੋਂ ਜ਼ਿਆਦਾ ਮਾਤਰਾ ਵਿਚ ਸੰਤੁਸ਼ਟੀ ਮਿਲਦੀ ਹੈ।

**- ਸੁਖਮੰਦਰ ਸਿੰਘ ਤੂਰ**

## ਜ਼ਿੰਦਗੀ ਜਿਊਣ ਦਾ ਢੰਗ



ਅੱਜ ਅਸੀਂ ਇਕ ਅਜਿਹੇ ਯੁੱਗ ਵਿਚ ਰਹਿ ਰਹੇ ਹਾਂ, ਜਿਥੇ ਅਸੀਂ ਆਪਣੇ ਜੀਵਨ ਦਾ ਅਸਲ ਮਕਸਦ ਭੁੱਲ ਚੁੱਕੇ ਹਾਂ। ਦੁਨੀਆ ਨਾਲ ਜੁੜਨ ਲਈ ਸਾਡੇ ਕੋਲ ਈ-ਮੇਲ, ਫੈਕਸ ਮਸ਼ੀਨਾਂ ਤੇ ਡਿਜੀਟਲ ਫੋਨ ਹਨ ਪਰ ਸਮਾਂ ਨਹੀਂ ਹੈ। ਸਾਡਾ ਮਨੁੱਖਤਾ ਨਾਲ ਅਤੇ ਆਪਣੇ ਉਦੇਸ਼ ਨਾਲ ਨਾਤਾ ਟੁੱਟ ਚੁੱਕਾ ਹੈ। ਸਾਨੂੰ ਇਕ-ਦੂਜੇ ਨਾਲ ਦਿਆਲੂ ਹੋਣ ਦੀ ਲੋੜ ਹੈ।

- ਹਰੇਕ ਮਨੁੱਖ ਜਿਹੜਾ ਤੁਹਾਡੀ ਜ਼ਿੰਦਗੀ ਵਿਚ ਦਾਖਲ ਹੁੰਦਾ ਹੈ, ਉਸ ਕੋਲ ਤੁਹਾਨੂੰ ਦੇਣ ਲਈ ਇਕ ਅਣਮੁੱਲੀ ਸਿੱਖਿਆ ਤੇ ਸੁਣਾਉਣ ਲਈ ਇਕ ਕਹਾਣੀ ਹੁੰਦੀ ਹੈ। ਹਰੇਕ ਦਿਨ ਸਾਨੂੰ ਘੱਟੋ-ਘੱਟ ਕਿਸੇ ਇਕ ਅਜਨਬੀ ਨਾਲ ਦਿਆਲਤਾ ਨਾਲ ਪੇਸ਼ ਆਉਣਾ ਚਾਹੀਦਾ ਹੈ।
- ਆਪਣੇ ਰੋਜ਼ਾਨਾ ਦੇ ਤਜਰਬੇ ਤੇ ਉਨ੍ਹਾਂ ਤੋਂ ਹਾਸਲ ਹੋਏ ਸਬਕ ਨੂੰ ਇਕ ਡਾਇਰੀ 'ਚ ਨੋਟ ਕਰੋ ਤੇ ਉਸ ਦੀ ਸਮੀਖਿਆ ਕਰੋ। ਆਪਣੀਆਂ ਸਮੱਸਿਆਵਾਂ ਨੂੰ ਕਿਸੇ ਕਾਗਜ਼ ਦੇ ਟੁਕੜੇ 'ਤੇ ਲਿਖਣ ਨਾਲ ਅਜਿਹਾ ਹੀ ਸਕੂਨ ਮਿਲਦਾ ਹੈ, ਜੋ ਆਪਣੇ ਕਿਸੇ ਖਾਸ ਦੋਸਤ ਨਾਲ ਹਫ਼ਤਿਆਂ ਭਰ ਤੋਂ ਪ੍ਰੇਸ਼ਾਨ ਕਰ ਰਹੀ ਕਿਸੇ ਗੱਲ ਨੂੰ ਸਾਂਝੀ ਕਰਨ ਨਾਲ ਮਿਲਦਾ ਹੈ।
- ਗ਼ੈਰ-ਜ਼ਰੂਰੀ ਕੰਮਾਂ ਲਈ ਸੱਭਿਅਕ ਤਰੀਕੇ ਨਾਲ 'ਨਾਂਹ' ਕਰਨੀ ਸਿੱਖੋ।
- ਆਪਣੀ ਕਿਸੇ ਕਮਜ਼ੋਰੀ ਨੂੰ ਉਦੋਂ ਤੱਕ ਦੂਰ ਨਹੀਂ ਕੀਤਾ ਜਾ ਸਕਦਾ, ਜਦੋਂ ਤੱਕ ਅਸੀਂ ਆਪ ਆਪਣੀ ਨਕਾਰਾਤਮਿਕ ਆਦਤ ਬਾਰੇ ਜਾਗਰੂਕ ਨਹੀਂ। ਜਾਗਰੂਕਤਾ ਪਹਿਲਾ ਕਦਮ ਹੈ।
- ਸਾਨੂੰ ਸਭ ਨੂੰ ਇਕ ਦਿਨ ਵਿਚ 24 ਘੰਟੇ ਹੀ ਨਿਰਧਾਰਤ ਹੁੰਦੇ ਹਨ। ਜਿਹੜੇ ਲੋਕ ਮਹਾਨ ਜੀਵਨ ਦਾ ਉਸਾਰਨ ਕਰਦੇ ਹਨ, ਉਨ੍ਹਾਂ ਨੂੰ ਇਹੋ ਚੀਜ਼ ਵੱਖਰਾ ਬਣਾਉਂਦੀ ਹੈ ਕਿ ਉਹ ਇਨ੍ਹਾਂ ਘੰਟਿਆਂ ਦਾ ਪ੍ਰਬੰਧਨ ਕਿਸ ਤਰ੍ਹਾਂ ਕਰਦੇ ਹਨ।
- ਜਦੋਂ ਰੋਜ਼ਾਨਾ ਤੌਰ 'ਤੇ ਤੁਹਾਨੂੰ ਗੁੱਸਾ ਆਉਂਦਾ ਹੈ, ਇਹ ਤੁਹਾਡੀ ਆਦਤ ਬਣ ਜਾਂਦੀ ਹੈ ਤੇ ਇਕ ਸਮਾਂ ਅਜਿਹਾ ਆਉਂਦਾ ਹੈ, ਜਦੋਂ ਉਹ ਤੁਹਾਡਾ ਸੁਭਾਅ ਬਣ ਜਾਂਦਾ ਹੈ।
- ਕਿਸੇ ਦੀ ਨਿੰਦਾ ਨਾ ਕਰੋ। ਕੀ ਤੁਸੀਂ ਇਕ ਅਜਿਹੀ ਦੁਨੀਆ ਵਿਚ ਜਿਉਣਾ ਚਾਹੋਗੇ, ਜਿਥੇ ਹਰ ਕੋਈ ਤੁਹਾਡੇ ਵਰਗਾ ਦਿਖੇ, ਕੰਮ ਕਰੇ ਤੇ ਸੋਚੇ। ਇਸ ਨਾਲ ਜੀਵਨ ਕਿੰਨਾ ਨੀਰਸ ਲੱਗੇਗਾ। ਇਕ ਖੁਸ਼ਹਾਲ ਤੇ ਸ਼ਾਂਤ ਜੀਵਨ ਲਈ ਵਿਭਿੰਨਤਾ ਦਾ ਹੋਣਾ ਜ਼ਰੂਰੀ ਹੈ।
- ਜ਼ਿਆਦਾ ਪ੍ਰਸ਼ਨ ਕਰਨ ਵਾਲਾ ਮਨੁੱਖ ਕੇਵਲ 5 ਮਿੰਟ ਲਈ ਮੂਰਖ ਹੋ ਸਕਦਾ ਹੈ, ਜਦੋਂ ਕਿ ਸਵਾਲ ਨਾ ਕਰਨ ਵਾਲਾ ਜੀਵਨ-ਕਾਲ ਲਈ। ਆਪਣੇ ਗੁਣਾਂ ਨੂੰ ਵਿਕਸਿਤ ਕਰੋ।
- ਆਪਣੇ ਹਾਲਾਤ ਬਿਹਤਰ ਬਣਾਉਣ ਲਈ ਅਸੀਂ ਦੂਜੇ ਨੂੰ ਨਹੀਂ ਬਦਲ ਸਕਦੇ।
- ਜੇਕਰ ਤੁਸੀਂ ਖੁਸ਼ ਨਹੀਂ ਤਾਂ ਵੀ ਖੁਸ਼ ਰਹਿਣ ਦਾ ਦਿਖਾਵਾ ਕਰੋ। ਇਸ ਤਰ੍ਹਾਂ ਇਕ ਦਿਨ ਇਹ ਤੁਹਾਡੀ ਆਦਤ ਬਣ ਜਾਵੇਗੀ।

ਜ਼ਿੰਦਗੀ ਦਾ ਪੂਰਾ ਅਨੰਦ ਮਾਣੋ ਤਾਂ ਜੋ ਤੁਸੀਂ ਖੁਸ਼ੀ-ਖੁਸ਼ੀ ਇਸ ਦੁਨੀਆ ਤੋਂ ਅਲਵਿਦਾ ਲੈ ਸਕੋ।

**-ਪੂਨਮ**

## ਬੱਚਿਆਂ ਨੂੰ ਸਿਖਾਓ ਨੈਤਿਕ ਕਦਰਾਂ-ਕੀਮਤਾਂ



ਬੱਚੇ ਦਾ ਮਨ ਬਹੁਤ ਕੋਮਲ ਹੁੰਦਾ ਹੈ। ਅਸੀਂ ਉਸ ਨੂੰ ਜਿਸ ਪਾਸੇ ਵੀ ਮੋੜ ਲਈਏ, ਮੁੜ ਜਾਵੇਗਾ। ਇਸ ਲਈ ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡਾ ਬੱਚਾ ਵੱਡਾ ਹੋ ਕੇ ਇਕ ਚੰਗਾ ਇਨਸਾਨ ਬਣੇ ਤਾਂ ਕੁਝ ਨੈਤਿਕ ਕਦਰਾਂ-ਕੀਮਤਾਂ ਦੀ ਸਿੱਖਿਆ ਸਾਨੂੰ ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਦੇਣੀ ਚਾਹੀਦੀ ਹੈ। ਬਚਪਨ ਵਿਚ ਬੱਚੇ ਨੂੰ ਸਹੀ-ਗ਼ਲਤ ਦੀ ਕੁਝ ਸਮਝ ਨਹੀਂ ਹੁੰਦੀ, ਇਸ ਲਈ ਮਾਂ-ਬਾਪ ਦਾ ਫਰਜ਼ ਬਣਦਾ ਹੈ ਕਿ ਉਹ ਬੱਚੇ ਦਾ ਸਹੀ ਮਾਰਗ-ਦਰਸ਼ਨ ਕਰਨ।

- ਵੱਡਿਆਂ ਦਾ ਆਦਰ ਕਰਨਾ ਅਤੇ ਛੋਟਿਆਂ ਨੂੰ ਪਿਆਰ ਕਰਨਾ, ਇਹ ਗੁਣ ਸਾਨੂੰ ਆਪਣੇ ਬੱਚੇ ਨੂੰ ਬਚਪਨ ਵਿਚ ਹੀ ਸਿਖਾਉਣੇ ਚਾਹੀਦੇ ਹਨ।
- ਕਦੇ ਵੀ ਬੱਚੇ ਦੀ ਗ਼ਲਤੀ ਨੂੰ ਲੁਕੋ ਕੇ ਉਸ ਨੂੰ ਬੜ੍ਹਾਵਾ ਨਾ ਦਿਓ, ਬਲਕਿ ਉਸ ਨੂੰ ਆਪਣੀ ਗ਼ਲਤੀ ਸਵੀਕਾਰ ਕਰਨਾ ਸਿਖਾਓ।
- ਬੱਚੇ ਨੂੰ ਝੂਠ ਬੋਲਣ ਅਤੇ ਚੋਰੀ ਜਿਹੀਆਂ ਗੰਦੀਆਂ ਆਦਤਾਂ ਤੋਂ ਰੋਕਣਾ ਮਾਂ-ਬਾਪ ਦਾ ਫਰਜ਼ ਹੈ। ਬੱਚੇ ਨੂੰ ਹਮੇਸ਼ਾ ਸੱਚ ਦਾ ਮਾਰਗ ਚੁਣਨ ਲਈ ਪ੍ਰੇਰਿਤ ਕਰੋ।
- ਹਰ ਕੋਈ ਕਰਤੱਵਾਂ ਨਾਲੋਂ ਵੱਧ ਮਹੱਤਵ ਅਧਿਕਾਰਾਂ ਨੂੰ ਦਿੰਦਾ ਹੈ ਪਰ ਆਪਣੇ ਬੱਚੇ ਨੂੰ ਕਰਤੱਵਾਂ ਦੇ ਮਹੱਤਵ ਤੋਂ ਵੀ ਜਾਣੂ ਕਰਵਾਓ ਤਾਂ ਕਿ ਉਹ ਅਧਿਕਾਰ ਮੰਗਣ ਦੇ ਨਾਲ-ਨਾਲ ਆਪਣੇ ਕਰਤੱਵਾਂ ਦਾ ਪਾਲਣ ਕਰਨਾ ਵੀ ਸਿੱਖੇ।
- ਆਪਣੇ ਬੱਚੇ ਨੂੰ ਹਮੇਸ਼ਾ ਦੂਜਿਆਂ ਦੀ ਸਹਾਇਤਾ ਕਰਨਾ ਸਿਖਾਓ ਤਾਂ ਕਿ ਉਹ ਇਕ ਚੰਗਾ ਇਨਸਾਨ ਬਣ ਸਕੇ।
- ਬੱਚੇ ਨੂੰ ਆਪਣੇ ਛੋਟੇ-ਛੋਟੇ ਕੰਮ ਖੁਦ ਕਰਨ ਦਿਓ, ਤਾਂ ਕਿ ਉਸ ਦੇ ਆਤਮ-ਵਿਸ਼ਵਾਸ ਵਿਚ ਵਾਧਾ ਹੋ ਸਕੇ।
- ਬੱਚੇ ਨੂੰ ਮਿਲਵਰਤਣ, ਪ੍ਰੇਮ-ਭਾਵ ਤੇ ਸਹਿਣਸ਼ੀਲਤਾ ਦੇ ਗੁਣ ਬਚਪਨ ਵਿਚ ਹੀ ਸਿਖਾਉਣੇ ਚਾਹੀਦੇ ਹਨ।
- ਆਪਣੇ ਬੱਚੇ ਨੂੰ ਕੁਦਰਤ ਨਾਲ ਪਿਆਰ ਕਰਨਾ ਸਿਖਾਓ। ਰੁੱਖਾਂ, ਪੌਦਿਆਂ, ਪਸ਼ੂ-ਪੰਛੀਆਂ, ਜਾਨਵਰਾਂ ਦੀ ਸੰਭਾਲ ਤੇ ਰੱਖਿਆ ਕਰਨੀ ਆਪਣੇ ਬੱਚਿਆਂ ਨੂੰ ਸਿਖਾਓ।
- ਬਚਪਨ ਤੋਂ ਹੀ ਆਪਣੇ ਬੱਚੇ ਨੂੰ ਰਿਸ਼ਤਿਆਂ ਦੇ ਮਹੱਤਵ ਤੋਂ ਜਾਣੂ ਕਰਵਾਓ ਤਾਂ ਕਿ ਹਰ ਰਿਸ਼ਤੇ ਪ੍ਰਤੀ ਉਸ ਦੇ ਮਨ ਵਿਚ ਸਤਿਕਾਰ ਤੇ ਪ੍ਰੇਮ ਦੀ ਭਾਵਨਾ ਪੈਦਾ ਹੋਵੇ।
- ਕੁਝ ਪ੍ਰਾਪਤ ਕਰਨ ਲਈ ਜੀਅ-ਤੋੜ ਮਿਹਨਤ ਕਰਨੀ ਪੈਂਦੀ ਹੈ, ਇਸ ਲਈ ਆਪਣੇ ਬੱਚੇ ਨੂੰ ਬਚਪਨ ਤੋਂ ਹੀ ਮਿਹਨਤੀ ਬਣਾਓ ਤਾਂ ਕਿ ਉਹ ਆਪਣੀ ਮੰਜ਼ਿਲ ਦੇ ਰਸਤੇ ਵਿਚ ਆਉਣ ਵਾਲੀ ਹਰ ਰੁਕਾਵਟ ਆਪਣੀ ਮਿਹਨਤ ਨਾਲ ਦੂਰ ਕਰ ਸਕੇ।
- ਆਪਣੇ ਬੱਚੇ ਨੂੰ ਬਚਪਨ ਤੋਂ ਹੀ ਅਨੁਸ਼ਾਸਨ ਵਿਚ ਰਹਿਣਾ ਸਿਖਾਓ ਅਤੇ ਸਮੇਂ ਦੇ ਪਾਬੰਦ ਬਣਾਓ।

ਜੇਕਰ ਸਾਡੇ ਬੱਚੇ ਇਨ੍ਹਾਂ ਸਾਰੇ ਨੈਤਿਕ ਗੁਣਾਂ ਦੇ ਧਾਰਨੀ ਹੋਣਗੇ ਤਾਂ ਹੀ ਉਹ ਦੇਸ਼ ਦੇ ਚੰਗੇ ਨਾਗਰਿਕ ਬਣ ਸਕਣਗੇ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

## CHANGE OF NAME

I, Amandeep Singh S/O Zora Singh holder of Indian passport No. M2359995, issued at Ludhiana, Punjab, India & Indian Address Village VPO: Kishan Garh Chhanna, Raikot, Distt: Ludhiana, Punjab, 141109, India, and presently residing at 7315, 143 Street, Surrey, B.C., V3W 5P1, Canada, do hereby change my name from Amandeep Singh to Amandeep Singh Sidhu, with immediate effect.

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ,ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08



# ਖੇਤੀ ਵਿਚ ਹੁੰਦੀ ਪਾਬੰਦੀਸ਼ੁਦਾ ਕੀਟਨਾਸ਼ਕ ਵਰਤੋਂ

ਲਿਖਤ : ਭਗਵਾਨ ਦਾਸ

ਵਧ ਰਹੀ ਆਬਾਦੀ ਦੀ ਲੋੜ ਨੂੰ ਪੂਰਾ ਕਰਨ ਲਈ ਅਤੇ ਨਿਰਯਾਤ ਵਧਾਉਣ ਲਈ ਖੇਤੀ ਦਾ ਉਤਪਾਦਨ ਅਤੇ ਉਤਪਾਦਕਤਾ ਵਧਾਉਣੀ ਜ਼ਰੂਰੀ ਹੈ।

ਭਾਰਤ ਵਿਸ਼ਵ ਦੇ 2.4 ਪ੍ਰਤੀਸ਼ਤ ਜ਼ਮੀਨ ਦੇ ਸਾਧਨ ਅਤੇ 4 ਪ੍ਰਤੀਸ਼ਤ ਪਾਣੀ ਦੇ ਸੋਮੇ ਦੇ ਹੁੰਦੇ ਹੋਏ ਵਿਸ਼ਵ ਦੀ 17.84 ਪ੍ਰਤੀਸ਼ਤ ਜਨਸੰਖਿਆ ਨੂੰ ਖੁਰਾਕ ਮੁਹੱਈਆ ਕਰਨ ਪੱਖੋਂ ਸਹਾਈ ਹੋ ਰਿਹਾ ਹੈ। ਵਿਸ਼ਵ ਦੇ 16 ਪ੍ਰਤੀਸ਼ਤ ਪਸ਼ੂਆਂ ਨੂੰ ਵੀ ਭਾਰਤ ਦੀ ਜ਼ਮੀਨ ਤੋਂ ਹੀ ਖੁਰਾਕ ਮੁਹੱਈਆ ਹੁੰਦੀ ਹੈ। ਤਕਰੀਬਨ 15 ਤੋਂ 25 ਪ੍ਰਤੀਸ਼ਤ ਉਤਪਾਦਨ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੀ ਭੇਟ ਚੜ੍ਹ ਜਾਂਦਾ ਹੈ। ਜਿੱਥੇ ਖੇਤੀ ਉਤਪਾਦਨ ਵਧਾਉਣ ਦੀ ਲੋੜ ਹੈ, ਇਸ ਨੂੰ ਬਿਮਾਰੀਆਂ ਤੇ ਕੀੜੇ-ਮਕੌੜਿਆਂ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਬਚਾਉਣ ਦੀ ਬੇਹੱਦ ਜ਼ਰੂਰਤ ਹੈ ਤਾਂ ਜੋ ਦੇਸ਼ ਵਾਸੀਆਂ ਨੂੰ ਪੌਸ਼ਟਿਕ ਤੇ ਸੁਰੱਖਿਅਤ ਖੁਰਾਕ ਲੋੜ ਅਨੁਸਾਰ ਮੁਹੱਈਆ ਹੋ ਸਕੇ। ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਨੁਕਸਾਨ ਘਟਾਉਣ ਲਈ ਕੀਟਨਾਸ਼ਕਾਂ ਤੇ ਪੈਸਟੀਸਾਈਡਜ਼ ਦਾ ਪ੍ਰਯੋਗ ਜ਼ਰੂਰੀ ਹੈ। ਐਗਰੋ-ਕੈਮੀਕਲਜ਼ ਕੀੜੇ-ਮਕੌੜਿਆਂ, ਬਿਮਾਰੀਆਂ ਅਤੇ ਨਦੀਨਾਂ ਆਦਿ ਨੂੰ ਨਾਸ਼ ਕਰਨ ਲਈ ਹੀ ਨਹੀਂ ਵਰਤੇ ਜਾਂਦੇ, ਇਨ੍ਹਾਂ ਦੀ ਯੋਗ ਵਰਤੋਂ ਨਾਲ ਉਤਪਾਦਕਤਾ ਵੀ ਵਧਦੀ ਹੈ। ਪੈਸਟੀਸਾਈਡਜ਼ ਉਦਯੋਗ ਤੇ ਖੋਜ ਵਲੋਂ ਨਵੇਂ-ਨਵੇਂ ਕੀਟਨਾਸ਼ਕ ਤੇ ਨਦੀਨਨਾਸ਼ਕ ਵਿਕਸਿਤ ਕੀਤੇ ਜਾ ਰਹੇ ਹਨ ਜੋ ਸੁਰੱਖਿਅਤ ਵੀ ਹਨ ਅਤੇ ਕੀੜੇ-ਮਕੌੜਿਆਂ ਤੇ ਬਿਮਾਰੀਆਂ ਦਾ ਨਾਸ਼ ਕਰ ਕੇ ਉਤਪਾਦਕਤਾ ਵਧਾਉਣ 'ਚ ਵੀ ਸਹਾਈ ਹੁੰਦੇ ਹਨ। ਸੈਂਟਰਲ ਇਨਸੈਕਟੀਸਾਈਡਜ਼ ਬੋਰਡ (ਸੀ.ਆਈ.ਬੀ.) ਵਲੋਂ ਡੂੰਘੀ ਤੇ ਲੰਮੇ ਸਮੇਂ ਦੀ ਪਰਖ ਤੋਂ ਬਾਅਦ ਇਨ੍ਹਾਂ ਨੂੰ ਕਿਸਾਨਾਂ ਦੀ ਵਰਤੋਂ ਲਈ ਪ੍ਰਵਾਨਗੀ ਦਿੱਤੀ ਜਾਂਦੀ ਹੈ। ਪੈਸਟੀਸਾਈਡਜ਼ ਨੂੰ ਇਸਤੇਮਾਲ ਕੀਤੇ ਬਿਨਾਂ ਉਤਪਾਦਨ ਦਾ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਨੁਕਸਾਨ ਕਈ ਗੁਣਾ ਵੱਧ ਸਕਦਾ ਹੈ ਪਰ ਇਸ ਦੇ ਨਾਲ ਨਾਲ ਇਹ ਜ਼ਰੂਰੀ ਹੈ ਕਿ ਪੈਸਟੀਸਾਈਡਜ਼ ਤੇ ਕੀਟਨਾਸ਼ਕ ਸੂਝ-ਬੂਝ ਅਤੇ ਵਿਗਿਆਨਕ ਢੰਗ ਨਾਲ ਵਿਗਿਆਨੀਆਂ ਵਲੋਂ ਸਿਫਾਰਸ਼ ਕੀਤੀ ਮਾਤਰਾ 'ਚ ਵਰਤੇ ਜਾਣ। ਵਿਗਿਆਨਕ ਢੰਗ ਨਾਲ ਵਰਤਣ ਲਈ ਕੀਟਨਾਸ਼ਕ ਦੀ ਸਹੀ ਚੋਣ ਖੇਤੀ ਮਾਹਿਰਾਂ ਵਲੋਂ ਦੱਸੀ ਗਈ ਮਾਤਰਾ ਅਤੇ ਸਹੀ ਢੰਗ ਤੇ ਵਿਧੀ ਨਾਲ ਇਸ ਦਾ ਸਪਰੇਅ ਤੇ ਪ੍ਰਯੋਗ ਕੀਤੇ ਜਾਣ ਦੀ ਲੋੜ ਹੁੰਦੀ ਹੈ।

ਸੈਂਟਰਲ ਇਨਸੈਕਟੀਸਾਈਡਜ਼ ਬੋਰਡ ਬੜੇ ਨਿਪੁੰਨ ਢੰਗਾਂ, ਤਰੀਕਿਆਂ ਨਾਲ ਲੰਮੇ ਸਮੇਂ ਤੱਕ ਜਾਂਚ ਕਰਨ ਤੋਂ ਬਾਅਦ ਪੈਸਟੀਸਾਈਂਡਜ਼ ਨੂੰ ਮਾਨਤਾ ਦਿੰਦਾ ਹੈ ਅਤੇ ਉਨ੍ਹਾਂ ਦੇ ਇਸਤੇਮਾਲ ਦੀ ਪ੍ਰਵਾਨਗੀ ਲਈ ਸਿਫਾਰਸ਼ ਕਰਦਾ ਹੈ। ਪ੍ਰੰਤੂ ਮੰਡੀ 'ਚ ਗ਼ੈਰ ਮਿਆਰੀ, ਘਟੀਆ ਤੇ ਨਕਲੀ ਪੈਸਟੀਸਾਈਡਜ਼ ਫਿਰ ਵੀ ਛੋਟੀਆਂ-ਛੋਟੀਆਂ ਇਕਾਈਆਂ ਅਤੇ ਡੀਲਰਾਂ ਵਲੋਂ ਅਨੈਤਿਕ ਢੰਗ ਨਾਲ ਵੇਚੇ ਜਾਂਦੇ ਹਨ। ਇਸ ਸੰਬੰਧੀ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੂੰ ਇਨਸੈਕਟੀਸਾਈਡਜ਼ ਐਕਟ ਅਧੀਨ ਕਾਰਵਾਈ ਕਰ ਕੇ ਨਕਲੀ ਰਸਾਇਣਾਂ 'ਤੇ ਕਾਬੂ ਪਾਉਣ ਦੀ ਲੋੜ ਹੈ। ਕਿਸਾਨਾਂ ਨੂੰ ਵੀ ਇਸ ਸੰਬੰਧੀ ਪੂਰੀ ਜਾਂਚ ਤੇ ਨਿਗਰਾਨੀ ਰੱਖਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਜਾਣਕਾਰੀ ਵੀ ਪੂਰੀ ਹੋਣੀ ਚਾਹੀਦੀ ਹੈ। ਪੈਸਟੀਸਾਈਡਜ਼ ਉਦਯੋਗ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਹਰ ਕੀਟਨਾਸ਼ਕ ਜੋ ਇਸਤੇਮਾਲ ਹੁੰਦਾ ਹੈ, ਉਸ ਦੀ ਪੂਰੀ ਜਾਣਕਾਰੀ ਕਿਸਾਨਾਂ ਤੱਕ ਪਹੁੰਚਾਉਣੀ ਚਾਹੀਦੀ ਹੈ। ਇਸ ਲਈ ਖੇਤੀ ਪ੍ਰਸਾਰ ਸੇਵਾ ਨੂੰ ਮਜ਼ਬੂਤ ਕੀਤਾ ਜਾਏ। ਬਹੁਤੀ ਵਾਰ ਭਾਰਤ ਵਿਚ ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦੀ ਵਰਤੋਂ ਸੂਝ-ਬੂਝ ਤੇ ਵਿਗਿਆਨਕ ਢੰਗ ਨਾਲ ਨਹੀਂ ਕੀਤੀ ਜਾਂਦੀ। ਜਿਸ ਲਈ ਕਿਸਾਨਾਂ ਨੂੰ ਸਹੀ ਅਗਵਾਈ ਨਹੀਂ ਮਿਲਦੀ। ਉਹ ਪੈਸਟੀਸਾਈਡਜ਼ ਡੀਲਰਾਂ ਤੋਂ ਦਿੱਤੀ ਜਾਣਕਾਰੀ ਤੇ ਸਿਫਾਰਸ਼ 'ਤੇ ਹੀ ਸਾਰਾ ਆਧਾਰ ਰੱਖਦੇ ਹਨ। ਪ੍ਰੰਤੂ ਜੋ ਹਾਲ 'ਚ ਹੀ ਚੰਡੀਗੜ੍ਹ ਵਿਖੇ ਕਿਸਾਨ ਆਗੂਆਂ ਦੀ ਹੋਏ ਕੌਮੀ ਸੰਮੇਲਨ 'ਚ 18 ਰਾਜਾਂ ਦੇ 90 ਕਿਸਾਨ ਆਗੂਆਂ ਵਲੋਂ ਫ਼ਸਲਾਂ 'ਚ ਜੀ.ਐੱਮ. ਤਕਨਾਲੋਜੀ ਦੀ ਵਰਤੋਂ ਦੀ ਵਿਰੋਧਤਾ ਕੀਤੀ ਗਈ ਹੈ, ਉਸ ਦੇ ਮੱਦੇਨਜ਼ਰ ਜੀ.ਐਮ. ਤਕਨਾਲੋਜੀ ਦੀ ਵਰਤੋਂ ਵੀ ਫ਼ਸਲਾਂ 'ਚ ਬੜੀ ਸੀਮਤ ਕਪਾਹ, ਨਰਮੇ ਤੱਕ ਹੀ ਕੀਤੀ ਜਾਏਗੀ ਜਿਸ ਨਾਲ ਪੈਸਟੀਸਾਈਡਜ਼ ਦਾ ਇਸਤੇਮਾਲ ਹੋਰ ਵੀ ਜ਼ਰੂਰੀ ਹੋਵੇਗਾ। ਕਿਉਂਕਿ ਗ਼ੈਰ-ਜੀ.ਐਮ. ਫ਼ਸਲਾਂ 'ਤੇ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੇ ਹਮਲਿਆਂ ਦੀ ਬਹੁਤਾਤ ਮੁਕਾਬਲਤਨ ਜ਼ਿਆਦਾ ਹੁੰਦੀ ਹੈ। ਕਿਸਾਨਾਂ ਨੂੰ ਉਹ ਹੀ ਪੈਸਟੀਸਾਈਡਜ਼ ਵਰਤਣੇ ਚਾਹੀਦੇ ਹਨ ਜੋ ਯੂ.ਪੀ.ਐਲ. ਵਰਗੀਆਂ ਨਾਮਵਰ ਐਗਰੋ-ਕੈਮੀਕਲਜ਼ ਕੰਪਨੀਆਂ ਵਲੋਂ ਤਿਆਰ ਕੀਤੇ ਜਾਂਦੇ ਹਨ ਅਤੇ ਜਿਨ੍ਹਾਂ ਦੀ ਸਿਫਾਰਸ਼ ਖੇਤੀਬਾੜੀ ਯੂਨੀਵਰਸਿਟੀਆਂ, ਖੋਜ ਸੰਸਥਾਨਾਂ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਮਾਹਿਰਾਂ ਵਲੋਂ ਕੀਤੀ ਜਾਂਦੀ ਹੈ। ਗ਼ੈਰ-ਮਿਆਰੀ ਤੇ ਨਕਲੀ ਕੀਟਨਾਸ਼ਕ ਤੇ ਪੈਸਟੀਸਾਈਡਜ਼ ਦਾ ਪ੍ਰਯੋਗ ਤੇ ਵਿਕਰੀ ਬੰਦ ਕਰਨ ਲਈ ਕਿਸਾਨਾਂ ਨੂੰ ਅਤੇ ਕੀਟਨਾਸ਼ਕ ਵੇਚਣ ਵਾਲਿਆਂ ਨੂੰ ਜਾਗਰੂਕ ਕਰਨ ਦੀ ਲੋੜ ਹੈ।

ਭਾਰਤ ਤੋਂ ਚਾਵਲ ਤੇ ਬਾਸਮਤੀ ਵੱਡੇ ਪੈਮਾਨੇ 'ਤੇ ਨਿਰਯਾਤ ਕੀਤੇ ਜਾਂਦੇ ਹਨ। ਬਾਸਮਤੀ ਦੀ ਨਿਰਯਾਤ ਪਿਛਲੇ ਸਾਲ 52 ਲੱਖ ਟਨ ਤੱਕ ਪਹੁੰਚ ਗਈ, ਜਿਸ ਨਾਲ 48 ਹਜ਼ਾਰ ਕਰੋੜ ਰੁਪਏ ਤੋਂ ਵੱਧ ਵਿਦੇਸ਼ੀ ਮੁਦਰਾ ਭਾਰਤ ਆਈ ਹੈ। ਪੰਜਾਬ ਬਾਸਮਤੀ ਦੇ ਜੀ.ਆਈ. ਜ਼ੋਨ 'ਚ ਹੈ ਅਤੇ ਇਸ ਦਾ ਬਰਾਮਦ 'ਚ 40 ਪ੍ਰਤੀਸ਼ਤ ਤੱਕ ਯੋਗਦਾਨ ਹੈ। ਇਸ ਸਾਲ 7 ਲੱਖ ਹੈਕਟੇਅਰ ਦੇ ਕਰੀਬ ਰਕਬੇ 'ਤੇ ਬਾਸਮਤੀ ਦੀ ਕਾਸ਼ਤ ਕੀਤੀ ਗਈ ਹੈ, ਜੋ ਝੋਨੇ ਦੀ ਕਾਸ਼ਤ ਥੱਲੇ ਕੁੱਲ ਰਕਬੇ ਦਾ 24 ਪ੍ਰਤੀਸ਼ਤ ਦੇ ਕਰੀਬ ਹੈ। ਭਵਿੱਖ 'ਚ ਖੇਤੀ ਵਿਭਿੰਨਤਾ ਲਿਆਉਣ 'ਚ ਬਾਸਮਤੀ ਦਾ ਵਿਸ਼ੇਸ਼ ਰੋਲ ਹੋਵੇਗਾ ਅਤੇ ਇਸ ਦੀ ਕਾਸ਼ਤ 10 ਲੱਖ ਹੈਕਟੇਅਰ ਤੱਕ ਰਕਬੇ 'ਤੇ ਕੀਤੇ ਜਾਣ ਦਾ ਅਨੁਮਾਨ ਹੈ। ਕਿਸਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਬਾਸਮਤੀ ਦੀ ਫ਼ਸਲ 'ਚ ਉਹ 'ਟਰਾਈਸਾਇਕਲਾਜ਼ੋਨ' ਜਿਹੇ ਤੇਜ਼ ਰਸਾਇਣ ਜਿਨ੍ਹਾਂ ਨੂੰ ਬਾਸਮਤੀ ਦਰਾਮਦ ਕਰਨ ਵਾਲੇ ਮੁਲਕ ਨਹੀਂ ਚਾਹੁੰਦੇ, ਨਾ ਵਰਤਣ ਤਾਂ ਜੋ ਕਿਸੇ ਕੀਟਨਾਸ਼ਕ ਦੇ ਅੰਸ਼ ਚੌਲਾਂ 'ਚ ਨਾ ਰਹਿਣ। ਕਿਸਾਨਾਂ ਨੂੰ ਪਾਬੰਦੀਸ਼ੁਦਾ ਕੀਟਨਾਸ਼ਕ ਉੱਕਾ ਹੀ ਨਹੀਂ ਵਰਤਣੇ ਚਾਹੀਦੇ।

ਪੈਸਟੀਸਾਈਡਜ਼ ਦੀ ਸੁਰੱਖਿਅਤ ਵਰਤੋਂ ਕਰਨ ਲਈ ਕਿਸਾਨਾਂ ਨੂੰ ਇਹ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਕਿਸਾਨਾਂ ਨੂੰ ਪੈਸਟੀਸਾਈਡਜ਼ ਅਸਲੀ ਪੈਕਿੰਗ ਵਿਚ ਬਿੱਲ ਨਾਲ ਖਰੀਦਣੇ ਚਾਹੀਦੇ ਹਨ। ਉਨ੍ਹਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਪਰੇ ਰੱਖਣਾ ਚਾਹੀਦਾ ਹੈ। ਵਰਤੋਂ ਤੋਂ ਪਹਿਲਾਂ ਉਸ 'ਤੇ ਲਿਖੀਆਂ ਹਦਾਇਤਾਂ ਤੇ ਸਾਵਧਾਨੀਆਂ ਧਿਆਨ 'ਚ ਰੱਖਣੀਆਂ ਚਾਹੀਦੀਆਂ ਹਨ। ਮਾਹਿਰਾਂ ਵਲੋਂ ਸਿਫਾਰਸ਼ ਕੀਤੀ ਗਈ ਮਾਤਰਾ 'ਚ ਹੀ ਕੀਟਨਾਸ਼ਕ ਵਰਤਣੇ ਚਾਹੀਦੇ ਹਨ। ਛਿੜਕਾਅ ਕਰਨ ਲੱਗਿਆਂ ਹਵਾ ਦੇ ਰੁਖ਼ ਦੇ ਨਾਲ ਹੀ ਛਿੜਕਾਅ ਕਰਨਾ ਚਾਹੀਦਾ ਹੈ।

ਛਿੜਕਾਅ ਕਰਨ ਤੋਂ ਬਾਅਦ ਹੱਥਾਂ ਅਤੇ ਕੱਪੜਿਆਂ ਨੂੰ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ। ਖਾਲੀ ਡੱਬੇ ਅਤੇ ਪੈਕਿੰਗ ਨਾਸ਼ ਕਰ ਦੇਣੇ ਚਾਹੀਦੇ ਹਨ। ਸਪਰੇਅ ਕਰਨ ਲੱਗਿਆਂ ਕੋਈ ਚੀਜ਼ ਖਾਣੀ ਜਾਂ ਪੀਣੀ ਨਹੀਂ ਚਾਹੀਦੀ ਅਤੇ ਸਿਗਰੇਟ ਅਤੇ ਬੀੜੀ ਆਦਿ ਤੋਂ ਪੂਰਾ ਪ੍ਰਹੇਜ਼ ਕਰਨਾ ਚਾਹੀਦਾ ਹੈ। ਸਪਰੇਅ ਵਾਲਾ ਪੰਪ ਜਾਂ ਸਪਰੇਅਰ ਲੀਕ ਨਹੀਂ ਹੋਣਾ ਚਾਹੀਦਾ। ਕੋਈ ਖਾਣ ਵਾਲੀ ਚੀਜ਼ ਸਪਰੇਅ ਕੀਤੇ ਜਾ ਰਹੇ ਖੇਤਰ ਦੇ ਨੇੜੇ ਨਹੀਂ ਰੱਖਣੀ ਚਾਹੀਦੀ। ਨੋਜ਼ਲ ਨੂੰ ਸਾਫ ਕਰਨ ਲਈ ਮੂੰਹ ਨਾਲ ਫੂਕ ਨਹੀਂ ਮਾਰਨੀ ਚਾਹੀਦੀ।

# 'ਪੰਜਾਬ 95': ਫ਼ਿਲਮ 'ਤੇ ਸੈਂਸਰ ਬੋਰਡ ਦੇ ਸੁਝਾਵਾਂ ਉਪਰ ਜਸਵੰਤ ਸਿੰਘ ਖਾਲੜਾ ਦੇ ਪਰਿਵਾਰ ਨੇ ਜਤਾਇਆ ਇਤਰਾਜ਼

ਵਲੋਂ : ਰਾਜਵੀਰ ਕੌਰ ਗਿੱਲ




ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਉੱਤੇ ਅਧਾਰਿਤ ਫ਼ਿਲਮ 'ਪੰਜਾਬ 95' ਸਿਰਲੇਖ ਹੇਠ ਮੁਕੰਮਲ ਹੈ ਪਰ ਖਾਲੜਾ ਦੇ ਪਰਿਵਾਰ ਦਾ ਕਹਿਣਾ ਹੈ ਕਿ ਸੈਂਸਰ ਬੋਰਡ ਵਲੋਂ ਇਸ ਉੱਤੇ ਕੁਝ ਇਤਰਾਜ਼ ਜਤਾਏ ਗਏ ਹਨ।

ਖਾਲੜਾ ਪਰਿਵਾਰ ਨੇ ਸੋਸ਼ਲ ਮੀਡੀਆ ਉੱਤੇ ਇੱਕ ਪੋਸਟ ਸਾਂਝੀ ਕਰਕੇ ਅਫ਼ਸੋਸ ਜਤਾਇਆ ਹੈ ਕਿ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫ਼ਿਕੇਸ਼ਨ-ਸੈਂਸਰ ਬੋਰਡ (ਸੀਬੀਐੱਫ਼ਸੀ) ਨੇ ਫ਼ਿਲਮ ਦੇ ਕੁਝ ਹਵਾਲਿਆਂ ਉੱਤੇ ਇਤਰਾਜ਼ ਜਤਾਉਂਦਿਆਂ 120 ਕੱਟ ਲਾਉਣ ਦੀ ਮੰਗ ਕੀਤੀ ਹੈ।

ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਵਲੋਂ ਸਾਂਝੀ ਕੀਤੀ ਗਈ ਇਸ ਪੋਸਟ ਮੁਤਾਬਕ ਸੈਂਸਰ ਬੋਰਡ ਨੇ ਫ਼ਿਲਮ ਵਿੱਚ ਕੁਝ ਹੋਰ ਬਦਲਾਅ ਵੀ ਸੁਝਾਏ ਹਨ ਜਿਵੇਂ ਕਿ ਜਸਵੰਤ ਸਿੰਘ ਖਾਲੜਾ ਦਾ ਨਾਮ ਨਾ ਵਰਤਿਆ ਜਾਵੇ, ਗੁਰਬਾਣੀ ਦਾ ਉਚਾਰਣ ਹਟਾਇਆ ਜਾਵੇ, ਪੰਜਾਬ ਵਿੱਚ ਝੂਠੇ ਪੁਲਿਸ ਮੁਕਾਬਲਿਆਂ, ਲਾਵਾਰਸ ਲਾਸ਼ਾਂ ਦੇ ਅੰਕੜੇ ਅਤੇ ਉਨ੍ਹਾਂ ਥਾਵਾਂ ਦੇ ਨਾਮ ਜਿੱਥੇ ਇਹ ਘਟਨਾਵਾਂ ਵਾਪਰੀਆਂ, ਹਟਾਏ ਜਾਣ।

ਪਰਿਵਾਰ ਸੈਂਸਰ ਬੋਰਡ ਵਲੋਂ ਸੁਝਾਏ ਗਏ ਬਦਲਾਵਾਂ ਨਾਲ ਸਹਿਮਤ ਨਹੀਂ ਅਤੇ ਫ਼ਿਲਮ ਜਿਸ ਤਰੀਕੇ ਨਾਲ ਬਣੀ ਹੈ ਉਸੇ ਤਰ੍ਹਾਂ ਰਿਲੀਜ਼ ਹੋਣ ਦੀ ਮੰਗ ਕਰਦਾ ਹੈ।

ਫ਼ਿਲਮ ਵਿੱਚ ਅਦਾਕਾਰ ਦਿਲਜੀਤ ਦੋਸਾਂਝ ਨੇ ਜਸਵੰਤ ਸਿੰਘ ਖਾਲੜਾ ਦਾ ਕਿਰਦਾਰ ਨਿਭਾਇਆ ਹੈ। ਸਾਲ 2022 ਵਿੱਚ ਵੀ ਪਰਮਜੀਤ ਕੌਰ ਖਾਲੜਾ ਨੇ ਇੱਕ ਸੋਸ਼ਲ ਮੀਡੀਆ ਪੋਸਟ ਸਾਂਝੀ ਕਰਕੇ ਖਾਲੜਾ ਦੀ ਜ਼ਿੰਦਗੀ ਬਾਰੇ ਫ਼ਿਲਮ ਬਣਾਉਣ ਦੀ ਸਹਿਮਤੀ ਫ਼ਿਲਮ ਨਿਰਦੇਸ਼ਕ ਹਨੀ ਤਰੇਹਨ ਨੂੰ ਦੇਣ ਬਾਰੇ ਜਾਣਕਾਰੀ ਦਿੱਤੀ ਸੀ।

ਜਸਵੰਤ ਸਿੰਘ ਖਾਲੜਾ ਨੂੰ 1980 ਤੋਂ 1990 ਦਰਮਿਆਨ ਖਾੜਕੂ ਲਹਿਰ ਅਤੇ ਪੁਲਿਸ ਕਾਰਵਾਈਆਂ ਦੇ ਦੌਰ ਵਿੱਚ ਲਾਪਤਾ ਲੋਕਾਂ ਦੀ ਭਾਲ ਲੇਖੇ ਜ਼ਿੰਦਗੀ ਲਾਉਣ ਵਾਲੇ ਇੱਕ ਮਨੁੱਖੀ ਅਧਿਕਾਰ ਕਾਰਕੁੰਨ ਵਜੋਂ ਜਾਣਿਆਂ ਜਾਂਦਾ ਹੈ।

ਫ਼ਿਲਮ ਦਾ ਨਾਮ 'ਪੰਜਾਬ 95' ਉਸ ਵਾਕਿਆ ਉੱਤੇ ਅਧਾਰਿਤ ਹੈ, ਜਦੋਂ ਜਸਵੰਤ ਸਿੰਘ ਖਾਲੜਾ ਨੂੰ 6 ਸਤੰਬਰ 1995 ਨੂੰ ਅੰਮ੍ਰਿਤਸਰ ਦੇ ਕਬੀਰ ਪਾਰਕ ਸਥਿਤ ਉਨ੍ਹਾਂ ਦੇ ਰਿਹਾਇਸ਼ੀ ਘਰ ਤੋਂ ਅਗਵਾ ਕਰ ਕੀਤਾ ਗਿਆ ਸੀ ਅਤੇ ਉਸ ਤੋਂ ਬਾਅਦ ਉਹ ਕਦੇ ਘਰ ਨਹੀਂ ਪਰਤੇ। ਅਸੀਂ ਸੁਤੰਤਰ ਤੌਰ ਉੱਤੇ ਸੈਂਸਰ ਬੋਰਡ ਦੀ ਕਾਰਵਾਈ ਦੀ ਪੁਸ਼ਟੀ ਨਹੀਂ ਕਰਦੇ।

## ਖਾਲੜਾ ਪਰਿਵਾਰ ਦੇ ਇਤਰਾਜ਼

ਪਰਮਜੀਤ ਕੌਰ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ ਕਿ ਸੀਬੀਐੱਫ਼ਸੀ ਵੱਲੋਂ ਫ਼ਿਲਮ ਵਿੱਚ ਜਿਹੜੇ ਬਦਲਾਅ ਕਰਨ ਲਈ ਕਿਹਾ ਗਿਆ ਹੈ, ਫ਼ਿਲਮ ਵਿੱਚ ਦਰਸਾਈਆਂ ਗਈਆਂ ਉਹ ਘਟਨਾਵਾਂ ਜਨਤਕ ਦਸਤਾਵੇਜ਼ਾਂ (ਅਖ਼ਬਾਰਾਂ ਅਤੇ ਅਦਾਲਤੀ ਰਿਕਾਰਡ) ਵਿੱਚੋਂ ਲਈਆਂ ਗਈਆਂ ਹਨ। ਉਨ੍ਹਾਂ ਨੇ ਇਨ੍ਹਾਂ ਬਦਲਾਵਾਂ ਨੂੰ, "ਭਾਰਤ ਸਰਕਾਰ ਅਤੇ ਸੈਂਸਰ ਬੋਰਡ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਭਾਰਤ ਦੇ ਸੁਪਰੀਮ ਕੋਰਟ ਵਲੋਂ ਪ੍ਰਮਾਣਿਤ ਕੀਤੇ ਤੱਥਾਂ ਅਤੇ ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਰਿਪੋਰਟਾਂ ਨੂੰ ਬਦਲਣ ਦੀ ਕੋਸ਼ਿਸ਼" ਦੱਸਿਆ ਹੈ।

ਪਰਮਜੀਤ ਕੌਰ ਖਾਲੜਾ ਨੇ ਇਲਜ਼ਾਮ ਲਾਇਆ ਕਿ ਫ਼ਿਲਮ ਕੈਨੇਡਾ ਦੇ ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ (2023) ਲਈ ਚੁਣੀ ਗਈ ਸੀ ਪਰ ਇਸ ਨੂੰ ਉੱਥੇ ਦਿਖਾਉਣ ਨਹੀਂ ਦਿੱਤਾ ਗਿਆ। ਪਰਿਵਾਰ ਨੇ ਸੀਬੀਐੱਫ਼ਸੀ ਨੂੰ ਅਪੀਲ ਕੀਤੀ ਹੈ ਕਿ ਫ਼ਿਲਮ ਵਿੱਚ ਦਿਖਾਏ ਗਏ ਇਤਿਹਾਸਿਕ ਤੱਥ ਸਾਬਿਤ ਹੋ ਚੁੱਕੇ ਹਨ ਅਤੇ ਉਨ੍ਹਾਂ ਨੂੰ ਨਾ ਬਦਲਿਆ ਜਾਵੇ। ਉਨ੍ਹਾਂ ਲਿਖਿਆ, "ਅਸੀਂ ਫ਼ਿਲਮ ਦੇ ਪ੍ਰੋਡਿਊਸਰ ਨੂੰ ਵੀ ਜਸਵੰਤ ਸਿੰਘ ਖਾਲੜਾ ਅਤੇ ਫ਼ਿਲਮ ਦੀ ਕਹਾਣੀ ਦੇ ਸੱਚ ਨਾਲ ਖੜ੍ਹਨ ਦੀ ਅਪੀਲ ਕਰਦੇ ਹਾਂ।" ਇਸ ਤੋਂ ਇਲਾਵਾ ਪਰਿਵਾਰ ਨੇ ਸ੍ਰੀ ਅਕਾਲ ਤਖ਼ਤ ਅਤੇ ਐੱਸਜੀਪੀਸੀ ਨੂੰ ਵੀ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਅਪੀਲੀ ਕੀਤੀ ਹੈ। ਉਨ੍ਹਾਂ ਨੇ ਫ਼ਿਲਮ ਬਾਰੇ ਖਾਲੜਾ ਪਰਿਵਾਰ ਦੀ ਸਥਿਤੀ ਨੂੰ ਸਪੱਸ਼ਟ ਕਰਦਿਆਂ ਲਿਖਿਆ, "ਅਸੀਂ ਫ਼ਿਲਮ ਨਿਰਦੇਸ਼ਕ ਵਲੋਂ ਕਾਨੂੰਨੀ ਤੱਥਾਂ ਦੀ ਬੁਨਿਆਦ 'ਤੇ ਬਣਾਈ ਇਸ ਫ਼ਿਲਮ ਅਤੇ ਦਿਲਜੀਤ ਦੋਸਾਂਝ ਵਲੋਂ ਕੀਤੇ ਖਾਲੜਾ ਦੇ ਕਿਰਦਾਰ ਨਾਲ ਸਹਿਮਤ ਹਨ ਅਤੇ ਆਸ ਕਰਦੇ ਹਨ ਕਿ ਫ਼ਿਲਮ ਅਸਰ ਰੂਪ ਵਿੱਚ ਰਿਲੀਜ਼ ਕੀਤੀ ਜਾਵੇਗੀ।"

## ਫ਼ਿਲਮ ਦੇ ਨਾਮ ਨੂੰ ਲੈ ਕੇ ਵਿਵਾਦ

ਫ਼ਿਲਮ ਦਾ ਮੌਜੂਦਾ ਨਾਮ 'ਪੰਜਾਬ 95' ਹੈ। ਨਾਮ ਉਸ ਸਾਲ ਨੂੰ ਦਰਸਾਉਂਦਾ ਹੈ ਜਦੋਂ ਲਾਪਤਾ ਲੋਕਾਂ ਦੀ ਭਾਲ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਖ਼ੁਦ ਹੀ ਲਾਪਤਾ ਹੋ ਗਏ ਸਨ।

ਪਰਿਵਾਰ ਦਾ ਦਾਅਵਾ ਹੈ ਕਿ ਸੈਂਸਰ ਬੋਰਡ ਨੇ ਇਹ ਨਾਮ ਬਦਲਣ ਲਈ ਕਿਹਾ ਹੈ।

ਇਸ ਫ਼ਿਲਮ ਵਿੱਚ ਦਿਖਾਏ ਗਏ ਤੱਥਾਂ, ਘਟਨਾਵਾਂ ਅਤੇ ਕਿਰਦਾਰਾਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰਾਂ ਨਾਲ ਅਸੀਂ ਗੱਲਬਾਤ ਕੀਤੀ ਗਈ। ਇਸ ਮਾਮਲੇ ਉੱਤੇ ਐੱਸਜੀਪੀਸੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਫ਼ਿਲਮ ਇਤਿਹਾਸਿਕ ਤੱਥਾਂ ਉੱਤੇ ਅਧਾਰਿਤ ਹੈ ਅਤੇ ਇੱਕ ਬਾਇਓਪਿਕ ਹੈ। ਇਸ ਲਈ ਇਸ ਦੇ ਕਿਰਦਾਰਾਂ ਦੇ ਨਾਮ ਬਦਲਣ ਲਈ ਕਹਿਣਾ ਮੰਨਣਯੋਗ ਨਹੀਂ ਹੈ।

ਉਨ੍ਹਾਂ ਕਿਹਾ, "ਇਹ ਫ਼ਿਲਮ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਨੂੰ ਦਰਸਾਉਂਦੀ ਹੈ। ਇਹ ਸੰਪੂਰਨ ਤੌਰ ਉੱਤੇ ਇੱਕ ਵਿਅਕਤੀ ਵਲੋਂ ਕੀਤੀ ਗਈ ਕਾਰਗੁਜ਼ਾਰੀ ਉੱਤੇ ਅਧਾਰਿਤ ਹੈ ਅਤੇ ਉਹ ਵੀ ਨਿਰਸਵਾਰਥ ਤਰੀਕੇ ਨਾਲ ਕੀਤੇ ਕੰਮ।"

"ਅਸੀਂ ਸਿਰਫ਼ ਇਹ ਮੰਗ ਕਰਦੇ ਹਾਂ ਕਿ ਸੀਬੀਆਈ ਅਤੇ ਸੁਪਰੀਮ ਕੋਰਟ ਵਲੋਂ ਪ੍ਰਮਾਣਿਤ ਤੱਥਾਂ ਨੂੰ ਝੁਠਲਾਇਆ ਨਹੀਂ ਜਾ ਸਕਦਾ।"

"ਮੈਂ ਫ਼ਿਲਮ ਦੇਖਣ ਤੋਂ ਬਾਅਦ ਇਹ ਦਾਅਵਾ ਕਰ ਸਕਦਾ ਹਾਂ ਕਿ ਫ਼ਿਲਮ ਵਿੱਚ ਕਿਸੇ ਵੀ ਕਿਸ ਦੀ ਸਿਆਸੀ ਮਿਲਾਵਟ ਨਹੀਂ ਕੀਤੀ ਗਈ।"

## ਸੈਂਸਰ ਬੋਰਡ ਨੂੰ ਵੱਖਰੀ ਪਹੁੰਚ ਅਪਣਾਉਣ ਦੀ ਲੋੜ-ਪਾਲੀ ਭੁਪਿੰਦਰ

ਨਾਮੀ ਪੰਜਾਬੀ ਲੇਖਕ, ਥੀਏਟਰ ਸਕੋਲਰ ਤੇ ਅਲੋਚਕ ਪਾਲੀ ਭੁਪਿੰਦਰ ਨੇ ਇਸ ਫ਼ਿਲਮ 'ਪੰਜਾਬ 95' ਨਾਲ ਜੁੜੇ ਵਿਵਾਦ ਬਾਰੇ ਗੱਲ ਕਰਦਿਆਂ ਕਿਹਾ ਕਿ ਸਿਆਸੀ ਅਤੇ ਇਤਿਹਾਸਕ ਵਿਸ਼ਿਆਂ ਉੱਤੇ ਬਣਨ ਵਾਲੀਆਂ ਫ਼ਿਲਮਾਂ ਬਾਰੇ ਸੈਂਸਰ ਬੋਰਡ ਦੇ ਮਾਪਦੰਡ ਵੱਖਰੇ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ, "ਇਹ ਫ਼ਿਲਮ ਮਨੁੱਖੀ ਹੱਕਾਂ ਦੀ ਰਖਵਾਲੀ ਲਈ ਲੜੇ ਸਿੱਖ ਕਾਰਕੁੰਨ ਜਸਵੰਤ ਸਿੰਘ ਖਾਲੜਾ ਬਾਰੇ ਹੈ ਅਤੇ ਅਸੀਂ ਹਮੇਸ਼ਾਂ ਉਨ੍ਹਾਂ ਦੇ ਖੇਮੇ ਦੇ ਹੀ ਰਹਾਂਗੇ। ਜੇ ਪੰਜਾਬ ਦੇ ਲੋਕ ਫ਼ਿਲਮ ਦੀ ਰਿਲੀਜ਼ ਦੇ ਹੱਕ ਲੜਨ ਨੂੰ ਤਿਆਰ ਹਨ ਤਾਂ ਮੈਂ ਵੀ ਉਨ੍ਹਾਂ ਦੇ ਨਾਲ ਖੜਾ ਹਾਂ।" "ਫ਼ਿਲਮ ਬਣਾਉਣ ਵਾਲਿਆਂ ਨੂੰ ਵੀ ਇਸ ਦੀ ਕਹਾਣੀ ਬਚਾਉਣ ਅਤੇ ਇਸ ਨੂੰ ਮੂਲ ਰੂਪ ਵਿੱਚ ਰਿਲੀਜ਼ ਕਰਵਾਉਣ ਲਈ ਸੰਘਰਸ਼ ਕਰਨਾ ਚਾਹੀਦਾ ਹੈ।

## ਜਸਵੰਤ ਸਿੰਘ ਖਾਲੜਾ ਬਾਇਓਪਿਕ

ਸਾਲ 2022 ਵਿੱਚ ਖਾਲੜਾ ਪਰਿਵਾਰ ਨੇ ਜਸਵੰਤ ਸਿੰਘ ਖਾਲੜਾ ਬਾਰੇ ਫ਼ਿਲਮ ਬਣਾਉਣ ਦੀ ਇਜਾਜ਼ਤ ਹਨੀ ਤਰੇਹਨ ਦੀ ਟੀਮ ਨੂੰ ਦਿੱਤੀ ਸੀ, ਜਿਸ ਦਾ ਦਲਜੀਤ ਦੋਸਾਂਝ ਵੀ ਹਿੱਸਾ ਸਨ।

ਉਸ ਸਮੇਂ ਵੀ ਪਰਮਜੀਤ ਕੌਰ ਖਾਲੜਾ ਦੇ ਫੇਸਬੁੱਕ ਪੇਜ 'ਤੇ ਇੱਕ ਪੋਸਟ ਜ਼ਰੀਏ ਜਾਣਕਾਰੀ ਦਿੱਤੀ ਸੀ, "ਪਿਛਲੇ ਕੁਝ ਸਾਲਾਂ ਤੋਂ ਖਾਲੜਾ ਪਰਿਵਾਰ ਨੂੰ ਬਹੁਤ ਜਥੇਬੰਦੀਆਂ ਨੇ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਅਤੇ ਕੰਮ ਦੇ ਉੱਤੇ ਫਿਲਮ ਬਣਾਉਣ ਲਈ ਸੰਪਰਕ ਕੀਤਾ ਸੀ ਪਰ ਅਸੀਂ ਇਸ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ ਸੀ।"

"ਸੋ ਅਖ਼ੀਰ ਖਾਲੜਾ ਪਰਿਵਾਰ ਨੇ ਇਹ ਫਿਲਮ ਬਣਾਉਣ ਦੀ ਆਗਿਆ ਹਨੀ ਤਰੇਹਨ ਦੀ ਟੀਮ ਜਿਸ ਦਾ ਦਿਲਜੀਤ ਦੋਸਾਂਝ ਵੀ ਹਿੱਸਾ ਹਨ, ਨੂੰ ਦੇ ਦਿੱਤੀ ਹੈ।" ਉਨ੍ਹਾਂ ਨੇ ਦੱਸਿਆ ਸੀ, "ਇਸ ਦੀ ਕਹਾਣੀ ਪਰਿਵਾਰ ਵਲੋਂ ਪੜ੍ਹੀ ਜਾਵੇਗੀ ਅਤੇ ਪਰਿਵਾਰ ਵੱਲੋਂ ਇਹ ਵੀ ਹੱਕ ਰਾਖਵਾਂ ਰੱਖਿਆ ਗਿਆ ਹੈ ਕਿ ਜੇ ਫ਼ਿਲਮ ਬਣਨ 'ਤੇ ਸਾਨੂੰ ਇਸ ਵਿੱਚ ਕੋਈ ਤੱਥਾਂ ਨੂੰ ਲੈ ਕੇ ਊਣਤਾਈਆਂ ਨਜ਼ਰ ਆਈਆਂ ਤਾਂ ਅਸੀਂ ਇਸ ਨੂੰ ਮਨ੍ਹਾਂ ਕਰ ਸਕਦੇ ਹਾਂ।" ਪਰਮਜੀਤ ਕੌਰ ਖਾਲੜਾ ਦੀ ਇਸ ਪੋਸਟ ਨੂੰ ਅਦਾਕਾਰ ਦਿਲਜੀਤ ਦੋਸਾਂਝ ਵਲੋਂ ਵੀ ਆਪਣੇ ਫ਼ੇਸਬੁੱਕ ਪੇਜ਼ ਉੱਤੇ ਸਾਂਝੀ ਕੀਤਾ ਗਿਆ ਸੀ।

## ਜਸਵੰਤ ਸਿੰਘ ਖਾਲੜਾ ਕੌਣ ਸਨ?

ਅਦਾਲਤਾਂ ਵਿੱਚ ਸੀਬੀਆਈ ਨੇ ਜੋ ਵੇਰਵੇ ਦਿੱਤੇ ਉਨ੍ਹਾਂ ਮੁਤਾਬਕ, ਜਸਵੰਤ ਸਿੰਘ ਖਾਲੜਾ ਇੱਕ ਮਨੁੱਖੀ ਅਧਿਕਾਰ ਕਾਰਕੁਨ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਰਹਿ ਚੁੱਕੇ ਹਨ। ਉਨ੍ਹਾਂ ਮੁਤਾਬਕ, ਪੰਜਾਬ 1980ਵਿਆਂ ਅਤੇ 1990ਵਿਆਂ ਦੌਰ ਵਿੱਚ ਦਹਿਸ਼ਤਗਰਦੀ ਦੀਆਂ ਵਾਰਦਾਤਾਂ ਦੇ ਨਾਲ-ਨਾਲ ਪੁਲਿਸ ਤਸ਼ੱਦਦ, ਹਿਰਾਸਤੀ ਮੌਤਾਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਕਰਕੇ ਵੀ ਲਗਾਤਾਰ ਚਰਚਾ ਵਿੱਚ ਰਿਹਾ।

ਮਨੁੱਖੀ ਹੱਕਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਤਿੰਨ ਸ਼ਮਸ਼ਾਨ ਘਾਟਾਂ ਵਿੱਚ ਜੂਨ 1984 ਤੋਂ ਦਸੰਬਰ 1994 ਤੱਕ ਆਈਆਂ ਅਣਪਛਾਤੀਆਂ ਲਾਸ਼ਾਂ ਦੇ ਵੇਰਵੇ ਨਸ਼ਰ ਕੀਤੇ ਸਨ। ਉਨ੍ਹਾਂ ਇਹ ਦਾਅਵਾ ਕੀਤਾ ਕਿ ਇਹ ਲਾਵਾਰਿਸ ਲਾਸ਼ਾਂ ਪੁਲਿਸ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਦੀ ਗਵਾਹੀ ਭਰਦੀਆਂ ਹਨ। ਜਸਵੰਤ ਸਿੰਘ ਖਾਲੜਾ ਦੇ ਦਾਅਵੇ ਦੀ ਤਸਦੀਕ ਇਹ ਤੱਥ ਕਰਦੇ ਸਨ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਲਾਸ਼ਾਂ ਸ਼ਮਸ਼ਾਨ ਘਾਟਾਂ ਤੱਕ ਪੁਲਿਸ ਵਲੋਂ ਪਹੁੰਚਾਈਆਂ ਗਈਆਂ ਸਨ। ਸੀਬੀਆਈ ਦੀ ਰਿਪੋਰਟ ਮੁਤਾਬਕ ਜਸਵੰਤ ਸਿੰਘ ਖਾਲੜਾ ਨੇ ਇਸ ਵਿਰੁੱਧ ਆਵਾਜ਼ ਉਠਾਈ।

ਰਿਪੋਰਟ ਮੁਤਾਬਕ, "ਸਥਾਨਕ ਪੁਲਿਸ ਨੂੰ ਇਹ ਪਸੰਦ ਨਹੀਂ ਆ ਰਿਹਾ ਸੀ ਅਤੇ ਉਸ ਨੇ ਉਨ੍ਹਾਂ ਨੂੰ ਅਗਵਾ ਕਰਨ ਦੀ ਸਾਜ਼ਿਸ਼ ਰਚੀ ਅਤੇ ਇਸ ਅਪਰਾਧਿਕ ਸਾਜ਼ਿਸ਼ ਨੂੰ ਅੱਗੇ ਤੋਰਦਿਆਂ ਸਥਾਨਕ ਪੁਲਿਸ ਅਧਿਕਾਰੀਆਂ ਨੇ 6 ਸਤੰਬਰ 1995 ਨੂੰ ਖਾਲੜਾ ਨੂੰ ਉਨ੍ਹਾਂ ਦੀ ਕਬੀਰ ਪਾਰਕ ਨੇੜਲੀ ਰਿਹਾਇਸ਼ ਤੋਂ ਅਗਵਾ ਕਰ ਲਿਆ।" "ਉਨ੍ਹਾਂ ਨੂੰ ਗ਼ੈਰਕਾਨੂੰਨੀ ਹਿਰਾਸਤ ਵਿੱਚ ਰੱਖਣ ਤੋਂ ਬਾਅਦ ਕਤਲ ਕਰ ਦਿੱਤਾ ਗਿਆ ਅਤੇ ਲਾਸ਼ ਹਰੀਕੇ ਇਲਾਕੇ ਵਿੱਚ ਨਹਿਰ ਵਿੱਚ ਸੁੱਟ ਦਿੱਤੀ ਗਈ।"

# ਪਿਕਸ ਸੋਸਾਇਟੀ ਵੱਲੋਂ ਕਮਿਊਨਿਟੀ ਲੀਡਰਸ਼ਿਪ ਨੂੰ ਮਜ਼ਬੂਤ ਕਰਨ ਲਈ ਨਵੇਂ ਡਾਇਰੈਕਟਰਾਂ ਦੀ ਨਿਯੁਕਤੀ

ਸਰੀ, (ਹਰਦਮ ਮਾਨ)-ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ ਸੋਸਾਇਟੀ (ਪਿਕਸ) ਵੱਲੋਂ ਆਪਣੀ ਲੀਡਰਸ਼ਿਪ ਟੀਮ ਲਈ ਦੋ ਨਵੇਂ ਡਾਇਰੈਕਟਰਾਂ ਦੀ ਨਿਯੁਕਤੀ ਕੀਤੀ ਗਈ ਹੈ। ਨਵੇਂ ਨਿਯੁਕਤ ਡਾਇਰੈਕਟਰ ਡਾ: ਰਮਿੰਦਰ ਕੰਗ ਨੂੰ ਸੈਟਲਮੈਂਟ ਅਤੇ ਏਕੀਕਰਨ ਸੇਵਾਵਾਂ ਡਾਇਰੈਕਟਰ ਬਣਾਇਆ ਗਿਆ ਅਤੇ ਕਨਿਕਾ ਮਹਿਰਾ ਨੂੰ ਯੁਵਾ ਪ੍ਰੋਗਰਾਮਾਂ ਅਤੇ ਭਾਈਚਾਰਕ ਸੇਵਾਵਾਂ ਦੀ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਸਾਇੰਸ ਵਿੱਚ ਬੈਚਲਰ ਅਤੇ ਆਰਟਸ ਵਿੱਚ ਮਾਸਟਰ ਡਿਗਰੀ ਹੋਲਡਰ ਡਾ: ਰਮਿੰਦਰ ਕੰਗ ਸਮਾਜ ਸੇਵਾ ਦੇ ਖੇਤਰ ਵਿੱਚ 20 ਸਾਲਾਂ ਦੇ ਤਜ਼ਰਬਾ ਰਖਦੇ ਹਨ। ਉਨ੍ਹਾਂ ਇੱਕ ਫਰੰਟ-ਲਾਈਨ ਵਰਕਰ ਵਜੋਂ ਆਪਣਾ ਕਰੀਅਰ ਸ਼ੁਰੂ ਕੀਤਾ ਸੀ ਅਤੇ ਹਾਲ ਹੀ ਵਿੱਚ ਪਿਕਸ ਵਿਖੇ ਸੈਟਲਮੈਂਟ ਅਤੇ ਏਕੀਕਰਨ ਸੇਵਾਵਾਂ ਲਈ ਸੀਨੀਅਰ ਮੈਨੇਜਰ ਵਜੋਂ ਕੰਮ ਕੀਤਾ ਹੈ। ਉਹ ਕਮਿਊਨਿਟੀ ਦੁਆਰਾ ਸੰਚਾਲਿਤ ਇੰਟਰ ਕਲਚਰਲ ਔਨਲਾਈਨ ਹੈਲਥ ਨੈਟਵਰਕ ਦੇ ਨਾਲ ਇੱਕ ਵਲੰਟੀਅਰ ਵਜੋਂ ਕਾਰਜਸ਼ੀਲ ਹਨ। ਇਹ ਸੰਸਥਾ ਬ੍ਰਿਟਿਸ਼ ਕੋਲੰਬੀਆ ਵਿੱਚ ਬਹੁ-ਸੱਭਿਆਚਾਰਕ ਭਾਈਚਾਰਿਆਂ ਲਈ ਪੁਰਾਣੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਪ੍ਰਬੰਧਨ ਨੂੰ ਉਤਸ਼ਾਹਿਤ ਕਰਦੀ ਹੈ। ਡਾ. ਕੰਗ ਸਾਊਥ ਏਸ਼ੀਅਨ ਰੇਡੀਓ 'ਤੇ ਇਕ ਟਾਕ ਸ਼ੋਅ ਕਰਨ ਕਰ ਕੇ ਕਮਿਊਨਿਟੀ ਨਾਲ ਜੁੜੇ ਹੋਏ ਹਨ। ਉਹ ਬ੍ਰਿਟਿਸ਼ ਕੋਲੰਬੀਆ ਵਿਚ ਕੈਨੇਡਾ ਉਰਦੂ ਐਸੋਸੀਏਸ਼ਨ ਦੇ ਬੋਰਡ ਆਫ਼ ਡਾਇਰੈਕਟਰਜ਼ 'ਤੇ, ਉਰਦੂ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਸੇਵਾਵਾਂ ਨਿਭਾਅ ਰਹੇ ਹਨ।

ਯੁਵਾ ਪ੍ਰੋਗਰਾਮ ਅਤੇ ਕਮਿਊਨਿਟੀ ਸਰਵਿਸਿਜ਼ ਦੀ ਡਾਇਰੈਕਟਰ ਨਿਯੁਕਤ ਕੀਤੀ ਗਈ ਕਨਿਕਾ ਮਹਿਰਾ ਨੂੰ ਗ਼ੈਰ-ਲਾਭਕਾਰੀ ਖੇਤਰ ਵਿੱਚ ਸੱਤ ਸਾਲਾਂ ਤੋਂ ਵੱਧ ਦਾ ਤਜਰਬਾ ਹੈ। ਉਸ ਨੂੰ ਪ੍ਰੋਗਰਾਮ ਵਿਕਾਸ, ਪ੍ਰੋਜੈਕਟ ਪ੍ਰਬੰਧਨ, ਅਤੇ ਰਣਨੀਤਕ ਯੋਜਨਾਬੰਦੀ ਵਿੱਚ ਮੁਹਾਰਤ ਹਾਸਲ ਹੈ। ਵਿਭਿੰਨ ਸੱਭਿਆਚਾਰਕ ਪਿਛੋਕੜ ਵਾਲੇ ਗਾਹਕਾਂ ਦਾ ਸਮਰਥਨ ਕਰਨ ਲਈ ਉਸ ਦੀ ਵਚਨਬੱਧਤਾ ਉਸ ਨੂੰ ਰੁਜ਼ਗਾਰ ਦੇ ਮੌਕਿਆਂ ਅਤੇ ਜੀਵਨ ਹੁਨਰ ਸਿਖਲਾਈ, ਕੈਨੇਡੀਅਨ ਸਮਾਜ ਵਿੱਚ ਸਫਲ ਏਕੀਕਰਣ ਨੂੰ ਉਤਸ਼ਾਹਿਤ ਕਰਨ ਦੇ ਯੋਗ ਬਣਾਉਂਦੀ ਹੈ।



ਕਨਿਕਾ ਕੋਲ PMP, PMI-RMP, PMI-PBA, ਅਤੇ PMI-ACP ਸਮੇਤ ਕਈ ਪੇਸ਼ੇਵਰ ਅਹੁਦੇ ਹਨ, ਜੋ ਪ੍ਰੋਜੈਕਟ ਪ੍ਰਬੰਧਨ, ਜੋਖਮ ਵਿਸ਼ਲੇਸ਼ਣ, ਵਪਾਰਕ ਰਣਨੀਤੀ ਵਿਚ ਉਸ ਦੀ ਮਜ਼ਬੂਤ ਨੀਂਹ ਨੂੰ ਦਰਸਾਉਂਦੇ ਹਨ। 2018 ਵਿੱਚ ਪਿਕਸ ਵਿਚ ਸ਼ਾਮਲ ਹੋਣ ਤੋਂ ਬਾਅਦ, ਯੁਵਾ ਸਸ਼ਕਤੀਕਰਨ ਅਤੇ ਭਾਈਚਾਰਕ ਵਕਾਲਤ ਲਈ ਉਸ ਦੇ ਜਨੂੰਨ ਨੇ ਸੰਗਠਨ ਅਤੇ ਉਹਨਾਂ ਭਾਈਚਾਰਿਆਂ 'ਤੇ ਇੱਕ ਸਥਾਈ ਅਤੇ ਸਕਾਰਾਤਮਕ ਪ੍ਰਭਾਵ ਪਾਇਆ ਹੈ ਜੋ ਇਹ ਸੇਵਾ ਕਰਦੇ ਹਨ।

ਪਿਕਸ ਦੇ ਸੀਈਓ ਸਤਿਬੀਰ ਸਿੰਘ ਚੀਮਾ ਨੇ ਕਿਹਾ ਕਿ ਇਹ ਨਿਯੁਕਤੀਆਂ ਪਿਕਸ ਸੋਸਾਇਟੀ ਲਈ ਇਕ ਰੋਮਾਂਚਕ ਵਿਕਾਸ ਹਨ, ਜੋ ਕਮਿਊਨਿਟੀ ਸੇਵਾਵਾਂ ਨੂੰ ਵਧਾਉਣ, ਲੋੜਵੰਦ ਵਿਅਕਤੀਆਂ ਅਤੇ ਪਰਿਵਾਰਾਂ ਦੀ ਸਹਾਇਤਾ ਲਈ ਪਿਕਸ ਦੇ ਸਮਰਪਣ ਨੂੰ ਹੋਰ ਮਜ਼ਬੂਤ ਕਰਦੀਆਂ ਹਨ।

# ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ ਵੱਲੋਂ ਦੋ ਦਿਨਾਂ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ

## ਗੁਰੂ ਨਾਨਕ ਦੇ ਫਲਸਫ਼ੇ ਅਤੇ ਸਿੱਖੀ ਦੇ ਪਾਸਾਰ ਦਾ ਕਾਰਜ ਕਰੇਗੀ ਗੁਰੂ ਨਾਨਕ ਯੂਨੀਵਰਸਿਟੀ – ਗਿਆਨ ਸਿੰਘ ਸੰਧੂ










ਸਰੀ, (ਹਰਦਮ ਮਾਨ): 'ਗੁਰੂ ਨਾਨਕ ਇੰਸਟੀਟਿਊਟ ਆਫ ਗਲੋਬਲ ਸਟੱਡੀਜ਼' ਵੱਲੋਂ ਆਪਣੀ ਤੀਜੀ ਸਾਲਾਨਾ 'ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ-2024' ਧਾਲੀਵਾਲ ਬੈਂਕੁਇਟ ਹਾਲ ਸਰੀ ਵਿਖੇ ਕਰਵਾਈ ਗਈ। ਇਸ ਦੋ ਦਿਨਾਂ ਕਾਨਫਰੰਸ ਵਿੱਚ ਕੈਨੇਡਾ, ਇੰਗਲੈਂਡ, ਅਮਰੀਕਾ, ਪਾਕਿਸਤਾਨ ਤੋਂ ਪਹੁੰਚੇ ਵੱਖ ਵੱਖ ਯੂਨੀਵਰਸਿਟੀਆਂ ਦੇ ਨਾਮਵਰ ਵਿਦਵਾਨਾਂ ਅਤੇ ਵੱਖ ਵੱਖ ਖੇਤਰਾਂ ਦੇ ਮਾਹਿਰਾਂ ਨੇ ਆਪਣੇ ਖੋਜ ਭਰਪੂਰ ਪਰਚੇ ਅਤੇ ਵਿਚਾਰ ਪੇਸ਼ ਕੀਤੇ।

ਕਾਨਫਰੰਸ ਦੀ ਸ਼ੁਰੂਆਤ ਤੰਤੀ ਸਾਜ਼ਾਂ, ਅਰਦਾਸ ਅਤੇ ਆਦਿਵਾਸੀ ਲੋਕਾਂ ਦੀ ਬੰਦਨਾਂ ਨਾਲ ਕੀਤੀ ਗਈ। ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ (ਜੀ ਐਨ ਆਈ) ਦੀ ਡਾਇਰੈਕਟਰ ਅਤੇ ਕਾਨਫਰੰਸ ਦੀ ਚੇਅਰ ਡਾ. ਕਮਲਜੀਤ ਕੌਰ ਸਿੱਧੂ ਨੇ ਸਭ ਨੂੰ ਜੀ ਆਇਆਂ ਕਿਹਾ। ਉਪਰੰਤ ਕਾਨਫਰੰਸ ਦੇ ਕੋ-ਚੇਅਰ ਅਤੇ ਯੂਨੀਵਰਸਿਟੀ ਆਫ਼ ਸਸਕੈਚਵਨ ਦੇ ਡਾ: ਬਲਜੀਤ ਸਿੰਘ ਨੇ ਇਸ ਕਾਨਫਰੰਸ ਦੇ ਉਦੇਸ਼ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਜੀ.ਐਨ.ਆਈ. ਦੇ ਪ੍ਰਧਾਨ ਅਤੇ ਸੀ.ਈ.ਓ. ਗਿਆਨ ਸਿੰਘ ਸੰਧੂ ਨੇ ਸੰਸਥਾ ਵੱਲੋਂ ਤਿੰਨ ਸਾਲਾਂ ਦੇ ਅਰਸੇ ਦੌਰਾਨ ਪੁੱਟੀਆਂ ਵੱਡੀਆਂ ਪੁਲਾਘਾਂ ਦੀ ਗੱਲ ਕੀਤੀ ਅਤੇ ਦੱਸਿਆ ਕਿ ਅੰਤਰਰਾਸ਼ਟਰੀ ਪੱਧਰ ਦੇ 200 ਸਕਾਲਰ ਇਸ ਸੰਸਥਾ ਨਾਲ ਜੁੜੇ ਹੋਏ ਹਨ ਅਤੇ 21 ਸਕਾਲਰ ਇਸ ਸੰਸਥਾ ਦੇ 600 ਵਿਦਿਆਰਥੀਆਂ ਨੂੰ ਵਿਦਿਅਕ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਗੁਰੂ ਨਾਨਕ ਯੂਨੀਵਰਸਿਟੀ ਦੀ ਸਥਾਪਨਾ ਦੇ ਸੰਕਲਪ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇ ਫਲਸਫ਼ੇ ਅਤੇ ਸਿੱਖੀ ਦੀ ਸਹਿ-ਹੋਂਦ ਨੂੰ ਪ੍ਰਫੁੱਲਤ ਕਰਨ ਵਾਲੀ ਇਹ ਵਿਸ਼ਵ ਦੀ ਪ੍ਰਮੁੱਖ ਯੂਨੀਵਰਸਿਟੀ ਹੋਵੇਗੀ।

ਮੈਂਬਰ ਪਾਲੀਮੈਂਟ ਸੁਖ ਧਾਲੀਵਾਲ ਨੇ ਸੰਸਥਾ ਦੇ ਵੱਡਮੁੱਲੇ ਵਿਦਿਅਕ ਕਾਰਜ ਲਈ ਗਿਆਨ ਸਿੰਘ ਸੰਧੂ ਅਤੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ ਅਤੇ ਕਾਨਫਰੰਸ ਲਈ ਕੈਨੇਡਾ ਦੇ ਪ੍ਰਧਾਨ ਮੰਤਰ ਜਸਟਿਨ ਟਰੂਡੋ ਵੱਲੋਂ ਭੇਜੀਆਂ ਸ਼ੁੱਭ ਕਾਮਨਾਵਾਂ ਪੜ੍ਹੀਆਂ। ਬੀ.ਸੀ. ਦੇ ਸਿੱਖਿਆ ਮੰਤਰੀ ਰਚਨਾ ਸਿੰਘ ਨੇ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਬੀ.ਸੀ. ਦੇ ਪ੍ਰੀਮਅਰ ਡੇਵਿਡ ਇਬੀ ਵੱਲੋਂ ਭੇਜਿਆ ਸ਼ੁੱਭ ਸੰਦੇਸ਼ ਪੜ੍ਹ ਕੇ ਸੁਣਾਇਆ।

ਡਾ. ਅਲਿਸਟੇਅਰ ਸਮਰਲੀ (ਸਾਬਕਾ ਪ੍ਰਧਾਨ ਅਤੇ ਵਾਈਸ ਚਾਂਸਲਰ ਯੂਨੀਵਰਸਿਟੀ ਆਫ ਗੈਲਫ ਅਤੇ ਕਾਰਲਟਨ ਯੂਨੀਵਰਸਿਟੀ ਕੈਨੇਡਾ ਦੇ ਵਰਤਮਾਨ ਸਹਾਇਕ ਪ੍ਰੋਫੈਸਰ) ਨੇ ਆਪਣੇ ਮੁੱਖ ਭਾਸ਼ਣ ਵਿਚ ਸਕ੍ਰੈਚ ਤੋਂ ਇਕ ਸ਼ਾਨਦਾਰ ਯੂਨੀਵਰਸਿਟੀ ਬਣਾਉਣ ਦੇ ਵੱਖ ਵੱਖ ਕਾਰਜਾਂ, ਪੜਾਵਾਂ, ਚੁਣੌਤੀਆਂ ਬਾਰੇ ਖੁੱਲ੍ਹ ਕੇ ਵਿਚਾਰ ਪੇਸ਼ ਕੀਤੇ। ਵਾਸ਼ਿੰਗਟਨ ਸਟੇਟ ਯੂਨੀਵਰਸਿਟੀ, ਅਮਰੀਕਾ ਦੇ ਡਾ. ਕੁਲਵਿੰਦਰ ਸਿੰਘ ਗਿੱਲ ਨੇ ਵਿਸ਼ਵ ਵਿਚ ਕਣਕ ਉਤਪਾਦਨ ਲਈ ਸਿੱਖ ਵਿਗਿਆਨੀਆਂ ਵੱਲੋਂ ਪਾਏ ਅਹਿਮ ਯੋਗਦਾਨ ਨੂੰ ਆਪਣੇ ਖੋਜ ਪੱਤਰ ਰਾਹੀਂ ਪੇਸ਼ ਕੀਤਾ। ਯੂਨੀਵਰਸਿਟੀ ਆਫ ਪ੍ਰਿੰਸ ਐਡਵਰਡ ਆਈਲੈਂਡ, ਕੈਨੇਡਾ ਦੇ ਡਾ. ਕੁਲਜੀਤ ਸਿੰਘ ਗਰੇਵਾਲ ਨੇ ਵਾਤਾਵਰਣ ਨਿਰਮਾਣ ਵਿਚ ਸਥਿਰ ਊਰਜਾ ਲਈ ਨਵੀਆਂ ਪਲਾਨਿੰਗ, ਨਵੇਂ ਸਰੋਤ ਅਤੇ ਨਵੀਆਂ ਤਕਨੀਕਾਂ ਅਪਨਾਉਣ ਦੇ ਭਵਿੱਖੀ ਪ੍ਰੋਗਰਾਮ ਨੂੰ ਆਪਣੀਆਂ ਸਲਾਈਡਾਂ ਰਾਹੀਂ ਬਾਖੂਬੀ ਦਰਸਾਇਆ।

ਮੈਕਗਿਲ ਯੂਨੀਵਰਸਿਟੀ ਕੈਨੇਡਾ ਦੇ ਡਾ. ਜਸਵਿੰਦਰ ਸਿੰਘ ਨੇ ਸਿੱਖ ਵਿਗਿਆਨੀਆਂ ਵੱਲੋਂ ਖੁਰਾਕ ਅਤੇ ਪੌਸ਼ਟਿਕ ਸੁਰੱਖਿਆ ਬਾਰੇ ਕੀਤੇ ਕਾਰਜਾਂ, ਖੋਜਾਂ ਦੀ ਵੱਡਮੁੱਲੀ ਜਾਣਕਾਰੀ ਸਾਂਝੀ ਕੀਤੀ। ਪਹਿਲੇ ਵਿਚਾਰ ਚਰਚਾ ਪੈਨਲ ਰਾਹੀਂ ਚਰਨਪ੍ਰੀਤ ਕੌਰ (ਪ੍ਰਧਾਨ ਅਤੇ ਸੀ.ਈ.ਓ., ਸੰਧੂ ਫਰੂਟ ਫਾਰਮ ਐਂਡ ਮੰਗਲ ਕੈਪੀਟਲ, ਕੈਨੇਡਾ), ਮਨਿੰਦਰ ਸਿੰਘ ਸੰਧੂ (ਚੀਫ ਆਪ੍ਰੇਟਿਵ ਅਫਸਰ, ਕਰਾਊਨ ਨਟ ਕੰਪਨੀ, ਯੂ.ਐਸ.ਏ.), ਕੁਲਜੀਤ ਸਿੰਘ ਗਰੇਵਾਲ (ਯੂਨੀਵਰਸਿਟੀ ਆਫ ਪ੍ਰਿੰਸ ਐਡਵਰਡ ਆਈਲੈਂਡ, ਕੈਨੇਡਾ) ਅਤੇ ਡਾ. ਜਸਵਿੰਦਰ ਸਿੰਘ (ਮੈਕਗਿਲ ਯੂਨੀਵਰਸਿਟੀ ਕੈਨੇਡਾ) ਨੇ ਵਿਸ਼ਵ ਸਮਤੋਲ ਸਿੱਖਿਆ ਵਿਚ ਸਿੱਖ ਸੰਸਥਾਵਾਂ ਵੱਲੋਂ ਨਿਭਾਈ ਅਹਿਮ ਭੂਮਿਕਾ ਨੂੰ ਉਜਾਗਰ ਕੀਤਾ। ਦੂਜੀ ਵਿਚਾਰ

☛ ਬਾਕੀ ਸਫ਼ਾ 31 'ਤੇ











# ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਮੋਗਾ ਦੀ ਜ਼ਿਲਾ ਪੱਧਰੀ ਟੀਮ ਦਾ ਗਠਨ

**ਗੋਪੀ ਰਾਊਕੇ ਪ੍ਰਧਾਨ, ਸੁਰਿੰਦਰ ਮਾਨ ਚੇਅਰਮੈਨ ਅਤੇ ਜਗਸੀਰ ਸ਼ਰਮਾ ਸਰਪ੍ਰਸਤ ਬਣੇ**



ਮੋਗਾ (ਵੀਰਪਾਲ ਭਗਤਾ): ਦੇਸ਼ ਭਰ ਵਿਚ ਪੱਤਰਕਾਰਤਾ ਖ਼ੇਤਰ ਨਾਲ ਜੁੜੇ ਕਰਮੀਆਂ ਨੂੰ ਪੇਸ਼ ਆ ਰਹੀਆਂ ਗੰਭੀਰ ਚਣੌਤੀਆਂ ਦੇ ਹੱਲ ਲਈ ਪਿਛਲੇ ਲੰਮੇਂ ਸਮੇਂ ਤੋਂ ਸਰਗਰਮੀ ਨਾਲ ਕੰਮ ਕਰਦੀ ਆਂ ਰਹੀ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਮੋਗਾ ਦੀ ਜ਼ਿਲਾ ਪੱਧਰੀ ਟੀਮ ਦਾ ਗਠਨ ਕੀਤਾ ਗਿਆ। ਮੋਗਾ ਵਿਖੇ ਜ਼ਿਲੇ ਭਰ ਤੋਂ ਵੱਖ ਵੱਖ ਮੀਡੀਆਂ ਅਦਾਰਿਆਂ ਲਈ ਕੰਮ ਕਰਦੇ ਵੱਡੀ ਗਿਣਤੀ ਵਿਚ ਪੱਤਰਕਾਰਾ ਨੇ ਭਾਗ ਲਿਆ। ਇਸ ਮੌਕੇ ਬਲਵਿੰਦਰ ਜੰਮੂ ਸਕੱਤਰ ਜਨਰਲ ਇੰਡੀਅਨ ਜਰਨਲਿਸਟ ਯੂਨੀਅਨ ਅਤੇ ਬਲਵੀਰ ਸਿੰਘ ਜੰਡੂ ਪ੍ਰਧਾਨ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ, ਚੋਣ ਅਬਜ਼ਰਵਰ ਵੀਰਪਾਲ ਭਗਤਾ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਧਾਨ ਬਲਬੀਰ ਸਿੰਘ ਜੰਡੂ ਨੇ ਅਜੋਕੇ ਦੌਰ ਦੇ ਡਿਜੀਟਲ ਜਮਾਨੇ ਵਿਚ ਫੀਲਡ ਵਿਚ ਕੰਮ ਕਰਦੇ ਪੱਤਰਕਾਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਜਾਣੂੰ ਕਰਵਾਉਦੇ ਹੋਏ ਦੱਸਿਆ ਕਿ ਹੁਣ ਏਕੇ ਦੀ ਲੋੜ ਹੋਰ ਵੀ ਵੱਧ ਗਈ ਹੈ। ਉਨ੍ਹਾਂ ਪਿਛਲੇ ਸਮੇਂ ਦੌਰਾਨ ਯੂਨੀਅਨ ਵਲੋਂ ਹੱਲ ਕੀਤੇ ਮਸਲਿਆਂ ਸਬੰਧੀ ਵੀ ਦੱਸਿਆ। ਸ੍ਰੀ ਬਲਵਿੰਦਰ ਜੰਮੂ ਨੇ ਕਿਹਾ ਕਿ ਪੱਤਰਕਾਰਾਂ ਲਈ ਬੱਸ ਅਤੇ ਰੇਲਵੇ ਪਾਸ ਸਮੇਤ ਕੌਮੀ ਸਾਹ ਮਾਰਗਾਂ ਤੇ ਮੁਫ਼ਤ ਟੋਲ ਪਲਾਜ਼ਾ ਤੇ ਪੱਤਰਕਾਰਾਂ ਨੂੰ ਪੈਨਸ਼ਨ ਸਕੀਮ ਦਿਵਾਉਣ ਲਈ ਯੂਨੀਅਨ ਵਲੋਂ ਚੁੱਕੇ ਜਾ ਰਹੇ ਕਦਮਾਂ ਸਬੰਧੀ ਦੱਸਦਿਆਂ ਕਿਹਾ ਕਿ ਯੂਨੀਅਨ ਸਾਰੇ ਮਸਲੇ ਹੱਲ ਕਰਵਾ ਕੇ ਦਮ ਲਵੇਗੀ। ਇਸ ਮੌਕੇ ਪੱਤਰਕਾਰਾਂ ਦੇ ਸਲਾਹ ਮਸ਼ਵਰੇ ਨਾਲ ਐਸੋਸੀਏਸ਼ਨ ਵਲੋਂ ਜਗਸੀਰ ਸ਼ਰਮਾ ਨੂੰ ਸਰਪ੍ਰਸਤ, ਸੁਰਿੰਦਰ ਸਿੰਘ ਮਾਨ ਚੇਅਰਮੈਨ, ਗੋਪੀ ਰਾਊਕੇ ਜ਼ਿਲਾ ਪ੍ਰਧਾਨ, ਸੁਖਦੇਵ ਸਿੰਘ ਖਾਲਸਾ ਸੀਨੀਅਰ ਮੀਤ ਪ੍ਰਧਾਨ, ਮਨਪ੍ਰੀਤ ਸਿੰਘ ਮੱਲੇਆਣਾ ਜਨਰਲ ਸਕੱਤਰ, ਰਣਜੀਤ ਬਾਵਾ ਮੀਤ ਪ੍ਰਧਾਨ, ਗੁਰਪ੍ਰੀਤ ਦੌਧਰ ਮੀਤ ਪ੍ਰਧਾਨ, ਅਮਜ਼ਦ ਖਾਨ ਮੀਤ ਪ੍ਰਧਾਨ, ਮਨੋਜ ਭੱਲਾ ਕੈਸ਼ੀਅਰ, ਇਕਬਾਲ ਸਿੰਘ ਖਹਿਰਾ ਸਕੱਤਰ, ਬਿੱਟੂ ਗਰੋਵਰ ਸਕੱਤਰ, ਤਰਸੇਮ ਸਖਚਦੇਵਾ ਸਕੱਤਰ, ਕ੍ਰਿਸਨ ਸਿੰਗਲਾ ਪ੍ਰੈਸ ਸਕੱਤਰ ਨਿਯੁਕਤ ਕੀਤੇ ਗਏ। ਸੈਕਟਰੀ ਮਨਪ੍ਰੀਤ ਸਿੰਘ ਮੱਲੇਆਣਾ ਨੇ ਦੱਸਿਆ ਕਿ ਪਲਵਿੰਦਰ ਟਿਵਾਣਾ, ਸੰਦੀਪ ਸ਼ਰਮਾ, ਕਸ਼ਿਸ਼ ਸਿੰਗਲਾ,ਰਾਜਵਿੰਦਰ ਰੌਂਤਾ ਦਿਲਬਾਗ ਦਾਨਿਸ਼ ਜਗਵੀਰ ਅਜ਼ਾਦ, ਵਕੀਲ ਮਹਿਰੋ, ਲਵਲੀ ਮਾਛੀਕੇ, ਜਸਵਿੰਦਰ ਸਿੰਘ, ਮਿੰਟੂ ਖੁਰਮੀ, ਕੁਲਦੀਪ ਸਿੰਘ, ਮਨਦੀਪ ਝਾਂਜੀ, ਨਿਰਮਲਜੀਤ ਸਿੰਘ ਬੱਧਨੀ ਕਲਾਂ, ਗੁਰਜੰਟ ਸਿੰਘ ਕਲਸੀ, ਰਜਿੰਦਰ ਸਿੰਘ ਕੋਟਲਾ, ਪਵਨ ਗਰਗ, ਗੁਰਮੀਤ ਸਿੰਘ ਮਾਣੂੰਕੇ, ਨਵਦੀਪ ਸਿੰਘ, ਵਕੀਲ ਮਹਿਰੋਂ, ਬਲਵੰਤ ਸਿੰਘ, ਗੁਰਦੇਵ ਸਿੰਘ, ਬਖਸ਼ੀ ਕੋਟ ਈਸੇ ਖਾਂ, ਪ੍ਰਕਾਸ਼ ਗਰਗ, ਨਿਰਭੈ ਸਿੰਘ ਦਾਰਾ ਭਾਗੀਕੇ, ਜਗਜੀਤ ਸਿੰਘ ਖਾਈ, ਲਵਲੀ ਸੰਧੂ ਤੋਂ ਇਲਾਵਾ ਵੱਡੀ ਗਿਣਤੀ ਵਿਚ ਪੱਤਰਕਾਰ ਹਾਜ਼ਰ ਸਨ। ਸ੍ਰੀ ਮੱਲੇਆਣਾ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਯੂਨੀਅਨ ਦਾ ਹੋਰ ਵਿਸਥਾਰ ਕੀਤਾ ਜਾਵੇਗਾ।

# ਅਜਾਇਬ ਸਿੰਘ ਹਮੀਰਗੜ ਨੇ ਸਰਪੰਚੀ ਦੀ ਚੋਣ ਮੁਹਿੰਮ ਆਰੰਭੀ

**ਪਿੰਡ ਵਾਸ਼ੀਆ ਨੂੰ ਹਮਾਇਤ ਦੀ ਅਪੀਲ ਕੀਤੀ**



ਭਗਤਾ ਭਾਈਕਾ (ਵੀਰਪਾਲ ਭਗਤਾ): ਪੰਚਾਇਤੀ ਚੋਣਾਂ ਦਾ ਐਲਾਨ ਹੁੰਦੇ ਹੀ ਪਿੰਡਾਂ ਵਿਚ ਸਿਆਸੀ ਮਾਹੌਲ ਗਰਮ ਹੋ ਗਿਆ ਹੈ ਅਤੇ ਸਰਪੰਚ ਪਦ ਦੀ ਚੋਣ ਜਿੱਤਣ ਲਈ ਪਿੰਡਾਂ ਦੇ ਆਗੂ ਸਰਗਰਮ ਹੋ ਗਏ ਹਨ। ਇਸੇ ਤਰ੍ਹਾਂ ਬਲਾਕ ਭਗਤਾ ਭਾਈਕਾ ਅਧੀਨ ਪੈਂਦੇ ਪਿੰਡ ਹਮੀਰਗੜ ਦੀ ਸਰਪੰਚ ਪਦ ਦੀ ਚੋਣ ਜਿੱਤਣ ਲਈ ਬੁਲਾਰੇ ਅਤੇ ਸਿਆਸੀ ਆਗੂ ਅਜਾਇਬ ਸਿੰਘ ਹਮੀਰਗੜ ਨੇ ਵੀ ਆਪਣੀ ਚੋਣ ਮੁਹਿੰਮ ਆਰੰਭ ਦਿੱਤੀ ਹੈ। ਅਜਾਇਬ ਸਿੰਘ ਹਮੀਰਗੜ ਨੇ ਇਸ ਚੋਣ ਵਿਚ ਹਮਾਇਤ ਲੈਣ ਲਈ ਸਮੂਹ ਪਿੰਡ ਵਾਸੀਆਂ ਦਾ ਆਪਣੇ ਘਰ ਵੱਡਾ ਇਕੱਠ ਕਰਕੇ ਪਿੰਡ ਦੇ ਸਰਬਪੱਖੀ ਵਿਕਾਸ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਅਜਾਇਬ ਹਮੀਰਗੜ ਨੇ ਆਪਣੇ ਘਰ ਪਹੁੰਚੀ ਸੰਗਤਾਂ ਦਾ ਧੰਨਵਾਦ ਕਰਦੇ ਕਿਹਾ ਕਿ ਉਹ ਪਿੰਡ ਦੇ ਵਿਕਾਸ ਅਤੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਕਰਨਗੇ। ਉਨ੍ਹਾਂ ਪਿੰਡ ਵਾਸੀਆਂ ਨੂੰ ਹਮਾਇਤ ਦੀ ਅਪੀਲ ਵੀ ਕੀਤੀ। ਇਸੇ ਦੌਰਾਨ ਕਿਸਾਨ ਆਗੂ ਰਾਜਾ ਸਿੰਘ ਸਿੱਧੂ ਨੇ ਅਜਾਇਬ ਸਿੰਘ ਹਮੀਰਗੜ ਦੀ ਸਲਾਘਾ ਕਰਦੇ ਕਿਹਾ ਕਿ ਉਹ ਇਕ ਬੇਦਾਗ਼ ਅਤੇ ਸੂਝਵਾਨ ਇਨਸਾਨ ਹਨ।ਉਨ੍ਹਾਂ ਕਿ ਕਿਹਾ ਕਿ ਅਜਾਇਬ ਸਿੰਘ ਆਪਣੀ ਸੂਝ-ਬੂਝ ਸਦਕਾ ਪਿੰਡ ਦੇ ਸਾਝੇ ਕੰਮ ਵੀ ਪਹਿਲ ਦੇ ਅਧਾਰ ਤੇ ਕਰਵਾ ਸਕਦੇ ਹਨ ਅਤੇ ਉਨ੍ਹਾਂ ਨੂੰ ਲੰਮਾ ਸਿਆਸੀ ਤਜਰਬਾ ਹੈ। ਇਸ ਚੋਣ ਮੁਹਿੰਮ ਦੇ ਸ਼ੁਰੂਆਤੀ ਸਮਾਗਮ ਤੋਂ ਬਾਅਦ ਇਕੱਤਰ ਸੰਗਤ ਨੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਅਜਾਇਬ ਸਿੰਘ ਦੀ ਜਿੱਤ ਅਤੇ ਸਰਬੱਤ ਦੇ ਭਲੇ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ।

# ਜੇਕਰ ਜਲਾਲ 'ਚ ਸਰਬਸੰਮਤੀ ਨਾਲ ਸਰਪੰਚ ਚੁਣਿਆ ਤਾ 10 ਲੱਖ ਦਿੱਤਾ ਜਾਵੇਗਾ : ਚਹਿਲ



ਭਗਤਾ ਭਾਈਕਾ (ਵੀਰਪਾਲ ਭਗਤਾ): ਪੰਜਾਬ ਪ੍ਰਦੇਸ਼ ਕਾਂਗਰਸ ਦੇ ਬੁਲਾਰੇ ਜਸ਼ਨਦੀਪ ਸਿੰਘ ਚਹਿਲ ਨੇ ਐਲਾਨ ਕੀਤਾ ਕਿ ਜੇਕਰ ਹਲਕਾ ਰਾਮਪੁਰਾ ਫੂਲ ਦੇ ਪਿੰਡ ਜਲਾਲ ਵਿਚ ਸਰਬ-ਸੰਮਤੀ ਨਾਲ ਸਰਪੰਚ ਚੁਣਿਆ ਜਾਵੇਗਾ ਤਾ ਉਹ ਆਪਣੇ ਵੱਲੋਂ ਪਿੰਡ ਦੇ ਵਿਕਾਸ ਕਾਰਜਾਂ ਲਈ 10 ਲੱਖ ਰੁਪਏ ਦੇਣਗੇ। ਜਿਕਰਯੋਗ ਹੈ ਕਿ ਜਸ਼ਨਦੀਪ ਸਿੰਘ ਚਹਿਲ ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਦੀ ਰਾਜਨੀਤੀ ਵਿਚ ਕਾਫੀ ਸਮੇਂ ਆਪਣੇ ਸਿਆਸੀ ਪੈਰ ਜਮਾਉਣ ਲਈ ਯਤਨ ਕਰ ਰਹੇ ਹਨ ਅਤੇ ਉਹ ਹਲਕੇ ਵਿਚ ਕਾਂਗਰਸੀ ਆਗੂ ਵਜੋਂ ਸਰਗਰਮ ਹਨ। ਪਿੰਡ ਜਲਾਲ ਉਨ੍ਹਾਂ ਦਾ ਨਾਨਕਾ ਪਿੰਡ ਹੈ, ਉਹ ਆਪਣੇ ਨਾਨਕੇ ਪਿੰਡ ਜਲਾਲ ਵਿਖੇ ਰਹਿ ਕੇ ਰਾਜਨੀਤਕ ਤੌਰ ਤੇ ਲੋਕਾਂ ਵਿਚ ਵਿਚਰ ਰਹੇ ਹਨ। ਜਸਨ ਚਹਿਲ ਨੇ ਆਪਣੇ ਨਾਨਕੇ ਪਿੰਡ ਜਲਾਲ ਵਿਖੇ ਸਰਬ-ਸੰਮਤੀ ਨਾਲ ਸਰਪੰਚੀ ਦੀ ਚੋਣ ਹੋਣ ਤੇ 10 ਲੱਖ ਰੁਪਏ ਵਿਕਾਸ ਕਾਰਜਾਂ ਲਈ ਦੇਣ ਦਾ ਐਲਾਨ ਕਰਕੇ ਪਿੰਡ ਜਲਾਲ ਵਿਚ ਨਵੀਂ ਸਿਆਸੀ ਚਰਚਾ ਛੇੜ ਦਿੱਤੀ ਹੈ। ਜਸਨ ਚਹਿਲ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਕਿਹਾ ਕਿ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਵਿਚ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਪਾਰਟੀ ਪੱਧਰ ਤੋਂ ਉੱਠ ਕੇ ਚੰਗੇ ਅਕਸ ਵਾਲੇ ਵਿਆਕਤੀਆਂ ਨੂੰ ਸਰਪੰਚ ਬਣਾਉਣ। ਜਸ਼ਨ ਚਹਿਲ ਵੱਲੋ ਕੀਤੇ ਗਏ ਐਲਾਨ ਦੀ ਕਾਂਗਰਸੀ ਆਗੂਆਂ ਵੱਲੋਂ ਸਲਾਘਾ ਕੀਤੀ ਜਾਂ ਰਹੀ ਹੈ

# ਜੱਜਾਂ ਦੀ ਕਮੀ ਕਾਰਣ ਨਿਆਂ ਸੰਕਟ ਨਾਲ ਜੂਝ ਰਿਹਾ ਪੰਜਾਬ ਤੇ ਹਰਿਆਣਾ ਹਾਈ ਕੋਰਟ




ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਡੇ ਸੰਕਟ ਨਾਲ ਜੂਝ ਰਿਹਾ ਹੈ। ਇਸੇ ਹਫ਼ਤੇ ਇੱਕ ਜੱਜ ਦੀ ਸੇਵਾਮੁਕਤੀ ਹੋਈ ਹੈ ਤੇ ਪਿਛਲੇ ਸਾਲ ਨਵੰਬਰ ਮਹੀਨੇ ਤੋਂ ਬਾਅਦ ਕੋਈ ਨਵੀਂ ਨਿਯੁਕਤੀ ਨਹੀਂ ਹੋਈ। ਅਦਾਲਤ ਪਹਿਲਾਂ ਹੀ 31 ਜੱਜਾਂ ਦੀ ਕਮੀ ਨਾਲ ਜੂਝ ਰਹੀ ਹੈ। ਇਹ ਸਿਰਫ 54 ਜੱਜਾਂ ਨਾਲ ਕੰਮ ਕਰ ਰਿਹਾ ਹੈ ਜਦੋਂ ਕਿ ਪ੍ਰਵਾਨਿਤ ਗਿਣਤੀ 85 ਜੱਜਾਂ ਦੀ ਹੈ।

ਜੱਜਾਂ ਦੀ ਇਸ ਘਾਟ ਕਾਰਨ 4,33,253 ਕੇਸਾਂ ਦਾ ਬੈਕਲਾਗ ਹੋ ਗਿਆ ਹੈ, ਜਿਸ ਵਿੱਚ ਜੀਵਨ ਅਤੇ ਆਜ਼ਾਦੀ ਨਾਲ ਸਬੰਧਤ 1,61,362 ਅਪਰਾਧਿਕ ਮਾਮਲੇ ਸ਼ਾਮਲ ਹਨ। ਸਾਰੀਆਂ ਸ਼੍ਰੇਣੀਆਂ ਦੇ 1,12,754 (26 ਪ੍ਰਤੀਸ਼ਤ) ਕੇਸ 10 ਸਾਲਾਂ ਤੋਂ ਪੈਂਡਿੰਗ ਹਨ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ 85 ਜੱਜਾਂ ਦੀ ਪ੍ਰਵਾਨਿਤ ਗਿਣਤੀ ਦੇ ਮੁਕਾਬਲੇ ਸਿਰਫ 54 ਜੱਜਾਂ ਨਾਲ ਕੰਮ ਕਰ ਰਿਹਾ ਹੈ ,ਕਿਉਂਕਿ ਪਿਛਲੇ ਸਾਲ ਨਵੰਬਰ ਤੋਂ ਕੋਈ ਨਵੀਂ ਨਿਯੁਕਤੀ ਨਹੀਂ ਕੀਤੀ ਗਈ ਹੈ। ਜਸਟਿਸ ਰਿਤੂ ਟੈਗੋਰ 28 ਸਤੰਬਰ ਨੂੰ ਸੇਵਾਮੁਕਤੀ ਦੀ ਉਮਰ ਪੂਰੀ ਹੋਣ ’ਤੇ ਸੇਵਾਮੁਕਤ ਹੋ ਗਏ ਹਨ, ਜਦੋਂ ਕਿ ਇਸ ਸਾਲ ਦੋ ਹੋਰ ਜੱਜਾਂ ਸਮੇਤ ਪੰਜ ਹੋਰ ਜੱਜ 2025 ਤੱਕ ਸੇਵਾਮੁਕਤ ਹੋਣ ਵਾਲੇ ਹਨ।

ਜ਼ਿਲ੍ਹਾ ਅਤੇ ਸੈਸ਼ਨ ਜੱਜਾਂ ਦੀ ਸ਼੍ਰੇਣੀ ਵਿੱਚੋਂ 15 ਜੱਜ ਤਰੱਕੀ ਲਈ ਯੋਗ ਹਨ, ਪਰ ਕਰੀਬ ਅੱਠ ਮਹੀਨਿਆਂ ਤੋਂ ਰੈਗੂਲਰ ਚੀਫ਼ ਜਸਟਿਸ ਦੀ ਅਣਹੋਂਦ ਕਾਰਨ ਉਨ੍ਹਾਂ ਦੀਆਂ ਨਿਯੁਕਤੀਆਂ ਰੁਕੀਆਂ ਹੋਈਆਂ ਹਨ। ਇਹ ਅਹੁਦਾ ਪਿਛਲੇ ਸਾਲ ਅਕਤੂਬਰ ਵਿੱਚ ਜਸਟਿਸ ਰਵੀ ਸ਼ੰਕਰ ਝਾਅ ਦੇ ਸੇਵਾਮੁਕਤ ਹੋਣ ਤੋਂ ਬਾਅਦ ਖਾਲੀ ਪਿਆ ਸੀ।

ਕੇਂਦਰ ਦੀ ਤਰਫੋਂ ਦੇਰੀ ਤੋਂ ਬਾਅਦ ਲੰਬੇ ਸਮੇਂ ਤੋਂ ਖ਼ਾਲੀ ਅਹੁਦੇ ’ਤੇ ਅੰਤ ਵਿੱਚ ਜਸਟਿਸ ਸ਼ੀਲ ਨਾਗੂ ਨੇ ਜੁਲਾਈ ਵਿੱਚ ਚੀਫ਼ ਜਸਟਿਸ ਵਜੋਂ ਸਹੁੰ ਚੁੱਕੀ। ਪਰ ਚੀਜ਼ਾਂ ਅੱਗੇ ਨਹੀਂ ਵਧ ਸਕੀਆਂ, ਜ਼ਾਹਰ ਤੌਰ ’ਤੇ ਹਾਈ ਕੋਰਟ ਦੇ ਸਭ ਤੋਂ ਸੀਨੀਅਰ ਜੱਜ, ਜਸਟਿਸ ਜੀਐਸ ਸੰਧਾਵਾਲੀਆ ਨੂੰ ਪਹਿਲਾਂ ਮੱਧ ਪ੍ਰਦੇਸ਼ ਹਾਈ ਕੋਰਟ ਅਤੇ ਫਿਰ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਚੀਫ਼ ਜਸਟਿਸ ਵਜੋਂ ਉੱਚਾ ਚੁੱਕਣ ਦੀ ਬਾਅਦ ਵਿੱਚ ਸੁਪਰੀਮ ਕੋਰਟ ਦੁਆਰਾ ਸਿਫਾਰਸ਼ ਕੀਤੀ ਗਈ ਸੀ। ਪਰ ਕੇਂਦਰ ਵੱਲੋਂ ਇਸ ਬਾਰੇ ਅਜੇ ਸੂਚਿਤ ਨਹੀਂ ਕੀਤਾ ਗਿਆ ਹੈ।

ਵਕੀਲਾਂ ਨੂੰ ਜੱਜਾਂ ਵਜੋਂ ਤਰੱਕੀ ਦੇਣ ਦੀ ਅੰਤਮ ਸਿਫ਼ਾਰਸ਼ ਹਾਈ ਕੋਰਟ ਕੌਲਿਜੀਅਮ ਦੁਆਰਾ ਇੱਕ ਸਾਲ ਤੋਂ ਵੱਧ ਸਮਾਂ ਪਹਿਲਾਂ ਕੀਤੀ ਗਈ ਸੀ, ਜਿਸ ਨੇ ਵਿਚਾਰ ਲਈ ਨਾਮ ਸੁਪਰੀਮ ਕੋਰਟ ਕਾਲਜੀਅਮ ਨੂੰ ਭੇਜੇ ਸਨ। ਇਸ ਦੀ ਬਜਾਏ ਪੰਜ ਦੀ ਤਰੱਕੀ ਦੀ ਸਿਫਾਰਿਸ਼ ਕੀਤੀ। ਪਰ ਕੇਂਦਰ ਨੇ ਤਿੰਨ ਦੀਆਂ ਨਿਯੁਕਤੀਆਂ ਨੂੰ ਨੋਟੀਫਾਈ ਕਰ ਦਿੱਤਾ। ਇਸ ਨੇ ਐਡਵੋਕੇਟ ਹਰਮੀਤ ਸਿੰਘ ਗਰੇਵਾਲ ਅਤੇ ਦੀਪਇੰਦਰ ਸਿੰਘ ਨਲਵਾ ਦੇ ਨਾਵਾਂ ਵਿਰੁੱਧ ਕਾਰਵਾਈ ਨਹੀਂ ਕੀਤੀ। ਸੁਪਰੀਮ ਕੋਰਟ ਕਾਲੇਜੀਅਮ ਨੇ 17 ਅਕਤੂਬਰ, 2023 ਨੂੰ ਉਸ ਦੀ ਤਰੱਕੀ ਬਾਰੇ ਆਪਣੀ ਸਿਫ਼ਾਰਸ਼ ਦੁਹਰਾਈ, ਪਰ ਉਸ ਦੀਆਂ ਨਿਯੁਕਤੀਆਂ ਲੰਬਿਤ ਹਨ।

ਸੁਪਰੀਮ ਕੋਰਟ ਕਾਲੇਜੀਅਮ ਨੇ ਵੀ ਜਨਵਰੀ ਵਿੱਚ ਐਡਵੋਕੇਟ ਰੋਹਿਤ ਕਪੂਰ ਨੂੰ ਤਰੱਕੀ ਦੇਣ ਦੀ ਸਿਫਾਰਿਸ਼ ਕੀਤੀ ਸੀ। ਹਾਈ ਕੋਰਟ ਕਾਲੇਜੀਅਮ ਨੇ ਅਸਲ ਵਿੱਚ 21 ਅਪ੍ਰੈਲ, 2023 ਨੂੰ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਅਤੇ ਰਾਜਪਾਲਾਂ ਦੀ ਸਹਿਮਤੀ ਨਾਲ ਉਨ੍ਹਾਂ ਦੇ ਨਾਮ ਦਾ ਪ੍ਰਸਤਾਵ ਕੀਤਾ ਸੀ। ਇਸ ਦੇ ਬਾਵਜੂਦ ਅਜੇ ਤੱਕ ਨਿਯੁਕਤੀ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ।

ਇੰਨੀ ਵੱਡੀ ਤਾਦਾਦ ਵਿੱਚ ਜੱਜਾਂ ਦੀ ਕਮੀ, ਲੱਖਾਂ ਦੀ ਗਿਣਤੀ ਵਿੱਚ ਕੇਸਾਂ ਦਾ ਸੁਣਵਾਈ ਅਧੀਨ ਹੋਣਾ, ਸਰਕਾਰ ਲਈ ਇਸ ਦਾ ਅਹਿਮ ਹੱਲ ਲੱਭਣਾ, ਇਸ ਦੀ ਨਿਰਪੱਖਤਾ ਤੇ ਅਜਾਦ ਹੋਂਦ ਨੂੰ ਬਰਕਰਾਰ ਰੱਖਣਾ ਮੁੱਖ ਜਿੰਮੇਵਾਰੀ ਹੈ ਤਾਂ ਜੋ ਲੋਕਾਂ ਨੂੰ ਆਪਣੀ ਕਨੂੰਨੀ ਪ੍ਰਕਿਰਿਆ ਤੇ ਵਿਸਵਾਸ਼ ਬਣ ਸਕੇ। ਨਿਆਂਪਾਲਿਕਾ ਦੀ ਅਸਥਰਿਤਾ ਦੇਸ਼ ਦੀ ਸਥਿਰਤਾ ਤੇ ਵੀ ਪ੍ਰਸ਼ਨ ਚਿੰਨ ਖੜਾ ਕਰਦੀ ਹੈ। ਜੱਜਾਂ ਦੀ ਵਰਤਮਾਨ ਸੰਖਿਆ ਮਾਤਰ ਉਨ੍ਹਾਂ ਮੁਕਦਮਿਆਂ ਨੂੰ ਹੀ ਸੁਣ ਸਕਦੀ ਹੈ ਜਿਹੜੇ ਨਵੇਂ ਦਾਇਰ ਹੁੰਦੇ ਹਨ। ਲੰਬਿਤ ਪਏ ਮੁਕਦਮਿਆਂ ਦੀ ਸੁਣਵਾਈ ਲਈ ਹੋਰ ਵਧੇਰੇ ਜੱਜਾਂ ਲੋੜੀਂਦੇ ਹਨ। ਇਸ ਸਮੇਂ ਜੱਜਾਂ ਉਪਰ ਕੰਮ ਦਾ ਭਾਰੀ ਬੋਝ ਹੈ। ਇਸ ਬੋਝ ਨੂੰ ਵੀ ਹਲਕਾ ਕੀਤਾ ਜਾਣਾ ਚਾਹੀਦਾ ਹੈ।

# ਦੇਵ ਹੇਅਰ ਤੇ ਇਜ਼ਾਬੇਲ ਮਾਰਟੀਨੇਜ਼ ਹੇਅਰ ਨੇ ਕਮਿਊਨਿਟੀ ਦੀ ਮਦਦ ਲਈ ਫੰਡ ਸ਼ੁਰੂ ਕੀਤਾ

ਸਰੀ, (ਹਰਦਮ ਮਾਨ)- ਦੇਵ ਹੇਅਰ ਅਤੇ ਇਜ਼ਾਬੇਲ ਮਾਰਟੀਨੇਜ਼ ਹੇਅਰ ਨੇ ਰੋਟਰੀ ਇੰਟਰਨੈਸ਼ਨਲ ਦੀ ਰੋਟਰੀ ਫਾਉਂਡੇਸ਼ਨ ਨਾਲ ਭਾਈਚਾਰੇ ਦੀ ਮਦਦ ਕਰਨ ਲਈ ਨੇਮਡ ਐਂਡੋਇਡ ਫੰਡ ਦੀ ਸ਼ੁਰੂਆਤ ਕੀਤੀ ਹੈ।

ਇਹ ਵਿਸ਼ਵ ਫੰਡ ਰੋਟਰੀ ਪੀਸ ਕੇਂਦਰਾਂ ਨੂੰ ਆਮ ਸਹਾਇਤਾ ਪ੍ਰਦਾਨ ਕਰਦਾ ਹੈ ਜਾਂ ਰੋਟਰੀ ਇੰਟਰਨੈਸ਼ਨਲ ਦੇ ਫੋਕਸ ਦੇ 7 ਖੇਤਰਾਂ ਵਿੱਚੋਂ ਇੱਕ ਵਿੱਚ ਵਿਸ਼ਵ ਭਰ ਵਿੱਚ ਵਿਕਸਤ ਇੱਕ ਗਲੋਬਲ ਗ੍ਰਾਂਟ ਲਈ ਆਮ ਸਹਾਇਤਾ ਪ੍ਰਦਾਨ ਕਰਦਾ ਹੈ। ਇਹਨਾਂ ਖੇਤਰਾਂ ਵਿਚ ਸ਼ਾਂਤੀ ਨਿਰਮਾਣ ਅਤੇ ਸੰਘਰਸ਼ ਦੀ ਰੋਕਥਾਮ / ਹੱਲ, ਬਿਮਾਰੀ ਦੀ ਰੋਕਥਾਮ ਅਤੇ ਇਲਾਜ, ਪਾਣੀ ਦੀ ਸਫਾਈ, ਮਾਵਾਂ ਅਤੇ



ਬਾਲ ਸਿਹਤ, ਬੁਨਿਆਦੀ ਸਿੱਖਿਆ ਅਤੇ ਸਾਖਰਤਾ, ਸਹਾਇਕ ਵਾਤਾਵਰਣ ਅਤੇ ਭਾਈਚਾਰਕ ਆਰਥਿਕ ਵਿਕਾਸ ਸ਼ਾਮਲ ਹਨ। ਕਮਾਈ ਦਾ ਸਿਰਫ਼ ਇੱਕ ਹਿੱਸਾ ਪ੍ਰੋਗਰਾਮ ਖਰਚ ਲਈ ਸਾਲਾਨਾ ਵਰਤਿਆ ਜਾਂਦਾ ਹੈ।

ਰੋਟਰੀ ਇੰਟਰਨੈਸ਼ਨਲ ਦੇ ਪ੍ਰਧਾਨ ਮਾਰੀਓ ਸੀਜ਼ਰ ਮਾਰਟਿਨਸ ਡੀ ਕੈਮਾਰਗੋ (2025-2026) ਅਤੇ ਪ੍ਰਧਾਨ ਹੋਲਗਰ ਨੈਕ (2020-2021) ਅਤੇ ਰੋਟਰੀ ਫਾਊਂਡੇਸ਼ਨ ਦੇ ਐਂਡੋਮੈਂਟ ਮੇਜਰ ਗਿਫਟਸ ਐਡਵਾਈਜ਼ਰ ਕੈਰੋਲ ਟਿਚਲਮੈਨ ਦੁਆਰਾ 21 ਸਤੰਬਰ, 2024 ਨੂੰ ਵਿਖੇ ਰੋਟਰੀ ਇੰਟਰਨੈਸ਼ਨਲ ਐਕਸ਼ਨ ਜ਼ੋਨ 28 ਅਤੇ 32 ਕਾਨਫਰੰਸ ਵਿਚ ਦੇਵ ਹੇਅਰ ਨੂੰ ਵਿਸ਼ੇਸ਼ ਐਂਡੋਮੈਂਟ ਪਿੰਨ ਭੇਟ ਕੀਤੇ ਗਏ।

# ਬੀ.ਸੀ. ਦੀ ਪ੍ਰਜਨਨ ਦਰ ਕੈਨੇਡਾ ’ਚੋਂ ਸਭ ਤੋਂ ਵੱਧ ਰਿਕਾਰਡ ਪੱਧਰ ’ਤੇ ਹੇਠਾਂ ਡਿੱਗੀ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਨੇ ਕੈਨੇਡਾ ਵਿੱਚ ਸਭ ਤੋਂ ਘੱਟ ਪ੍ਰਜਨਨ ਦਰ ਦਾ ਰਿਕਾਰਡ ਤੋੜ ਦਿੱਤਾ ਹੈ, ਜਿਥੇ ਹੁਣ ਪ੍ਰਜਨਨ ਦਰ ਸਿਰਫ ਇੱਕ ਬੱਚਾ ਪ੍ਰਤੀ ਔਰਤ ਤੱਕ ਪਹੁੰਚ ਗਈ ਹੈ। ਸਟੈਟਿਸਟਿਕਸ ਕੈਨੇਡਾ ਦੇ ਨਵੇਂ ਡਾਟਾ ਅਨੁਸਾਰ, 2023 ਵਿੱਚ ਕੈਨੇਡਾ ਦੀਆਂ ਪ੍ਰਜਨਨ ਦਰਾਂ 1.26 ਜਨਮ ਪ੍ਰਤੀ ਔਰਤ ਤੱਕ ਘਟ ਹੋਈ ਹੈ, ਜੋ ਕਿ 2022 ਵਿੱਚ 1.33 ਸੀ ਅਤੇ ਹੁਣ ਇਸ ਤੋਂ ਵੀ ਘਟ ਗਈ ਹੈ।

ਬੀਤੇ ਕੁਝ ਸਾਲਾਂ ਦੌਰਾਨ ਕੈਨੇਡਾ ਦੀ ਵਿਗੜੀ ਅਰਥ-ਵਿਵਸਥਾ, ਰਹਿਣ ਸਹਿਣ ਦੀਆਂ ਵਧੀਆਂ ਕੀਮਤਾਂ ਕਾਰਨ ਲੋਕਾਂ ਨੇ ਆਪਣੀਆਂ ਪਰਿਵਾਰਕ ਯੋਜਨਾਵਾਂ 'ਤੇ ਠੱਲ ਪਾਈ ਹੈ। ਲੋਕਾਂ ਦਾ ਕਹਿਣਾ ਹੈ ਕਿ ਕੈਨੇਡਾ ‘ਚ ਮਹਿੰਗਾਈ ਕਾਰਨ ਅਤੇ ਬੱਚੇ ਪੈਦਾ ਕਰਨ ਦਾ ਸਹੀ ਸਮਾਂ ਨਹੀਂ ਹੈ। ਇਕ ਸਟੈਟਕੈਨ ਦੀ ਸਟੱਡੀ, ਜੋ ਪਿਛਲੇ ਸਾਲ ਜਾਰੀ ਕੀਤੀ ਗਈ ਸੀ, ਵਿੱਚ ਇਹ ਦਰਸਾਇਆ ਗਿਆ ਸੀ ਕਿ ਨੌਜਵਾਨ ਵਰਗਾਂ ਦੇ ਪਰਿਵਾਰ ਬਨਾਉਣ ਦੇ ਫੈਸਲੇ ਨੂੰ ਟਾਲ ਰਹੇ ਹਨ।। ਨੌਜਵਾਨ ਮਹਿਲਾਵਾਂ ਵਿੱਚ ਬੱਚੇ ਪੈਦਾ ਕਰਨ ਦੀ ਰੁਚੀ ਘੱਟ ਹੋ ਰਹੀ ਹੈ, ਜਿਸ ਕਾਰਨ ਪ੍ਰਜਨਨ ਦਰਾਂ 'ਚ ਇਹ ਵੱਡੀ ਗਿਰਾਵਟ ਵੇਖਣ ਨੂੰ ਮਿਲੀ ਹੈ।




ਪ੍ਰਜਨਨ ਦਰਾਂ ਵਿੱਚ ਇਹ ਗਿਰਾਵਟ ਤੋਂ ਬਾਅਦ ਹੁਣ ਕੈਨੇਡਾ ਨੂੰ ਉਹਨਾਂ ਦੇਸ਼ਾਂ ਦੇ ਸਮੂਹ ਵਿੱਚ ਸ਼ਾਮਿਲ ਹੋ ਗਿਆ ਹੈ ਜਿਥੇ ਜਿਨ੍ਹਾਂ ਦੀ ਪ੍ਰਜਨਨ ਦਰ 1.3 ਤੋਂ ਘੱਟ ਹੈ, ਜਿਸ ਵਿੱਚ ਇਟਲੀ ਅਤੇ ਜਾਪਾਨ ਵੀ ਸ਼ਾਮਿਲ ਹਨ। ਪਰ ਕੈਨੇਡਾ ਦੇ ਸੂਬਿਆਂ ਦੀ ਗੱਲ ਕਰੀਏ ਤਾਂ ਬੀ.ਸੀ. ‘ਚ ਪ੍ਰਜਨਨ ਦਰ ਸਭ ਤੋਂ ਹੇਠਾ ਪਹੁੰਚ ਗਈ ਹੈ ਜਿਥੇ ਪ੍ਰਜਨਨ ਦਰਾਂ 1.26 ਹੈ। ਇਸ ਸਮੇਂ ਸਸਕੈਚਵਨ ਅਤੇ ਕਿਊਬਕ ਸੂਬਿਆਂ ‘ਚ ਪ੍ਰਜਨਨ ਦਰ ਸਭ ਤੋਂ ਵੱਧ 1.49 ਹੈ ਇਸ ਤੋਂ ਬਾਅਦ ਅਲਬਰਟਾ ਜਿਥੇ 1.45 ਪ੍ਰਜਨਨ ਦਰ ਹੈ। ਕੁਲ ਮਿਲਾ ਕੇ ਇਸ ਸਮੇਂ ਕੈਨੇਡਾ ਦੀ ਪ੍ਰਜਨਨ ਦਰ ਇੱਕ ਔਰਤ ਪ੍ਰਤੀ ਇੱਕ ਬੱਚੇ ‘ਤੇ ਪਹੁੰਚ ਗਈ ਹੈ।

ਸਥਾਨਕ ਸਰਕਾਰਾਂ ਅਤੇ ਅਧਿਕਾਰੀਆਂ ਨੂੰ ਇਸ ਮਾਮਲੇ 'ਤੇ ਧਿਆਨ ਦਿਉਣਾ ਚਾਹੀਦਾ ਹੈ, ਤਾਂ ਜੋ ਉਹ ਨਵੀਂ ਪਰਿਵਾਰਕ ਨੀਤੀਆਂ ਅਤੇ ਸਮਰਥਨ ਪ੍ਰੋਗ੍ਰਾਮਾਂ ਨੂੰ ਲਿਆਉਣ 'ਤੇ ਵਿਚਾਰ ਕਰ ਸਕਣ। ਇਸ ਤਰ੍ਹਾਂ, ਲੋਕਾਂ ਨੂੰ ਪਰਿਵਾਰ ਬਨਾਉਣ ਵਿੱਚ ਮਦਦ ਮਿਲ ਸਕਦੀ ਹੈ ਅਤੇ ਸਮਾਜਕ ਸੰਕਟਾਂ ਦਾ ਸਾਹਮਣਾ ਕਰਨ ਵਿੱਚ ਵੀ ਸਹਾਇਤਾ ਪ੍ਰਾਪਤ ਹੋ ਸਕਦੀ ਹੈ। This report was written by Ekjot Singh as part of the Local Journalism Initiative.

# ਅਮਰੀਕੀ ਬੰਦਰਗਾਹਾਂ ਦੀ ਹੜ੍ਹਤਾਲ ਦਾ ਕੈਨੇਡਾ 'ਤੇ ਵੱਡਾ ਅਸਰ ਪੈਣ ਦੀ ਸੰਭਾਵਨਾ




ਵੈਨਕੂਵਰ (ਏਕਜੋਤ): ਅਮਰੀਕੀ ਬੰਦਰਗਾਹਾਂ 'ਤੇ ਲਗਾਤਾਰ ਚੱਲ ਰਹੀ ਹੜ੍ਹਤਾਲ ਦਾ ਕੈਨੇਡਾ ਦੀ ਆਰਥਿਕਤਾ 'ਤੇ ਬਹੁਤ ਵੱਡਾ ਅਸਰ ਪੈਣ ਦੀ ਸੰਭਾਵਨਾ ਹੈ। ਇਹ ਹੜਤਾਲ ਅਮਰੀਕਾ ਦੀਆਂ ਪੂਰਬੀ ਅਤੇ ਪੱਛਮੀ ਬੰਦਰਗਾਹਾਂ 'ਤੇ ਵਰਕਰਾਂ ਦੀ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਹੈ। ਮਾਹਿਰਾਂ ਵਲੋਂ ਸੰਭਾਵਨਾ ਜਤਾਈ ਗਈ ਹੈ ਕਿ ਇਸ ਦਾ ਕੈਨੇਡਾ ਦੀ ਵਪਾਰ ਅਤੇ ਸਪਲਾਈ ਚੇਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੀ ਹੈ ਜੇਕਰ ਸਮਾਂ ਰਹਿੰਦੇ ਇਸ ਦਾ ਹੱਲ ਨਾ ਕੱਢਿਆ ਗਿਆ।

ਕੈਨੇਡਾ ਵਿੱਚ ਆਰਥਿਕ ਮਾਹਿਰਾਂ ਅਤੇ ਉਦਯੋਗਪਤੀਆਂ ਦਾ ਕਹਿਣਾ ਹੈ ਕਿ ਇਹ ਹੜਤਾਲ, ਖਾਸ ਕਰਕੇ ਰੋਜ਼ਾਨਾ ਜ਼ਰੂਰਤ ‘ਚ ਆਉਣ ਵਾਲੀਆਂ ਵਸਤਾਂ ਅਤੇ ਕੱਚੇ ਮਾਲ ਦੀ ਸਪਲਾਈ ਵਿੱਚ ਵਿਘਨ ਪਾ ਸਕਦੀ ਹੈ, ਜਿਸ ਨਾਲ ਕੈਨੇਡਾ ਦੇ ਕਈ ਉਦਯੋਗਾਂ 'ਤੇ ਨਕਾਰਾਤਮਕ ਅਸਰ ਪਵੇਗਾ।

ਇਹ ਹੜਤਾਲ ਖੇਤੀਬਾੜੀ ਤੋਂ ਲੈ ਕੇ ਮੈਨੂਫੈਕਚਰਿੰਗ ਅਤੇ ਰਿਟੇਲ ਸੈਕਟਰਾਂ ਤੱਕ ਦੇ ਕਾਰੋਬਾਰਾਂ ਲਈ ਇੱਕ ਵੱਡੀ ਚੁਣੌਤੀ ਬਣ ਸਕਦੀ ਹੈ।

ਮਾਹਿਰਾਂ ਨੇ ਕਿਹਾ, "ਇਹ ਹੜਤਾਲ ਕੈਨੇਡਾ ਲਈ ਘਾਤਕ ਅਸਰ ਵਾਲੀ ਸਿੱਧ ਹੋ ਸਕਦੀ ਹੈ, ਕਿਉਂਕਿ ਅਮਰੀਕੀ ਬੰਦਰਗਾਹਾਂ ਰਾਹੀਂ ਆਯਾਤ ਕੀਤੇ ਜਾਣ ਵਾਲੇ ਸਮਾਨ ਦਾ ਵੱਡਾ ਹਿੱਸਾ ਕੈਨੇਡਾ ਵਿੱਚ ਆਉਂਦਾ ਹੈ। ਜੇਕਰ ਹੜਤਾਲ ਲੰਬੇ ਸਮੇਂ ਤੱਕ ਚੱਲਦੀ ਰਹੀ ਤਾਂ ਸਪਲਾਈ ਚੇਨ ਵਿੱਚ ਵਿਘਨ ਆ ਸਕਦਾ ਹੈ, ਜਿਸ ਨਾਲ ਕੀਮਤਾਂ ਵਿੱਚ ਵਾਧਾ ਹੋਵੇਗਾ ਅਤੇ ਸਪਲਾਈ ਦੀ ਘਾਟ ਪੈ ਸਕਦੀ ਹੈ।"

ਇਸ ਹੜਤਾਲ ਦਾ ਸਭ ਤੋਂ ਵੱਧ ਪ੍ਰਭਾਵ ਵੈਨਕੂਵਰ, ਟੋਰਾਂਟੋ ਅਤੇ ਮੋਂਟਰੀਅਲ ਸਮੇਤ ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਹੋ ਸਕਦਾ ਹੈ, ਜਿੱਥੇ ਅਮਰੀਕੀ ਬੰਦਰਗਾਹਾਂ ਰਾਹੀਂ ਆਉਣ ਵਾਲੇ ਸਮਾਨ ਦੀ ਬਹੁਤ ਜ਼ਰੂਰਤ ਹੈ। ਖਾਸ ਤੌਰ 'ਤੇ, ਇਲੈਕਟ੍ਰਾਨਿਕਸ, ਕਪੜਾ, ਅਤੇ ਹੋਰ ਰੋਜ਼ਾਨਾ ਜ਼ਰੂਰਤ ‘ਚ ਆਉਣ ਵਾਲੀਆਂ ਵਸਤੂਆਂ ਦੀ ਸਪਲਾਈ ਬਹੁਤ ਪ੍ਰਭਾਵਿਤ ਹੋ ਸਕਦੀ ਹੈ। This report was written by Ekjot Singh as part of the Local Journalism Initiative.

ਸਫ਼ਾ 29 ਦਾ ਬਾਕੀ

## ਗੁਰੂ ਨਾਨਕ ਇੰਸਟੀਚਿਊਟ ਆਫ਼...

ਚਰਚਾ ਕੈਨੇਡੀਅਨ ਰਾਜਨੀਤੀ ਵਿਚ ਲੋਕਤੰਤਰ, ਗਲੋਬਲ/ਨੈਸ਼ਨਲ/ਲੋਕਲ ਬਾਰੇ ਹੋਈ ਜਿਸ ਵਿਚ ਯੂਨੀਵਰਸਿਟੀ ਆਫ਼ ਸਸਕੈਚਵਨ ਦੇ ਡਾ: ਬਲਜੀਤ ਸਿੰਘ, ਪੈਨਕੂਵਰ ਮੀਡੀਆ ਬੀ.ਸੀ. ਦੇ ਐਡੀਟਰ ਚਾਰਲੀ ਸਮਿੱਥ, ਬੀ.ਸੀ. ਕੋਰਟ ਆਫ ਅਪੀਲ ਦੇ ਸਾਬਕਾ ਮਾਨਯੋਗ ਜੱਜ ਵਾਲੀ ਉੱਪਲ, ਪ੍ਰੈਸ ਪ੍ਰੋਗਰੈਸ ਦੇ ਐਸੋਸੀਏਟਰ ਰਮਨੀਕ ਕੌਰ ਜੌਹਲ ਅਤੇ ਯੂ.ਬੀ.ਸੀ. ਦੇ ਅਨੂਪਇੰਦਰ ਸੰਧੂ ਭਮਰਾ ਨੇ ਵੱਡਮੁੱਲੇ ਵਿਚਾਰ ਰੱਖੇ। ਰਾਤਰੀ ਭੋਜ ‘ਤੇ ਕੈਨੇਡਾ ਤੇ ਐਮਰਜੈਂਸੀ ਮੰਤਰੀ ਹਰਜੀਤ ਸਿੰਘ ਸੱਜਣ ਵਿਸ਼ੇਸ਼ ਤੌਰ ‘ਤੇ ਸ਼ਾਮਲ ਹੋਏ।

ਦੂਜੇ ਦਿਨ ਦੀ ਸ਼ੁਰੂਆਤ ਕਾਨਫਰੰਸ ਦੇ ਕੋ-ਚੇਅਰ ਅਤੇ ਸਟੇਟ ਯੂਨੀਵਰਸਿਟੀ ਆਫ ਨਿਊਯਾਰਕ ਦੇ ਅਮੈਰੀਟਸ ਪ੍ਰੋਫੈਸਰ ਡਾ. ਸਤਪਾਲ ਸਿੰਘ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਡਾ. ਮਨਜੀਤ ਕੌਰ ਰਾਮਗੋਤਰਾ (ਫੈਕਲਟੀ ਮੈਂਬਰ, ਯੂਨੀਵਰਸਿਟੀ ਆਫ ਲੰਡਨ, ਯੂ.ਕੇ.) ਨੇ ਡੀਕੋਲੋਨਾਈਜਿੰਗ ਐਜੂਕੇਸ਼ਨ ਦੀ ਸ਼ਮੂਲੀਅਤ, ਨਵੀਨਤਾ ਅਤੇ ਸਿਰਜਣਾਤਮਕ ਸੋਚ ਦੇ ਸਥਾਨ ਬਾਰੇ ਆਪਣਾ ਵਿਸਥਾਰਿਤ ਪਰਚਾ ਪੜ੍ਹਿਆ। ਡਾ. ਹਰਪ੍ਰੀਤ ਸਿੰਘ (ਰਿਸਰਚ ਸਕਾਲਰ, ਹਾਰਵਰਡ ਯੂਨੀਵਰਸਿਟੀ, ਯੂ.ਐਸ.ਏ.) ਨੇ ਸਮਕਾਲੀ ਹੱਥ ਲਿਖਤ ਸਬੂਤਾਂ ਨਾਲ ‘ਜ਼ਫ਼ਰਨਾਮਾ’ ਦਾ ਪੁਨਰ ਨਿਰਮਾਣ ਬਾਰੇ ਖੋਜ ਪੱਤਰ ਪੇਸ਼ ਕੀਤਾ। ਡਾ. ਸਾਗਰਜੀਤ ਸਿੰਘ (ਪ੍ਰੈਕਟਿਸਿੰਗ ਫਿਜ਼ੀਸ਼ੀਅਨ ਐਂਡ ਰਿਸਰਚ ਸਕਾਲਰ, ਪਾਕਿਸਤਾਨ) ਨੇ ਪਾਕਿਸਤਾਨ ਵਿੱਚ ਬਾਗੜੀ ਸਿੱਖਾਂ ਦੀ ਤਰਸਯੋਗ ਹਾਲਤ, ਜੀਵਨ ਸੰਘਰਸ਼ ਨੂੰ ਬਿਆਨਦਿਆਂ ਵਿਸ਼ਵ ਭਰ ਦੀਆਂ ਸਿੱਖ ਸੰਸਥਾਵਾਂ ਨੂੰ ਮਦਦ ਕਰਨ ਲਈ ਪ੍ਰੇਰਿਆ। ਕਵੈਂਟਰੀ ਯੂਨੀਵਰਸਿਟੀ ਯੂ.ਕੇ. ਦੀ ਸਾਇਕਕੋਲੋਜਿਸਟ ਐਂਡ ਫੈਕਲਟੀ ਮੈਂਬਰ ਨਿਮਰਿਤਾ ਕੌਰ ਬਾਹੀਆ ਨੇ ਯੂ.ਕੇ. ਦੇ ਸਿੱਖ ਭਾਈਚਾਰੇ ਵਿਚ ਮਾਨਸਿਕ ਸਿਹਤ ਦੀਆਂ ਵਧ ਰਹੀਆਂ ਸਮੱਸਿਆਵਾਂ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ। ਡਾ. ਪਰਮਜੀਤ ਕੌਰ ਨੇ ਆਪਣੇ ਖੋਜ ਪੱਤਰ ਰਾਹੀਂ ਸਿੱਖੀ ਅਤੇ ਇਸ ਦੇ ਤੱਤ ਨੂੰ ਪਰਿਭਾਸ਼ਤ ਕਰਦਿਆਂ ਜੀ.ਐਨ.ਆਈ. ਦੇ ਵਿਦਿਅਕ ਕਾਰਜ ਨੂੰ ਉਜਾਗਰ ਕੀਤਾ।

ਡਾ. ਪ੍ਰਭਲੀਨ ਕੌਰ ਸੰਧੂ (ਸੁਪਰਵਾਈਜ਼ਡ ਸਾਇਕੋਲੋਜੀ ਪ੍ਰੈਕਟੀਸ਼ਨਰ, ਕੈਨੇਡਾ), ਡਾ. ਗੁਰਵਿੰਦਰ ਵਾਰੀਆ (ਯੂ.ਬੀ.ਸੀ. ਡਿਪਾਰਟਮੈਂਟ ਆਫ ਸਾਈਕੈਟਰੀ, ਕੈਨੇਡਾ), ਲਵਲੀਨ ਕੌਰ ਵਾਲੀਆ (ਯੂ.ਬੀ.ਸੀ. ਸਟੂਡੈਂਟ ਅਤੇ ਫਾਊਂਡਰ, ਪ੍ਰੋਜੈਕਟ ਮਾਈਂਡ ਫਾਊਂਡੇਸ਼ਨ, ਕੈਨੇਡਾ), ਤੇਜਿੰਦਰ ਸਿੰਘ ਗਿੱਲ (ਯੂਥ ਵਰਕਰ, ਔਪਸ਼ਨਜ਼ ਕਮਿਊਨਿਟੀ ਸਰਵਿਸਿਜ਼, ਕੈਨੇਡਾ) ਅਤੇ ਕਵੈਂਟਰੀ ਯੂਨੀਵਰਸਿਟੀ ਯੂ.ਕੇ. ਦੀ ਸਾਇਕਕੋਲੋਜਿਸਟ ਐਂਡ ਫੈਕਲਟੀ ਮੈਂਬਰ ਨਿਮਰਿਤਾ ਕੌਰ ਬਾਹੀਆ ਨੇ ਹਰ ਇਕ ਲਈ ਪਰਿਵਾਰਕ ਮਾਨਸਿਕ ਸਿਹਤ ਦੀ ਮਹੱਤਤਾ ਬਾਰੇ ਗੰਭੀਰ ਵਿਚਾਰ ਚਰਚਾ ਕੀਤੀ। ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਤਿੰਨ ਵਿਦਿਆਰਥੀਆਂ ਜਸਮੀਨ ਕੌਰ ਸਿੱਧੂ, ਮਨਕੰਵਰ ਸਿੰਘ ਅਤੇ ਸਿਮਰ ਕੌਰ ਸ਼ੋਕਰ ਨੇ ਕ੍ਰਮਵਾਰ ਸਿੱਖਿਆ ਦੇ ਵਿਕੇਂਦਰੀਕਰਨ, ਯੂ.ਬੀ.ਸੀ. ਵਿਚ ਸਿੱਖ ਵਿਦਿਆਰਥੀਆਂ ਵੱਲੋਂ ਨਿਭਾਈ ਜਾ ਰਹੀ ਲੰਗਰ ਸੇਵਾ ਅਤੇ ਕੇਨੇਡਾ ਵਿਚ ਮਕਾਨਾਂ ਦੀ ਗੰਭੀਰ ਸਮੱਸਿਆ ਦੇ ਹੱਲ ਲਈ ਸਾਰਥਿਕ ਵਿਚਾਰ ਪੇਸ਼ ਕੀਤੇ।

ਅੰਤ ਵਿਚ ਹੋਈ ਵਿਚਾਰ ਚਰਚਾ ਵਿਚ ਜੀ.ਐਨ.ਆਈ. ਦੇ ਪ੍ਰਧਾਨ ਅਤੇ ਸੀ.ਈ.ਓ. ਗਿਆਨ ਸਿੰਘ ਸੰਧੂ, ਡਾ. ਸਤਬੀਰ ਸਿੰਘ (ਐਸੋਸੀਏਟ ਪ੍ਰੋਫੈਸਰ, ਐਂਗਲੋ ਸਟੇਟ ਯੂਨੀਵਰਸਿਟੀ, ਟੈਕਸਾਸ, ਯੂ.ਐਸ.ਏ.), ਡਾ. ਬਲਜੀਤ ਸਿੰਘ (ਵਾਈਸ ਪ੍ਰੈਜ਼ੀਡੈਂਟ ਰਿਸਰਚ, ਯੂਨੀਵਰਸਿਟੀ ਆਫ ਸਸਕੈਚਵਨ, ਕੈਨਡਾ), ਡਾ. ਸਤਵਿੰਦਰ ਕੌਰ ਬੈਂਸ (ਯੂਨੀਵਰਸਿਟੀ ਆਫ ਫਰੇਜ਼ਰ ਵੈਲੀ, ਕੈਨੇਡਾ) ਅਤੇ ਡਾ. ਕ੍ਰਿਸ ਨੇ ਸਥਾਪਿਤ ਕੀਤੀ ਜਾਣ ਵਾਲੀ ਗੁਰੂ ਨਾਨਕ ਯੂਨੀਵਰਸਿਟੀ ਦੇ ਵੱਖ ਵੱਖ ਪਹਿਲੂਆਂ, ਚੁਣੌਤੀਆਂ, ਸੰਭਾਵਨਾਵਾਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ। ਗਿਆਨ ਸਿੰਘ ਸੰਧੂ, ਡਾ. ਕਮਲਜੀਤ ਕੌਰ ਸਿੱਧੂ, ਅਮਨਪ੍ਰੀਤ ਸਿੰਘ ਹੁੰਦਲ, ਗੁਰਜੀਤ ਕੌਰ ਬੈਂਸ, ਡਾ. ਜਤਿੰਦਰ ਸਿੰਘ ਬੱਲ, ਨੀਸ਼ਾ ਕੌਰ ਹੋਠੀ ਅਤੇ ਸੰਸਥਾ ਦੀ ਸਮੁੱਚੀ ਟੀਮ ਦੀ ਮਿਹਨਤ, ਸਮੱਰਪਿਤ ਭਾਵਨਾ, ਦੂਰ-ਅੰਦੇਸ਼ੀ ਅਤੇ ਯਤਨਾਂ ਸਦਕਾ ਇਹ ਦੋ ਦਿਨਾਂ ਅੰਤਰਰਾਸ਼ਟਰੀ ਸਿੱਖ ਖੋਜ ਸਿੱਖ ਭਾਈਚਾਰੇ ਵਿਚ ਕਈ ਗੰਭੀਰ ਮੁੱਦਿਆਂ ਨੂੰ ਉਜਾਗਰ ਕਰਨ ਵਿਚ ਸਫ਼ਲ ਰਹੀ। ਇਸ ਮੌਕੇ ਸਿੱਖ ਆਰਕਾਈਵਜ਼ ਆਫ ਕੈਨੇਡਾ ਵੱਲੋਂ ਲਾਈ ਦੁਰਲੱਭ ਚਿਤਰਾਂ, ਪੁਸਤਕਾਂ ਅਤੇ ਰਸਾਲਿਆਂ ਦੀ ਪ੍ਰਦਰਸ਼ਨੀ ਵੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਹੀ।

# fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

## LOWEST PRICES IN TOWN

THE SOUTH SURREY/WHITE ROCK FRUITICANA NOW OPEN AT 1812, 152ND ST.

### UNBEATABLE EXTRA SUPER SPECIAL

Yellow Onions 50 lbs
ਪੀਲੇ ਗੰਢੇ
$13.99 bag

### EXTRA SUPER SUPER SPECIAL

BC Long Hot Chili
ਬੀਸੀ ਕੌੜੀਆਂ ਮਿਰਚਾਂ
$1.88 lb

Green Cabbage BC
ਹਰੀ ਬੰਦ ਗੋਭੀ ਬੀਸੀ
88¢ lb

Cosmic Crisp Apples
ਕੋਸਮਿਕ ਕਰਿਸਪ ਸੇਬ
$1.39 lb

Green, Yellow & Orange Peppers
ਸ਼ਿਮਲਾ ਮਿਰਚਾਂ (ਹਰੀਆਂ, ਪੀਲੀਆਂ ਅਤੇ ਸੰਤਰੀ)
$1.49 lb

817 Basmati Rice 4 lbs
817 ਬਾਸਮਤੀ ਚੋਲ
$5.99 bag

Roasted Peanuts in Shell 800 g
ਭੁੱਜੀ ਮੂੰਗਫਲੀ
$3.88 pkg.

## 98¢ SALE

Zucchini Squash
ਜ਼ੁਕੀਨੀ ਸਕੁਐਸ਼
98¢ lb

Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
98¢ lb

BC Gala Apples
ਗਾਲਾ ਸੇਬ ਬੀਸੀ
98¢ lb

Chickpeas
ਚਿੱਟੇ ਛੋਲੇ
98¢ lb

Red Lentil Split or Whole
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ
98¢ lb

EXTRA SUPER SPECIAL
Jumbo Cauliflower
ਵੱਡਾ ਗੋਬੀ ਦਾ ਫੁੱਲ
$2.99 ea.

SUPER SPECIAL
Red Onions 25 lbs
ਲਾਲ ਗੰਢੇ
$19.98 bag

SUPER SPECIAL
Long Eggplants
ਲੰਬੇ ਬਤਾਉਂ
$1.49 lb

SUPER SPECIAL
Desi Karela
ਦੇਸੀ ਕਰੇਲਾ
$1.99 lb

SUPER SPECIAL
Cilantro
ਧਣੀਆ
2 bunches for 98¢ lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

Rooh Afza Indian 750 ml
ਰੂਹ ਅਫਜ਼ਾ
$3.99 bottle

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
(ਇੰਡੀਕੈਨ)
$3.98 bag

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag

Aashirvaad Atta 20 lbs
ਆਸ਼ੀਰਵਾਦ ਹੋਲਵ੍ਹੀਟ ਆਟਾ
$15.99 bag

Product images may differ from the actual product.

**Fri Oct 04, 2024 - Wed Oct 09, 2024**

We reserve the right to limit the quantities while they last

**Specials valid for Lower Mainland only**

Disclaimer: We reserve the right to add restrictions on products with a minimum purchase

23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 9 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |